28-OCT-PAGE-1.qxd 10/27/2023 10:18 PM Page 1

ਸ਼ਨੀਵਾਰ, 28 ਅਕਤੂਬਰ, 2023
12 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 148

# ਨਵਾਂ ਜ਼ਮਾਨਾ

DAILY NAWAN ZAMANA • SATURDAY, 28 OCTOBER, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਧੱਕੇਸ਼ਾਹੀ ਖਿਲਾਫ਼ ਪਹਿਲੀ ਤੋਂ ਪੰਜ ਤੱਕ ਚੇਤਨਾ ਮੁਹਿੰਮ ਤੇ ਛੇ ਨੂੰ ਡੀ ਸੀ ਦਫਤਰਾਂ ਅੱਗੇ ਰੋਸ ਪ੍ਰਦਰਸ਼ਨ

**ਲੁਧਿਆਣਾ (ਐੱਮ ਐੱਸ ਭਾਟੀਆ) :** ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਦੀ ਮੀਟਿੰਗ ਸ਼ੁੱਕਰਵਾਰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਡਾ. ਸਤਨਾਮ ਸਿੰਘ ਅਜਨਾਲਾ, ਕਿਰਨਜੀਤ ਸਿੰਘ ਸੇਖੋਂ, ਮਲੂਕ ਸਿੰਘ ਹੀਰਕੇ, ਬਲਦੇਵ ਸਿੰਘ ਨਿਹਾਲਗੜ੍ਹ ਅਤੇ ਹਰਜੀਤ ਸਿੰਘ ਰਵੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਪ੍ਰੈੱਸ ਨਾਲ ਸਾਂਝੇ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਪ੍ਰੈੱਸ ਦੀ ਆਜ਼ਾਦੀ ਨੂੰ ਦਬਾਉਣ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੀਤੇ ਮਹਾਨ ਇਤਿਹਾਸਕ ਅੰਦੋਲਨ ਉਪਰ ਚਿੱਕੜ ਉਛਾਲੀ ਕਰਕੇ ਕਿਸਾਨ ਆਗੂਆਂ ਨਾਲ ਕਿੜਾਂ ਕੱਢਣ ਲਈ ਬੀ ਜੇ ਪੀ ਦੀ ਮੋਦੀ ਸਰਕਾਰ ਵੱਲੋਂ ਨਿਊਜ਼ ਕਲਿੱਕ ਚੈਨਲ ਦੇ ਮਾਲਕ ਅਤੇ ਦਫਤਰ ਕਰਮਚਾਰੀਆਂ ਉਪਰ ਯੂ ਏ ਪੀ ਏ ਤਹਿਤ ਪਰਚਾ ਦਰਜ ਕਰਕੇ ਜੇਲ੍ਹ ਵਿੱਚ ਡੱਕਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਮੋਰਚੇ ਨੇ ਫੈਸਲਾ ਕੀਤਾ ਕਿ ਕੇਂਦਰ ਸਰਕਾਰ ਖਿਲਾਫ ਪੂਰੇ ਪੰਜਾਬ ਵਿੱਚ 1 ਤੋਂ 5 ਨਵੰਬਰ ਤੱਕ ਪਿੰਡਾਂ ਤੇ ਸ਼ਹਿਰਾਂ ਵਿੱਚ ਚੇਤਨਾ ਮੁਹਿੰਮ ਚਲਾਈ ਜਾਵੇਗੀ ਅਤੇ 6 ਨਵੰਬਰ ਨੂੰ ਡੀ ਸੀ ਦਫਤਰਾਂ ਸਾਹਮਣੇ ਵਿਸ਼ਾਲ ਇਕੱਠ ਕਰਕੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ ਤੇ ਐੱਫ ਆਰ ਆਈ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ ।

**ਰਾਜੇਵਾਲ ਨਾਲ ਏਕਤਾ ਲਈ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਸਹਿਮਤ**



ਮੋਰਚਾ ਮੰਗ ਕਰਦਾ ਹੈ ਕਿ ਨਿਊਜ਼ ਕਲਿੱਕ ਚੈਨਲ 'ਤੇ ਕੀਤਾ ਪਰਚਾ ਰੱਦ ਕੀਤਾ ਜਾਵੇ, ਯੂ ਏ ਪੀ ਏ ਦਾ ਕਾਨੂੰਨ ਵਾਪਸ ਲਿਆ ਜਾਵੇ ਅਤੇ ਸਰਕਾਰ ਸੰਯੁਕਤ ਕਿਸਾਨ ਮੋਰਚੇ ਵਿਰੁੱਧ ਸਾਜ਼ਿਸ਼ਾਂ ਕਰਨੀਆਂ ਬੰਦ ਕਰੇ। ਮੀਟਿੰਗ ਵਿੱਚ ਮੋਰਚੇ ਨੇ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਗੰਨੇ ਦਾ ਭਾਅ 450 ਰੁਪਏ ਪ੍ਰਤੀ ਕੁਇੰਟਲ ਐਲਾਨ ਕਰੇ ਅਤੇ ਗੰਨਾ ਕਾਸ਼ਤਕਾਰਾਂ ਦਾ ਪਿਛਲਾ ਬਕਾਇਆ ਤੁਰੰਤ ਦੇ ਕੇ 10 ਨਵੰਬਰ ਤੋਂ ਮਿੱਲਾਂ ਨੂੰ ਚਲਾਉਣ ਦਾ ਨੋਟੀਫਿਕੇਸ਼ਨ ਜਾਰੀ ਕਰੇ ਅਤੇ ਹੜ੍ਹਾਂ ਕਾਰਨ ਹੋਏ ਜਾਨੀ-ਮਾਲੀ ਅਤੇ ਫਸਲਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇ । ਸੰਯੁਕਤ ਕਿਸਾਨ ਮੋਰਚੇ ਨੇ ਪੰਜਾਬ ਸਰਕਾਰ ਨੂੰ 4 ਨਵੰਬਰ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ 4 ਨਵੰਬਰ ਤੱਕ ਇਸ ਦਾ ਕੋਈ ਹੱਲ ਨਾ ਕੱਢਿਆ ਤਾਂ ਮੋਰਚਾ ਅਗਲੀ ਮੀਟਿੰਗ ਲਗਾ ਕੇ 9 ਨਵੰਬਰ ਤੋਂ ਲਗਾਤਾਰ ਸੰਘਰਸ਼ ਕਰਨ ਲਈ ਮਜਬੂਰ ਹੋਵੇਗਾ । ਮੋਰਚੇ ਨੇ ਸਰਕਾਰ ਦੀਆਂ ਲਗਾਤਾਰ ਗਲਤ ਖੇਤੀ ਨੀਤੀਆਂ ਕਾਰਨ ਕਰਜ਼ੇ ਵਿਚ ਫਸੇ ਕਿਸਾਨਾਂ ਉੱਪਰ ਪੰਜਾਬ ਸਰਕਾਰ ਵੱਲੋਂ ਪਰਚੇ ਦਰਜ ਕਰਕੇ ਪ੍ਰੇਸ਼ਾਨ ਕਰਨ ਦੀ ਸਖਤ ਸ਼ਬਦਾਂ ਵਿੱਚ

● ਬਾਕੀ ਸਫ਼ਾ 2 'ਤੇ

## ਅਮਰੀਕਾ ਵੱਲੋਂ ਸੀਰੀਆ 'ਚ ਈਰਾਨੀ ਗਾਰਡਾਂ 'ਤੇ ਹਵਾਈ ਹਮਲੇ

### *ਗਾਜ਼ਾ 'ਤੇ ਹਮਲੇ ਕਰਵਾ ਕੇ ਨਹੀਂ ਬਚੇਗਾ ਅਮਰੀਕਾ : ਈਰਾਨ*

**ਵਾਸ਼ਿੰਗਟਨ :** ਅਮਰੀਕੀ ਫੌਜ ਨੇ ਪੂਰਬੀ ਸੀਰੀਆ ਵਿਚ ਈਰਾਨ ਦੀ ਰੈਵੋਲਿਊਸ਼ਨਰੀ ਗਾਰਡ ਕੋਰ ਦੇ ਦੋ ਟਿਕਾਣਿਆਂ 'ਤੇ ਸ਼ੁੱਕਰਵਾਰ ਤੜਕੇ ਹਵਾਈ ਹਮਲੇ ਕੀਤੇ। ਇਹ ਹਵਾਈ ਹਮਲੇ ਪਿਛਲੇ ਹਫਤੇ ਖੇਤਰ 'ਚ ਅਮਰੀਕੀ ਫੌਜੀ ਟਿਕਾਣਿਆਂ ਅਤੇ ਜਵਾਨਾਂ 'ਤੇ ਡਰੋਨ ਅਤੇ ਮਿਜ਼ਾਈਲ ਹਮਲਿਆਂ ਦੇ ਜਵਾਬ 'ਚ ਕਰਨ ਦਾ ਦਾਅਵਾ ਕੀਤਾ ਗਿਆ ਹੈ। ਪੈਂਟਾਗਨ ਮੁਤਾਬਕ ਅਮਰੀਕੀ ਹਵਾਈ ਹਮਲੇ ਖੇਤਰ 'ਚ ਨਾਜ਼ੁਕ ਸੰਤੁਲਨ ਬਣਾਈ ਰੱਖਣ ਲਈ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਦੇ ਦ੍ਰਿੜ੍ਹ ਇਰਾਦੇ ਨੂੰ ਦਰਸਾਉਂਦੇ ਹਨ। ਅਮਰੀਕਾ ਉਸ 'ਤੇ ਹਮਲਾ ਕਰਨ ਵਾਲੇ ਸ਼ੱਕੀ ਈਰਾਨ ਸਮਰਥਕ ਸਮੂਹਾਂ ਨੂੰ ਨਿਸ਼ਾਨਾ ਬਣਾਉਣਾ ਚਾਹੁੰਦਾ ਸੀ ਤਾਂ ਜੋ ਭਵਿੱਖ 'ਚ ਅਜਿਹੇ ਹਮਲਿਆਂ ਨੂੰ ਰੋਕਿਆ ਜਾ ਸਕੇ।



ਈਰਾਨੀ ਵਿਦੇਸ਼ ਮੰਤਰੀ ਸੰਯੁਕਤ ਰਾਸ਼ਟਰ ਮਹਾਸਭਾ ਦੇ ਵਿਸ਼ੇਸ਼ ਅਜਲਾਸ ਨੂੰ ਸੰਬੋਧਨ ਕਰਦੇ ਹੋਏ।

ਈਰਾਨ ਨੇ ਕਿਹਾ ਹੈ ਕਿ ਜੇ ਇਜ਼ਰਾਈਲ ਨੇ ਗਾਜ਼ਾ 'ਤੇ ਬੰਬਾਰੀ ਨਾ ਰੋਕੀ ਤਾਂ ਅਮਰੀਕਾ ਵੀ ਇਸਦੀ ਲਪੇਟ ਵਿਚ ਆ ਜਾਵੇਗਾ। ਈਰਾਨੀ ਵਿਦੇਸ਼ ਮੰਤਰੀ ਹੋਸੈਨ ਅਮੀਰ-ਅਬਦੁੱਲਾਹੀਆਨ ਨੇ ਸੰਯੁਕਤ ਰਾਸ਼ਟਰ ਮਹਾਸਭਾ ਦੇ ਵਿਸ਼ੇਸ਼ ਅਜਲਾਸ 'ਚ ਕਿਹਾ ਕਿ ਅਮਰੀਕਾ ਨੂੰ ਗਾਜ਼ਾ ਤੇ ਫਲਸਤੀਨ ਵਿਚ ਨਸਲਘਾਤ ਰੁਕਵਾਉਣਾ ਚਾਹੀਦਾ ਹੈ।

ਅਬਦੁੱਲਾਹੀਆਨ ਨੇ ਆਪਣੇ ਭਾਸ਼ਣ ਦੌਰਾਨ ਖਦਸ਼ਾ ਪ੍ਰਗਟਾਇਆ ਕਿ ਇਜ਼ਰਾਈਲ-ਹਮਾਸ ਜੰਗ ਭਵਿੱਖ 'ਚ ਅਮਰੀਕਾ ਤੇ ਈਰਾਨ ਵਿਚਾਲੇ ਸਿੱਧੇ ਸੰਘਰਸ਼ ਵਿਚ ਬਦਲ ਸਕਦੀ ਹੈ। ਉਨ੍ਹਾ ਕਿਹਾ—ਮੈਂ ਅਮਰੀਕਾ ਨੂੰ ਚਿਤਾਵਨੀ ਦੇਣਾ ਚਾਹੁੰਦਾ ਹਾਂ ਕਿ ਜੇ ਫਲਸਤੀਨ 'ਚ ਇੰਜ ਹੀ ਨਸਲਘਾਤ ਹੁੰਦਾ ਰਿਹਾ ਤਾਂ ਅਮਰੀਕਾ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਅਸੀਂ ਆਪਣੇ ਖੇਤਰ ਤੇ ਆਪਣੇ ਘਰਾਂ ਦੀ ਰਾਖੀ ਵਿਚ ਕੋਈ ਕਮੀ ਨਹੀਂ ਛੱਡਾਂਗੇ।

ਉਨ੍ਹਾ ਕਿਹਾ ਕਿ ਹਮਾਸ ਅਸਲ ਵਿਚ ਫਲਸਤੀਨ ਦੀ ਆਜ਼ਾਦੀ ਲਈ ਇਕ ਅੰਦੋਲਨ ਹੈ। ਉਨ੍ਹਾ 7 ਅਕਤੂਬਰ ਨੂੰ ਹਮਾਸ ਦੇ ਇਜ਼ਰਾਈਲ 'ਤੇ ਹਮਲੇ ਨੂੰ ਸਹੀ ਠਹਿਰਾਉਂਦਿਆਂ ਕਿਹਾ ਕਿ ਹਮਾਸ ਨੂੰ ਆਪਣੇ ਖੇਤਰ ਲਈ ਲੜਨ ਦਾ ਪੂਰਾ ਅਧਿਕਾਰ ਹੈ। ਇਸ ਲਈ ਲੋੜ ਪੈਣ 'ਤੇ ਹਿੰਸਾ ਦੀ ਵਰਤੋਂ ਵੀ ਗਲਤ ਨਹੀਂ ਹੈ। ਉਨ੍ਹਾ ਕਿਹਾ ਕਿ ਜੇ ਹਮਾਸ ਨੇ ਕੁਝ ਲੋਕਾਂ ਨੂੰ ਬੰਦੀ ਬਣਾਇਆ ਹੈ ਤਾਂ ਇਜ਼ਰਾਈਲ ਦੀਆਂ ਜੇਲ੍ਹਾਂ ਵਿਚ ਵੀ ਅਨੇਕਾਂ ਫਲਸਤੀਨੀ ਬੰਦ ਹਨ।

ਉਨ੍ਹਾ ਕਿਹਾ—ਹਮਾਸ ਬੰਦੀਆਂ ਨੂੰ ਛੱਡਣ ਲਈ ਤਿਆਰ ਹੈ। ਇਸਦੇ ਨਾਲ ਪੂਰੀ ਦੁਨੀਆ ਨੂੰ ਇਜ਼ਰਾਈਲ ਦੀਆਂ ਜੇਲ੍ਹਾਂ ਵਿਚ ਬੰਦ 6 ਹਜ਼ਾਰ ਫਲਸਤੀਨੀਆਂ ਨੂੰ ਛੁਡਾਉਣਾ ਚਾਹੀਦਾ ਹੈ। ਹਮਾਸ ਨੇ ਸਾਨੂੰ ਕਿਹਾ ਹੈ ਕਿ ਉਹ ਬੰਦੀਆਂ ਨੂੰ ਛੱਡਣ ਲਈ ਤਿਆਰ ਹੈ। ਈਰਾਨ ਕਤਰ ਤੇ ਤੁਰਕੀ ਨਾਲ ਮਿਲ ਕੇ ਇਸ ਮਾਨਵੀ ਕੰਮ ਵਿਚ ਆਪਣੀ ਭੂਮਿਕਾ ਨਿਭਾਉਣ ਲਈ ਤਿਆਰ ਹੈ।

## ਬੇਗ਼ਮ ਮੁਨੱਵਰ ਉਨ ਨਿਸਾ ਦਾ ਦੇਹਾਂਤ



**ਮਾਲੇਰਕੋਟਲਾ :** ਛੋਟੇ ਸਾਹਿਬਜ਼ਾਦਿਆਂ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਦੇ ਪਰਿਵਾਰ ਦੀ ਆਖਰੀ ਬੇਗ਼ਮ ਮੁਨੱਵਰ ਉਨ ਨਿਸਾ ਦੀ ਸ਼ੁੱਕਰਵਾਰ ਜਨਾਜ਼ੇ ਦੀ ਨਮਾਜ਼ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ। ਉਨ੍ਹਾ ਦੀ ਦੇਹ ਨੂੰ ਸ਼ਾਹੀ ਮਕਬਰਿਆਂ ਵਿਚ ਸਪੁਰਦ-ਏ-ਖਾਕ ਕੀਤਾ ਗਿਆ, ਜਿਥੇ ਨਵਾਬ ਸ਼ੇਰ ਮੁਹੰਮਦ ਖਾਨ ਦੀ ਕਬਰ ਮੌਜੂਦ ਹੈ। ਮਾਲੇਰਕੋਟਲਾ ਦੇ ਆਖਰੀ ਨਵਾਬ ਮਰਹੂਮ ਇਫ਼ਤਖਾਰ ਅਲੀ ਖਾਨ ਦੀ ਤੀਜੀ ਤੇ ਆਖਰੀ ਬੇਗ਼ਮ ਮੁਨੱਵਰ ਉਨ ਨਿਸਾ (103) ਦਾ ਕੁਝ ਦਿਨ ਬਿਮਾਰ ਰਹਿਣ ਮਗਰੋਂ ਸਵੇਰੇ ਪੰਜ ਵਜੇ ਸਥਾਨਕ ਹਜ਼ਰਤ ਹਲੀਮਾ ਹਸਪਤਾਲ ਵਿਖੇ ਦੇਹਾਂਤ ਹੋ ਗਿਆ ਸੀ।

## ਹਰਿਆਣਾ ਨੇ ਪੰਜਾਬ 'ਤੇ ਦੋਸ਼ ਮੜ੍ਹਿਆ

**ਗੁਰੂਗ੍ਰਾਮ :** ਹਵਾ ਪ੍ਰਦੂਸ਼ਣ ਦੀ ਸਮੱਸਿਆ ਉੱਤੇ ਦਿੱਲੀ, ਪੰਜਾਬ ਅਤੇ ਹਰਿਆਣਾ ਵਿਚਾਲੇ ਟਕਰਾਅ ਵਧ ਗਿਆ ਹੈ। ਹਰਿਆਣਾ ਨੇ ਅਜਿਹੀਆਂ ਤਸਵੀਰਾਂ ਜਾਰੀ ਕੀਤੀਆਂ ਹਨ, ਜਿਸ 'ਚ ਦਾਅਵਾ ਕੀਤਾ ਗਿਆ ਹੈ ਕਿ ਇਹ ਨੈਸ਼ਨਲ ਏਰੋਨਾਟਿਕਸ ਐਂਡ ਸਪੇਸ ਐਡਮਨਿਸਟ੍ਰੇਸ਼ਨ (ਨਾਸਾ) ਦੀਆਂ ਹਨ ਤੇ ਇਨ੍ਹਾਂ 'ਚ ਦਰਸਾਇਆ ਗਿਆ ਹੈ ਕਿ ਹਰਿਆਣਾ ਨਾਲੋਂ ਪੰਜਾਬ 'ਚ ਜ਼ਿਆਦਾ ਪਰਾਲੀ ਸਾੜੀ ਜਾ ਰਹੀ ਹੈ। ਤਸਵੀਰਾਂ ਮੁਤਾਬਕ 25 ਅਤੇ 26 ਅਕਤੂਬਰ ਨੂੰ ਪੰਜਾਬ 'ਚ ਹਰਿਆਣਾ ਨਾਲੋਂ ਪਰਾਲੀ ਸਾੜਨ ਦੀਆਂ ਦੁੱਗਣੀਆਂ ਘਟਨਾਵਾਂ ਹੋਈਆਂ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਈ ਵਾਰ ਹਰਿਆਣਾ 'ਚ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਦਿੱਲੀ 'ਚ ਪ੍ਰਦੂਸ਼ਣ ਵਧਾਉਣ ਦਾ ਜ਼ਿੰਮੇਵਾਰ ਦੱਸਿਆ ਹੈ। ਹੁਣ ਹਰਿਆਣਾ ਨੇ ਅੰਕੜੇ ਜਾਰੀ ਕਰਕੇ ਪੰਜਾਬ ਦੇ ਸਿਰ ਦੋਸ਼ ਮੜ੍ਹਿਆ ਹੈ।

## ਗ਼ਦਰੀ ਬਾਬਿਆਂ ਦੇ ਮੇਲੇ ਲਈ ਥਾਓਂ-ਥਾਈਂ ਲੱਗੀਆਂ ਵਰਕਸ਼ਾਪਾਂ

**ਜਲੰਧਰ (ਕੇਸਰ) :** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈੱਸ ਨੂੰ ਦੱਸਿਆ ਕਿ ਵਿਰਸਾ ਵਿਹਾਰ ਅੰਮ੍ਰਿਤਸਰ, ਮੁਹਾਲੀ, ਚੰਡੀਗੜ੍ਹ, ਨਗਰ ਅਤੇ ਮੋਗਾ ਵਿਖੇ ਝੰਡੇ ਦੇ ਗੀਤ ਅਤੇ ਨਾਟਕਾਂ ਦੀ ਤਿਆਰੀ ਲਈ ਚੱਲ ਰਹੀਆਂ ਵਰਕਸ਼ਾਪਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।



ਦਦੇਹਰ ਸਾਹਿਬ ਤੋਂ ਪੁੱਜੀ ਲੰਗਰ ਸਮੱਗਰੀ।

ਇਸ ਤੋਂ ਇਲਾਵਾ ਥਾਓਂ-ਥਾਈਂ ਗੀਤ-ਸੰਗੀਤ ਮੰਡਲੀਆਂ ਵੀ ਮੇਲੇ ਵਿੱਚ ਸੰਗੀਤ ਦੇ ਰੰਗ ਭਰਨ ਲਈ ਜ਼ੋਰਦਾਰ ਤਿਆਰੀਆਂ ਵਿੱਚ ਜੁਟੀਆਂ ਹੋਈਆਂ ਹਨ। ਮੇਲੇ ਲਈ ਦਦੇਹਰ ਸਾਹਿਬ (ਤਰਨ ਤਾਰਨ) ਸਮੂਹ ਨਗਰ ਨਿਵਾਸੀ ਲੰਗਰ ਦੀਆਂ ਸੇਵਾਵਾਂ ਭੇਟ ਕਰਨ ਦੇਸ਼ ਭਗਤ ਯਾਦਗਾਰ ਹਾਲ ਪੁੱਜੇ। ਕਮੇਟੀ ਦਦੇਹਰ ਸਾਹਿਬ ਨਗਰ ਤੋਂ ਆਏ ਲੋਕਾਂ ਦਾ ਮੇਲੇ 'ਚ ਸਨਮਾਨ ਕਰੇਗੀ।

ਦੇਸ਼ ਭਗਤ ਯਾਦਗਾਰ ਹਾਲ ਅੰਦਰ ਸ਼ੁੱਕਰਵਾਰ ਸਾਰਾ ਦਿਨ ਚਹਿਲ-ਪਹਿਲ, ਜੋਸ਼-ਖਰੋਸ਼ ਅਤੇ ਰੌਣਕਾਂ ਰਹੀਆਂ। ਮੇਲੇ ਦੀ ਸਫ਼ਲਤਾ ਲਈ ਚੱਲ ਰਹੀਆਂ ਤਿਆਰੀਆਂ ਵਿੱਚ ਟੀਮਾਂ ਲੱਗੀਆਂ ਰਹੀਆਂ। ਜੀ.ਟੀ. ਰੋਡ ਤੋਂ ਲੈ ਕੇ ਹਾਲ ਦੇ ਅੰਦਰ ਤੱਕ ਵਿਸ਼ੇਸ਼ ਕਰਕੇ ਚਿੱਤਰ ਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਲਾਉਣ ਲਈ ਢੁਕਵੇਂ ਪ੍ਰਬੰਧ ਕਰਨ ਲਈ ਸਾਰਾ ਦਿਨ ਜੰਗੀ ਪੱਧਰ 'ਤੇ ਕੰਮ ਹੋਇਆ।

ਪੰਡਾਲ, ਫਲੈਕਸਾਂ,

● ਬਾਕੀ ਸਫ਼ਾ 2 'ਤੇ

## ਪਿਤਾ ਨੂੰ ਹਸਪਤਾਲ ਪਹੁੰਚਾਉਣ ਲਈ 14 ਸਾਲਾ ਧੀ ਨੇ 35 ਕਿਲੋਮੀਟਰ ਰੇਹੜੀ ਚਲਾਈ

**ਭਦਰਕ :** ਓਡੀਸ਼ਾ ਦੇ ਭਦਰਕ ਜ਼ਿਲ੍ਹੇ 'ਚ 14 ਸਾਲਾ ਕੁੜੀ ਨੇ ਆਪਣੇ ਜ਼ਖਮੀ ਪਿਤਾ ਨੂੰ ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲ (ਡੀ ਐੱਚ ਐੱਚ) ਲਿਜਾਣ ਲਈ 35 ਕਿਲੋਮੀਟਰ ਰਿਕਸ਼ਾ ਰੇਹੜੀ ਨੂੰ ਖਿੱਚਿਆ। 23 ਅਕਤੂਬਰ ਦੀ ਘਟਨਾ ਦਾ ਖੁਲਾਸਾ ਉਦੋਂ ਹੋਇਆ, ਜਦੋਂ ਕੁਝ ਸਥਾਨਕ ਲੋਕਾਂ ਅਤੇ ਪੱਤਰਕਾਰਾਂ ਨੇ ਭਦਰਕ ਸ਼ਹਿਰ ਦੇ ਮੋਹਤਾਬ ਚੱਕ ਨੇੜੇ ਕੁੜੀ ਨੂੰ ਆਪਣੇ ਪਿਤਾ ਨੂੰ ਰੇਹੜੀ 'ਤੇ ਘਰ ਲਿਜਾਂਦਿਆਂ ਦੇਖਿਆ। ਪਿੰਡ ਨਦੀਗਨ ਦੀ ਸੁਜਾਤਾ ਸੇਠੀ (14) ਆਪਣੇ ਜ਼ਖਮੀ ਪਿਤਾ ਨੂੰ ਰਿਕਸ਼ਾ ਰੇਹੜੀ ਦੀ ਮਦਦ ਨਾਲ ਪਿੰਡ ਤੋਂ ਕਰੀਬ 14 ਕਿਲੋਮੀਟਰ ਦੂਰ ਧਾਮਨਗਰ ਹਸਪਤਾਲ ਲੈ ਕੇ ਗਈ। ਡਾਕਟਰਾਂ ਨੇ ਉਸ ਨੂੰ ਆਪਣੇ ਪਿਤਾ ਨੂੰ ਭਦਰਕ ਡੀ ਐੱਚ ਐੱਚ 'ਚ ਲੈ ਕੇ ਜਾਣ ਲਈ ਕਿਹਾ। ਇਸ ਤੋਂ

● ਬਾਕੀ ਸਫ਼ਾ 2 'ਤੇ

## ਗ੍ਰੀਨ ਪਟਾਕੇ ਹੀ ਚਲਾਉਣੇ ਪੈਣੇ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਵਾਤਾਵਰਣ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸ਼ੁੱਕਰਵਾਰ ਕਿਹਾ ਕਿ ਸੁਪਰੀਮ ਕੋਰਟ, ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸੂਬਾ ਸਰਕਾਰ ਗ੍ਰੀਨ ਪਟਾਕੇ ਚਲਾਉਣ ਨੂੰ ਉਤਸ਼ਾਹਤ ਕਰ ਰਹੀ ਹੈ। ਉਨ੍ਹਾ ਕਿਹਾ ਕਿ ਦੀਵਾਲੀ, ਗੁਰਪੁਰਬ, ਕ੍ਰਿਸਮਸ ਅਤੇ ਨਵੇਂ ਸਾਲ ਦੇ ਮੱਦੇਨਜ਼ਰ ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ ਸਿਰਫ ਗ੍ਰੀਨ ਪਟਾਕਿਆਂ ਦੀ ਆਗਿਆ ਦੇ ਰਿਹਾ ਹੈ। ਉਨ੍ਹਾ ਕਿਹਾ ਕਿ ਦੀਵਾਲੀ 'ਤੇ ਰਾਤ 8 ਤੋਂ 10 ਵਜੇ ਤੱਕ), ਗੁਰਪੁਰਬ 'ਤੇ ਤੜਕੇ 4 ਤੋਂ 5 ਵਜੇ ਤੱਕ ਅਤੇ ਰਾਤ 9 ਤੋਂ 10 ਵਜੇ ਤੱਕ, ਕ੍ਰਿਸਮਸ 'ਤੇ ਰਾਤ 11.55 ਤੋਂ 12.30 ਵਜੇ ਤੱਕ ਅਤੇ ਨਵੇਂ ਸਾਲ 'ਤੇ ਰਾਤ 11.55 ਵਜੇ ਤੋਂ 12.30 ਵਜੇ ਤੱਕ ਸਿਰਫ ਗ੍ਰੀਨ ਪਟਾਕੇ ਹੀ ਚਲਾਏ ਜਾ ਸਕਦੇ ਹਨ।

## ਅੱਜ-ਨਾਮਾ

ਵਟਸਐਪ ਕੰਮ ਦੀ ਚੀਜ਼ ਤਾਂ ਬੜੀ ਹੈ ਸੀ,
ਪੈ ਗਿਆ ਇਹਦੇ ਵੀ ਵਿੱਚ ਵਿਗਾੜ ਮੀਆਂ।
ਅਕਲ ਦੇ ਆਉਂਦੇ ਸੁਨੇਹੇ ਤਾਂ ਬੜੇ ਬੇਸ਼ੱਕ,
ਮਾੜੇ ਅਨਸਰਾਂ ਦੀ ਵੀ ਤਕੜੀ ਧਾੜ ਮੀਆਂ।
ਸ਼ਰਾਰਤੀ ਤੱਤ ਜਾਂ ਪੁੱਠੀ ਨੇ ਖਬਰ ਘੜਦੇ,
ਨੱਕੋ-ਨੱਕ ਹੁੰਦਾ ਈ ਭਰਿਆ ਸਾੜ ਮੀਆਂ।
ਯਾਰਾਂ-ਬੇਲੀਆਂ ਨਾਲ ਫਿਰ ਕਰਨ ਮੀਟਿੰਗ,
ਅੱਗੇ ਦੀ ਸਾਜ਼ਿਸ਼ ਦੇ ਕਰਨ ਜੁਗਾੜ ਮੀਆਂ।
ਥਾਂ ਉਥਾਂ ਫੈਲਦਾ ਧੂੰਆ ਫਿਰ ਸ਼ਾਮ ਤੀਕਰ,
ਬਣ ਜਾਏ ਸਿਰੇ ਦਾ ਸੱਚ ਇਹ ਗੱਪ ਮੀਆਂ।
ਲੱਗਦਾ ਲੜਨ ਆ ਕਈਆਂ ਨੂੰ ਸੱਪ ਮੀਆਂ,
ਕਹਿੰਦੇ ਫਿਰ ਦੇਣਾ ਫਲਾਣੇ ਨੂੰ ਨੱਪ ਮੀਆਂ।

-ਤੀਸ ਮਾਰ ਖਾਂ

## ਸਾਬਕਾ ਚੀਨੀ ਪ੍ਰਧਾਨ ਮੰਤਰੀ ਦੀ ਦਿਲ ਦੇ ਦੌਰੇ ਨਾਲ ਮੌਤ



**ਬੀਜਿੰਗ :** ਚੀਨ ਦੇ ਸਾਬਕਾ ਪ੍ਰਧਾਨ ਮੰਤਰੀ ਲੀ ਕੇਕਿਆਂਗ (68) ਦੀ ਵੀਰਵਾਰ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਲੀ 2013-23 ਤੱਕ ਚੀਨ ਦੇ ਦੂਜੇ ਨੰਬਰ ਦੇ ਨੇਤਾ ਸਨ ਅਤੇ ਨਿੱਜੀ ਕਾਰੋਬਾਰ ਦੇ ਹਮਾਇਤੀ ਸਨ, ਪਰ ਰਾਸ਼ਟਰਪਤੀ ਸ਼ੀ ਜਿਨਪਿੰਗ ਵੱਲੋਂ ਖੁਦ ਨੂੰ ਸਭ ਤੋਂ ਤਾਕਤਵਰ ਨੇਤਾ ਸਾਬਤ ਕਰਨ ਤੋਂ ਬਾਅਦ ਲੀ ਕੋਲ ਬਹੁਤ ਘੱਟ ਅਧਿਕਾਰ ਰਹਿ ਗਏ ਸਨ। ਉਹ ਸ਼ੰਘਾਈ 'ਚ ਰਹਿ ਰਹੇ ਸਨ। ਅੰਗਰੇਜ਼ੀ ਬੋਲਣ ਵਾਲੇ ਅਰਥਸ਼ਾਸਤਰੀ ਲੀ ਨੂੰ 2013 'ਚ ਉਸ ਸਮੇਂ ਦੇ ਕਮਿਊਨਿਸਟ ਪਾਰਟੀ ਦੇ ਨੇਤਾ ਹੂ ਜਿੰਤਾਓ ਦਾ ਉੱਤਰਾਧਿਕਾਰੀ ਮੰਨਿਆ ਜਾਂਦਾ ਸੀ, ਪਰ ਸੱਤਾ ਜਿਨਪਿੰਗ ਦੇ ਹੱਥ ਆ ਗਈ।




# ਅਸੀਂ ਇੱਕ ਪਰਵਾਰ ਹਾਂ, 'ਆਪ' ਦੀ ਪੰਜਾਬ ਇਕਾਈ ਸਭ ਤੋਂ ਮਿਹਨਤੀ ਟੀਮ : ਭਗਵੰਤ ਮਾਨ

## ਮੁੱਲਾਂਪੁਰ 'ਚ ਬਲਾਕ ਪ੍ਰਧਾਨਾਂ ਤੇ ਜ਼ਿਲ੍ਹਾ ਇੰਚਾਰਜਾਂ ਲਈ ਸਹੁੰ ਚੁੱਕ ਸਮਾਗਮ



**ਲੁਧਿਆਣਾ** : ਆਮ ਆਦਮੀ ਪਾਰਟੀ (ਆਪ) ਪੰਜਾਬ ਵੱਲੋਂ ਸ਼ੁੱਕਰਵਾਰ ਨੂੰ ਲੁਧਿਆਣਾ ਦੇ ਮੁੱਲਾਂਪੁਰ ਦਾਖਾ 'ਚ ਨਵੇਂ ਬਲਾਕ ਪ੍ਰਧਾਨਾਂ ਅਤੇ ਜ਼ਿਲ੍ਹਾ ਇੰਚਾਰਜਾਂ ਲਈ ਸਹੁੰ ਚੁੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਆਪ' ਪੰਜਾਬ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਮਾਨ, 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, 'ਆਪ' ਦੇ ਕੌਮੀ ਜਨਰਲ ਸਕੱਤਰ ਸੰਦੀਪ ਪਾਠਕ, 'ਆਪ' ਪੰਜਾਬ ਦੇ ਇੰਚਾਰਜ ਜਰਨੈਲ ਸਿੰਘ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਲਾਲਜੀਤ ਸਿੰਘ ਭੁੱਲਰ, ਹਰਭਜਨ ਸਿੰਘ ਈ ਟੀ ਓ, ਬ੍ਰਹਮ ਸ਼ੰਕਰ ਜਿੰਪਾ, ਅਮਨ ਅਰੋੜਾ, ਕੁਲਦੀਪ ਸਿੰਘ ਧਾਲੀਵਾਲ, ਲਾਲਚੰਦ ਕਟਾਰੂਚੱਕ, ਡਾ. ਬਲਜੀਤ ਕੌਰ, ਹਰਜੋਤ ਬੈਂਸ ਦੇ ਨਾਲ 'ਆਪ' ਵਿਧਾਇਕ, ਚੇਅਰਮੈਨ ਅਤੇ ਵਲੰਟੀਅਰ ਵੀ ਹਾਜ਼ਰ ਸਨ। 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਨੇ ਸਾਰੇ ਨਵੇਂ ਬਲਾਕ ਪ੍ਰਧਾਨਾਂ ਅਤੇ ਜ਼ਿਲ੍ਹਾ ਇੰਚਾਰਜਾਂ ਨੂੰ ਸਹੁੰ ਚੁਕਾਈ। ਉਨ੍ਹਾਂ ਨੇ ਪ੍ਰੋਗਰਾਮ 'ਚ ਸ਼ਾਮਲ ਆਗੂਆਂ ਅਤੇ ਵਲੰਟੀਅਰਾਂ ਨੂੰ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਆਪ' ਪੰਜਾਬ ਦੇ ਇੰਚਾਰਜ ਵਿਧਾਇਕ ਜਰਨੈਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਪਾਰਟੀ ਦੀ ਟੀਮ ਨੇ ਬਹੁਤ ਮਿਹਨਤ ਕਰਕੇ 2022 ਦੀਆਂ ਵਿਧਾਨ ਸਭਾ ਚੋਣਾਂ ਨੂੰ ਇਤਿਹਾਸਕ ਜਿੱਤ ਸੰਭਵ ਬਣਾਇਆ ਹੈ। ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਨੇ ਕਿਹਾ ਕਿ ਵਲੰਟੀਅਰਾਂ ਦੇ ਸਹਿਯੋਗ ਅਤੇ ਮਿਹਨਤ ਤੋਂ ਬਿਨਾਂ ਕੋਈ ਵੀ ਸਫਲਤਾ ਸੰਭਵ ਨਹੀਂ ਹੈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਇੱਕ ਪਰਵਾਰ ਹੈ। ਪੰਜਾਬ ਮੇਰਾ ਪਰਵਾਰ ਹੈ। ਅਸੀਂ ਪੰਜਾਬ 'ਚ ਸਿਆਸੀ ਤਬਦੀਲੀ ਲਿਆਉਣ ਲਈ ਤਨਦੇਹੀ ਨਾਲ ਮਿਹਨਤ ਕੀਤੀ ਹੁਣ ਸਾਨੂੰ ਆਪਣੇ ਦੇਸ਼ ਨੂੰ ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਤੋਂ ਮੁਕਤ ਕਰਨ ਲਈ ਹੋਰ ਵੀ ਮਿਹਨਤ ਕਰਨੀ ਪਵੇਗੀ। ਮਾਨ ਨੇ ਕਿਹਾ ਕਿ ਕੁਝ ਲੋਕ ਸੋਚਦੇ ਹਨ ਕਿ ਉਹ ਪਾਰਟੀ ਤੋਂ ਵੱਡੇ ਹਨ ਪਰ ਪਾਰਟੀ ਨੇ ਸਾਨੂੰ ਅਜਿਹਾ ਪਲੇਟਫਾਰਮ ਦਿੱਤਾ ਜਿਸ ਨੇ ਸਾਂਝੇ ਪਿਛੋਕੜ ਵਾਲੇ ਲੋਕਾਂ ਨੂੰ ਮੰਤਰੀ, ਵਿਧਾਇਕ ਅਤੇ ਚੇਅਰਮੈਨ ਬਣਾਇਆ। ਉਨ੍ਹਾਂ ਕਿਹਾ ਕਿ ਪ੍ਰਮਾਤਮਾ ਕਾਬਲ ਲੋਕਾਂ ਨੂੰ ਜ਼ਿੰਮੇਵਾਰੀਆਂ ਦਿੰਦਾ ਹੈ ਅਤੇ ਸਾਡੀ ਦੇਸ ਅਤੇ ਆਪਣੇ ਲੋਕਾਂ ਪ੍ਰਤੀ ਜ਼ਿੰਮੇਵਾਰੀ ਹੈ। ਸਾਨੂੰ ਇਸ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ।

# ਏਟਕ ਫਲਸਤੀਨੀਆਂ ਨਾਲ ਮਜ਼ਬੂਤੀ ਨਾਲ ਖੜ੍ਹੀ : ਅਮਰਜੀਤ ਕੌਰ

**ਲੁਧਿਆਣਾ (ਐੱਮ ਐੱਸ ਭਾਟੀਆ)** : ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦਾ ਪ੍ਰਤੀਨਿਧ ਮੰਡਲ ਨਵੀਂ ਦਿੱਲੀ ਸਥਿਤ ਫਲਸਤੀਨ ਰਾਜ ਦੇ ਦੂਤਾਵਾਸ ਵਿਖੇ ਰਾਜਦੂਤ ਕਾਮਰੇਡ ਅਦਨਾਨ ਮੁਹੰਮਦ ਜਾਬਰ ਹੈਜਾ ਨੂੰ ਮਿਲਿਆ ਤੇ ਏਟਕ ਵੱਲੋਂ ਫਲਸਤੀਨੀਆਂ ਨਾਲ ਮਜ਼ਬੂਤੀ ਅਤੇ ਏਕਤਾ ਨਾਲ ਖੜ੍ਹੇ ਹੋਣ ਦਾ ਭਰੋਸਾ ਦਿਵਾਇਆ। ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਕਿਹਾ ਕਿ ਏਟਕ ਫਲਸਤੀਨੀਆਂ ਵਿਰੁੱਧ ਇਜ਼ਰਾਈਲ ਦੇ ਰੰਗਭੇਦੀ ਅਤੇ ਮਨੁੱਖਤਾ ਵਿਰੁੱਧ ਅਪਰਾਧਾਂ ਦੀ ਨਿੰਦਾ ਕਰਦੀ ਹੈ।

ਸ਼ਾਂਤੀ ਬਹਾਲ ਕਰਨ, ਫਲਸਤੀਨ ਦੀ ਰੱਖਿਆ ਅਤੇ ਰਾਜ ਦੇ ਅਧਿਕਾਰਾਂ ਲਈ ਸੰਯੁਕਤ ਰਾਸ਼ਟਰ ਦੀ ਤੁਰੰਤ ਕਾਰਵਾਈ ਦੀ ਅਪੀਲ ਕਰਦੀ ਹੈ। ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ, ਭਾਰਤ ਵਿੱਚ 103 ਸਾਲ ਪੁਰਾਣੀ ਸੈਂਟਰਲ ਟਰੇਡ ਯੂਨੀਅਨ, ਜਿਸ ਦੀ ਮੈਂਬਰਸ਼ਿਪ 12 ਮਿਲੀਅਨ ਤੋਂ ਵੱਧ ਹੈ, ਫਲਸਤੀਨ ਦੇ ਲੋਕਾਂ ਨਾਲ ਏਕਤਾ ਦਾ ਸਭ ਤੋਂ ਭਾਵੁਕ ਸੰਦੇਸ਼ ਭੇਜਦੀ ਹੈ। ਸੰਕਟ ਦੀ ਇਸ ਘੜੀ ਵਿੱਚ ਅਸੀਂ ਤੁਹਾਡੇ ਨਾਲ ਹਾਂ। ਅਸੀਂ ਫਲਸਤੀਨ ਦੇ ਲੋਕਾਂ ਦੀ ਅਣਮਨੁੱਖੀ ਨਸਲਕੁਸ਼ੀ ਦੀ ਸਖਤ ਨਿੰਦਾ ਕਰਦੇ ਹਾਂ। ਅਸੀਂ ਇਜ਼ਰਾਈਲ ਦੇ ਸਮਰਥਨ ਵਿੱਚ ਖੜ੍ਹੇ ਸਾਮਰਾਜਵਾਦੀ ਦੇਸ਼ਾਂ ਦੇ ਅਸ਼ਲੀਲ ਗੱਠਜੋੜ ਦੀ ਸਖਤ ਨਿੰਦਾ ਕਰਦੇ ਹਾਂ।

ਗਾਜ਼ਾ ਉੱਤੇ ਇਜ਼ਰਾਈਲ ਦੀ ਬੰਬਾਰੀ ਇੱਕ ਨਸਲਕੁਸ਼ੀ ਹੈ। ਇਹ ਮਨੁੱਖਤਾ ਦੇ ਖਿਲਾਫ ਇੱਕ ਘੋਰ ਅਪਰਾਧ ਹੈ। ਇਹ ਇੱਕ ਅੰਤਰਰਾਸ਼ਟਰੀ ਅਪਰਾਧ ਹੈ, ਜਿਸ ਦਾ ਖਾਸ ਇਰਾਦਾ ਫਲਸਤੀਨੀਆਂ ਨੂੰ ਉਨ੍ਹਾਂ ਦੀ ਆਪਣੀ ਧਰਤੀ ਵਿੱਚ ਖਤਮ ਕਰਨਾ ਹੈ। ਇਜ਼ਰਾਈਲ 1948 ਵਿਚ ਹੋਏ ਸਮੂਹਿਕ ਕਤਲੇਆਮ ਅਤੇ ਦਹਾਕਿਆਂ ਤੋਂ ਫੌਜੀ ਕਬਜ਼ੇ ਵਿਚ ਫਲਸਤੀਨੀਆਂ ਦੇ ਉਜਾੜੇ ਤੋਂ ਲੈ ਕੇ ਜ਼ੁਲਮ ਅਤੇ ਨਸਲਕੁਸ਼ੀ ਦੇ ਇਸ ਅਪਰਾਧ ਨੂੰ ਅੰਜਾਮ ਦਿੰਦਾ ਰਿਹਾ ਹੈ। ਫਲਸਤੀਨੀਆਂ ਨੂੰ ਨਿਯੰਤਰਿਤ ਕਰਨ ਲਈ ਗਾਜ਼ਾ 'ਤੇ ਵਾਰ-ਵਾਰ ਫੌਜੀ ਹਮਲੇ, ਫਲਸਤੀਨ 'ਤੇ ਗੈਰ-ਕਾਨੂੰਨੀ ਕਬਜ਼ਾ ਅਤੇ ਅਧਿਕਾਰਤ ਇਜ਼ਰਾਈਲੀ ਬਿਆਨ ਜੋ ਫਲਸਤੀਨੀਆਂ ਦੇ ਖਾਤਮੇ ਦਾ ਸਪੱਸ਼ਟ ਤੌਰ 'ਤੇ ਸਮਰਥਨ ਕਰਦੇ ਹਨ, ਇਹ ਸਭ ਅੰਤਰਰਾਸ਼ਟਰੀ ਕਾਨੂੰਨਾਂ ਦੀ ਘੋਰ ਉਲੰਘਣਾ ਹੈ।

ਇਜ਼ਰਾਈਲੀ ਫੌਜ ਦੇ ਫਲਸਤੀਨੀਆਂ ਨੂੰ ਉੱਤਰੀ ਅਤੇ ਕੇਂਦਰੀ ਗਾਜ਼ਾ ਨੂੰ ਖਾਲੀ ਕਰਨ ਦੇ ਅਧਿਕਾਰਤ ਆਦੇਸ਼ 1948 ਦੀ ਗੂੰਜ, ਨਕਬਾ, ਤਬਾਹੀ ਦੇ ਰੂਪ ਵਿੱਚ ਗੂੰਜਦੇ ਹਨ, ਜਿਸ ਨੇ 15 ਹਜ਼ਾਰ ਤੋਂ ਵੱਧ ਫਲਸਤੀਨੀਆਂ ਨੂੰ ਮਾਰਿਆ ਅਤੇ ਉਨ੍ਹਾਂ ਨੂੰ ਤਬਾਹ ਕਰ ਦਿੱਤਾ। ਬੇਸਹਾਰਾ ਨਾਗਰਿਕਾਂ ਨੂੰ ਮਾਰਨਾ, ਬਿਜਲੀ ਕੱਟਣਾ, ਭੋਜਨ ਅਤੇ ਪਾਣੀ ਤੋਂ ਇਨਕਾਰ ਕਰਨਾ ਅਤੇ ਸਭ ਤੋਂ ਵੱਧ ਹਸਪਤਾਲਾਂ 'ਤੇ ਬੰਬਾਰੀ ਕਰਨਾ ਇਜ਼ਰਾਈਲੀ ਰਾਸ਼ਟਰ ਰਾਜ ਦੁਆਰਾ ਕੀਤੀ ਗਈ ਸਮੂਹਿਕ ਬੇਰਹਿਮੀ ਹੈ। ਇਹ ਵਹਿਸ਼ੀ ਅੱਤਵਾਦ ਹੈ। ਇਜ਼ਰਾਈਲ ਦੇ ਲਾਪਰਵਾਹੀ, ਗੈਰ-ਕਾਨੂੰਨੀ ਅਤੇ ਅਣਮਨੁੱਖੀ ਹਮਲੇ ਦੀ ਅੰਤਰਰਾਸ਼ਟਰੀ ਨਿੰਦਾ ਦੀ ਮੰਗ ਕੀਤੀ ਗਈ ਹੈ। ਵਰਲਡ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ ਦੇ ਬੈਨਰ ਹੇਠ ਦੁਨੀਆ ਭਰ ਦੀ ਮਜ਼ਦੂਰ ਜਮਾਤ ਫਲਸਤੀਨ ਦੇ ਲੋਕਾਂ ਨਾਲ ਬੇਮਿਸਾਲ ਏਕਤਾ ਵਿੱਚ ਖੜ੍ਹੀ ਹੈ। ਵਹਿਸ਼ੀ ਬਰਬਰਤਾ ਪੂਰੀ ਦੁਨੀਆ ਵਿੱਚ ਸਦਮੇ ਦੀਆਂ ਲਹਿਰਾਂ ਭੇਜ ਰਹੀ ਹੈ। ਮਨੁੱਖਤਾ ਵਿਰੁੱਧ ਇਹ ਅਪਰਾਧ ਖਤਮ ਹੋਣਾ ਚਾਹੀਦਾ ਹੈ। ਫਲਸਤੀਨੀਆਂ ਦਾ ਆਪਣੀ ਜ਼ਮੀਨ 'ਤੇ ਨਿਰਵਿਵਾਦ ਅਧਿਕਾਰ ਹੈ। ਏ.ਆਈ.ਟੀ.ਯੂ.ਸੀ. 1967 ਦੀਆਂ ਪਰਿਭਾਸ਼ਿਤ ਸਰਹੱਦਾਂ ਦੇ ਨਾਲ ਪੂਰਬੀ ਯੂਰੋਸ਼ਲਮ ਦੀ ਰਾਜਧਾਨੀ ਦੇ ਰੂਪ ਵਿੱਚ ਇੱਕ ਸੁਤੰਤਰ ਫਲਸਤੀਨ ਦੀ ਆਪਣੀ ਸਥਿਤੀ 'ਤੇ ਕਾਇਮ ਹੈ। ਇਸ ਤੋਂ ਫਲਸਤੀਨੀਆਂ ਨੂੰ ਇਨਕਾਰ ਨਹੀਂ ਕੀਤਾ ਜਾ ਸਕਦਾ। ਏਟਕ ਫਲਸਤੀਨ ਨਾਲ ਨਸਲੀ ਵਿਤਕਰੇ ਨੂੰ ਖਤਮ ਕਰਨ ਦੀ ਮੰਗ ਕਰਨ ਵਾਲੇ ਸਾਰੇ ਲੋਕਾਂ ਤੱਕ ਆਪਣੀ ਚਿੰਤਾ ਪ੍ਰਗਟ ਕਰਨ ਲਈ ਵਚਨਬੱਧ ਹੈ। ਗਾਜ਼ਾ 'ਤੇ ਹਮਲਾ ਸ਼ਾਂਤੀ ਬਹਾਲ ਕਰਨ ਲਈ ਖਤਮ ਹੋਣਾ ਚਾਹੀਦਾ ਹੈ ਅਤੇ ਸੰਯੁਕਤ ਰਾਸ਼ਟਰ ਨੂੰ ਫਲਸਤੀਨ ਦੇ ਲੋਕਾਂ ਦੇ ਸਵੈ-ਨਿਰਣੇ, ਰਾਸ਼ਟਰੀ ਆਜ਼ਾਦੀ ਅਤੇ ਪ੍ਰਭੂਸੱਤਾ ਦੇ ਅਟੁੱਟ ਅਧਿਕਾਰਾਂ ਦੀ ਪੁਸ਼ਟੀ ਕਰਨ ਲਈ ਇੱਕ ਦ੍ਰਿੜ ਕਦਮ ਚੁੱਕਣਾ ਚਾਹੀਦਾ ਹੈ।

### ਫਲਸਤੀਨੀ ਰਾਜਦੂਤ ਨੂੰ ਮਿਲ ਕੇ ਦਿੱਤਾ ਭਰੋਸਾ



## ਆਦਿ ਕਵੀ ਵਾਲਮੀਕਿ ਜਯੰਤੀ ਇਕ ਆਦਰਸ਼ ਉਤਸਵ : ਪ੍ਰਿੰ. ਜੀਨਮ ਗਰਗ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਸੰਸਥਾ ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲੀ ਬਾਘਾ ਪੁਰਾਣਾ ਵਿਖੇ ਵਾਲਮੀਕਿ ਜਯੰਤੀ ਦਾ ਪੁਰਬ ਮਨਾਇਆ ਗਿਆ। ਵਿਦਿਆਰਥੀਆਂ ਨੇ ਵਾਲਮੀਕਿ ਜੀ ਨਾਲ ਸਬੰਧਤ ਭਾਸ਼ਣ ਤੇ ਕਵਿਤਾਵਾਂ ਦੀ ਪੇਸ਼ਕਾਰੀ ਕੀਤੀ। ਸਕੂਲੀ ਦੇ ਪ੍ਰਿੰਸੀਪਲ ਮੈਡਮ ਜੀਨਮ ਗਰਗ ਨੇ ਕਿਹਾ ਕਿ ਵਾਲਮੀਕਿ ਜੀ ਨੇ ਮਹਾਂਕਾਵਿ 'ਰਮਾਇਣ' ਦੀ ਰਚਨਾ ਕੀਤੀ, ਜਿਸ ਦਾ ਭਾਰਤੀ ਸਾਹਿਤ ਵਿੱਚ ਅਮੂਰਤ ਯੋਗਦਾਨ ਹੈ। ਇਹ ਗ੍ਰੰਥ ਭਗਵਾਨ ਰਾਮ ਦੇ ਜੀਵਨ, ਆਦਰਸ਼ਾਂ ਤੇ ਵਿਚਾਰਾਂ ਨੂੰ ਦਰਸਾਉਂਦਾ ਹੈ। ਰਾਮਾਇਣ ਦੇ ਚਾਰ ਯੁੱਗਾਂ ਵਿੱਚ ਰਾਜਾ ਰਾਮ, ਸੀਤਾ, ਲਛਮਣ ਤੇ ਹਨੂੰਮਾਨ ਜੀ ਦੇ ਕਾਰਜੀ ਤੇ ਵਿਚਾਰਾਂ ਨੂੰ ਵਰਣਨ ਕੀਤਾ ਗਿਆ ਹੈ। ਮਨੋਜ ਕੁਮਾਰ ਨੇ ਇਸ ਸਮੇਂ ਦੱਸਿਆ ਕਿ ਵਾਲਮੀਕਿ ਜਯੰਤੀ ਇੱਕ ਅਵਸਰ ਹੈ, ਜਿਸ ਰਾਹੀਂ ਅਸੀਂ ਉਨ੍ਹਾਂ ਦੇ ਜੀਵਨ ਨੂੰ ਸਮਝਦੇ ਹਾਂ ਤੇ ਉਨ੍ਹਾਂ ਦੀ ਭਗਵਾਨ ਪ੍ਰਤੀ ਸ਼ਰਧਾ ਸਮਝਦੇ ਹਾਂ। ਵਾਲਮੀਕਿ ਜਯੰਤੀ ਭਾਰਤੀ ਸੱਭਿਅਤਾ ਤੇ ਸੰਸਕ੍ਰਿਤੀ ਦੇ ਮਹੱਤਵਪੂਰਨ ਹਿੱਸੇ ਵਿਚ ਸਥਾਪਤ ਹੈ। ਚੇਅਰਮੈਨ ਤਰਸੇਮ ਲਾਲ ਗਰਗ ਨੇ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਵਿਸ਼ੇਸ਼ ਦਿਨ ਹੈ, ਜਦੋਂ ਅਸੀਂ ਉਨ੍ਹਾਂ ਦੇ ਆਦਰਸ਼ਾਂ ਤੇ ਸਿੱਖਿਆਵਾਂ ਦਾ ਪਾਲਨ ਕਰਦੇ ਹਾਂ ਅਤੇ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਦੇ ਹਾਂ। ਵਾਲਮੀਕਿ ਜੀ ਦਾ ਜੀਵਨ ਇੱਕ ਆਦਰਸ਼ ਜੀਵਨ ਹੈ, ਜੋ ਭਾਰਤੀ ਤੇ ਧਰਮ ਨੂੰ ਸਮਰਪਤ ਹੈ।

## ਕਮਿਸ਼ਨਰੇਟ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ 'ਪ੍ਰੌਮਿਸ ਕੱਪ'



**ਲੁਧਿਆਣਾ (ਰਾਜ ਸਿੰਗਲਾ)** : ਲੁਧਿਆਣਾ ਦੇ ਪੁਲਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਦੀ ਅਗਵਾਈ ਵਿੱਚ ਬੁੱਧਵਾਰ ਨੂੰ ਪਿੰਡ ਦੁਲੇਅ ਵਿਖੇ ਕਮਿਸ਼ਨਰੇਟ ਪੁਲਸ ਵੱਲੋਂ ਸ਼ੁਰੂ ਕੀਤੇ ਗਏ 'ਪ੍ਰੌਮਿਸ ਕੱਪ' ਨਾਮਕ ਇੱਕ ਵਿਲੱਖਣ ਪਹਿਲਕਦਮੀ ਦੌਰਾਨ ਸੈਂਕੜੇ ਨੌਜਵਾਨਾਂ ਨੇ ਨਸ਼ਿਆਂ ਵਿਰੁੱਧ ਲੜਾਈ ਲੜਨ ਦਾ ਪ੍ਰਣ ਲਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਇਸ ਤਿੰਨ ਦਿਨ ਚੱਲਣ ਵਾਲੇ ਕ੍ਰਿਕਟ ਕੱਪ ਦੀ ਸ਼ੁਰੂਆਤ ਲੋਕਾਂ ਨੂੰ ਇਸ ਖਤਰੇ ਵਿਰੁੱਧ ਜਾਗਰੂਕ ਕਰਨ ਲਈ ਕੀਤੀ ਗਈ ਹੈ, ਕਿਉਂਕਿ ਇਸ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ 32 ਟੀਮਾਂ ਤੇ ਦਰਸ਼ਕਾਂ ਨੇ ਅੱਗੇ ਵਧਣ ਲਈ ਨਸ਼ਿਆਂ ਤੋਂ ਦੂਰ ਰਹਿਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਬੰਦੂਕ ਸੱਭਿਆਚਾਰ ਤੇ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ ਤੋਂ ਦੂਰ ਰਹਿ ਕੇ ਆਪਣੇ ਜੀਵਨ ਵਿੱਚ ਬੰਦੂਕ ਸੱਭਿਆਚਾਰ ਨੂੰ ਖਾਤਮ ਕਰਨ ਦਾ ਪ੍ਰਣ ਲਿਆ ਹੈ। ਭਾਗੀਦਾਰਾਂ ਤੇ ਦਰਸ਼ਕਾਂ ਨੇ ਆਪੋ-ਆਪਣੇ ਇਲਾਕਿਆਂ ਵਿੱਚ ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਲ ਵਿਅਕਤੀਆਂ ਬਾਰੇ ਹਰ ਇੱਕ ਜਾਣਕਾਰੀ ਸਾਂਝੀ ਕਰਕੇ ਰੋਕਥਮ ਲਈ ਪੁਲਸ ਨਾਲ ਮਿਲ ਕੇ ਕੰਮ ਕਰਨ ਦਾ ਵਾਅਦਾ ਵੀ ਕੀਤਾ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸ੍ਰੀ ਸਿੱਧੂ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿੱਚ ਲੁਧਿਆਣਾ ਦੇ ਦਿਹਾਤੀ ਖੇਤਰਾਂ ਵਿੱਚੋਂ 32 ਟੀਮਾਂ ਨੇ ਭਾਗ ਲਿਆ ਹੈ ਤੇ ਨਸ਼ਿਆਂ ਵਿਰੁੱਧ ਲੜਨ ਦਾ ਇੱਕ ਸ਼ਕਤੀਸ਼ਾਲੀ ਮਿਸ਼ਨ ਹੈ। "ਪ੍ਰੌਮਿਸ ਕੱਪ" ਨਾਮ ਸਾਡੇ ਨੌਜਵਾਨਾਂ ਦੀ ਨਸ਼ਿਆਂ ਨੂੰ ਨਾਂਹ ਕਹਿਣ, ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨਾਲ ਸਹਿਯੋਗ ਕਰਨ, ਨਸ਼ਿਆਂ ਨਾਲ ਲੜ ਰਹੇ ਲੋਕਾਂ ਦਾ ਸਮਰਥਨ ਕਰਨ ਤੇ ਆਪਣੀ ਊਰਜਾ ਨੂੰ ਸਕਾਰਾਤਮਕ ਢੰਗ ਨਾਲ ਵਰਤਣ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਕ੍ਰਿਕਟ ਦੇ ਰੋਮਾਂਚ ਨੂੰ ਇੱਕ ਸ਼ਕਤੀਸ਼ਾਲੀ ਸੰਦੇਸ਼ ਦੇ ਨਾਲ ਜੋੜਦੀ ਹੈ। ਪੁਲਸ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਕਮਿਸ਼ਨਰੇਟ ਪੁਲਸ ਨਸ਼ਿਆਂ ਵਿਰੁੱਧ ਸੰਦੇਸ਼ ਦੇਣ ਲਈ ਇੱਕ ਵੱਡੀ ਸਾਈਕਲ ਰੈਲੀ ਵੀ ਕਰਨ ਜਾ ਰਹੀ ਹੈ ਤਾਂ ਜੋ ਸਾਡੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਨਾਲ-ਨਾਲ ਇਸ ਮੁਹਿੰਮ ਨੂੰ ਲੋਕ ਲਹਿਰ ਦਾ ਰੂਪ ਦਿੱਤਾ ਜਾ ਸਕੇ। ਉਨ੍ਹਾਂ ਦੱਸਿਆ ਕਿ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਬਰਸੀ ਮੌਕੇ ਲੁਧਿਆਣਾ ਪੁਲਸ ਕਮਿਸ਼ਨਰੇਟ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਲਈ ਮੈਗਾ ਸਾਈਕਲ ਰੈਲੀ ਵੀ ਕੱਢੀ ਜਾਵੇਗੀ।

## ਬਲਾਕ ਝੁਨੀਰ ਦੇ ਪ੍ਰਾਇਮਰੀ ਪੱਧਰ ਦੇ ਸ਼ਤਰੰਜ ਮੁਕਾਬਲੇ ਸੰਪੰਨ

### *ਜ਼ਿਲ੍ਹੇ ਦੇ ਮੁਕਾਬਲਿਆਂ ਲਈ ਲਗਾਏ ਜਾਣਗੇ ਕੈਂਪ : ਰਣਜੀਤ ਸਿੰਘ*



**ਮਾਨਸਾ (ਪਮਾਰ)**-ਸਿੱਖਿਆ ਵਿਭਾਗ ਵੱਲੋਂ ਕਰਵਾਏ ਜਾ ਰਹੇ ਖੇਡ ਮੁਕਾਬਲਿਆਂ ਵਿੱਚੋਂ ਰਹਿੰਦੇ ਸ਼ਤਰੰਜ ਦੇ ਮੁਕਾਬਲੇ ਬਲਾਕ ਸਿੱਖਿਆ ਅਫਸਰ ਦੇ ਦਫਤਰ ਵਿਖੇ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਏ। ਇਨਾਮ ਵੰਡ ਸਮਾਰੋਹ ਦੌਰਾਨ ਬਲਾਕ ਖੇਡ ਅਫਸਰ ਰਣਜੀਤ ਸਿੰਘ ਵੱਲੋਂ ਇਨਾਮ ਤਕਸੀਮ ਕੀਤੇ ਗਈ। ਇਸ ਸਮੇਂ ਉਨ੍ਹਾ ਕਿਹਾ ਕਿ ਖੇਡਾਂ ਦਾ ਬੱਚਿਆਂ ਦੇ ਜੀਵਨ ਨੂੰ ਉੱਚਾ ਚੁੱਕਣ ਵਿੱਚ ਬਹੁਤ ਵੱਡਾ ਯੋਗਦਾਨ ਹੈ। ਖੇਡਾਂ ਨਾਲ ਹੀ ਬੱਚਿਆਂ ਦਾ ਸਰਵਪੱਖੀ ਵਿਕਾਸ ਸੰਭਵ ਹੈ। ਉਨ੍ਹਾਂ ਸਾਰੇ ਬੱਚਿਆਂ ਨੂੰ ਕਿਹਾ ਕਿ ਖੇਡਾਂ ਨੂੰ ਖੇਡ ਭਾਵਨਾ ਨਾਲ ਹੀ ਖੇਡਿਆ ਜਾਵੇ। ਇਸ ਨਾਲ ਆਪਸੀ ਭਾਈਚਾਰਕ ਸਾਂਝ ਤੇ ਮਿਲਵਰਤਨ ਦੇ ਗੁਣ ਪੈਦਾ ਹੁੰਦੇ ਹਨ। ਇਸ ਤੋਂ ਬਾਅਦ ਸ਼ਤਰੰਜ ਦੇ ਕਨਵੀਨਰ ਸੁਖਦੀਪ ਸਿੰਘ ਗਿੱਲ ਨੇ ਬਾਕੀ ਸਾਰੇ ਕਨਵੀਨਰਾਂ ਦਾ ਧੰਨਵਾਦ ਕਰਦੇ ਕਿਹਾ ਕਿ ਜਿਸ ਦੀ ਜਿਹੜੀ ਜਿਹੜੀ ਡਿਊਟੀ ਲਗਾਈ ਸੀ ਸਭ ਨੇ ਪੂਰੀ ਜ਼ਿੰਮੇਵਾਰੀ ਨਾਲ ਨਿਭਾਈ ਹੈ। ਲੜਕਿਆਂ ਵਿੱਚ ਸੈਂਟਰ ਚਹਿਲਾਂਵਾਲਾ ਪਹਿਲ ਤੇ ਸੈਂਟਰ ਟਾਹਲੀਆਂ ਦੂਜੇ ਸਥਨ 'ਤੇ ਰਿਹਾ। ਲੜਕੀਆਂ ਦੇ ਮੁਕਾਬਲੇ ਵਿੱਚ ਫਾਈਨਲ 'ਚ ਸੈਂਟਰ ਟਾਹਲੀਆਂ ਨੇ ਪਹਿਲਾ ਤੇ ਸੈਂਟਰ ਖਿਆਲੀ ਚਹਿਲਾਂਵਾਲੀ ਨੇ ਦੂਜਾ ਸਥਾਨ ਹਾਸਲ ਕੀਤਾ।

ਇਸ ਮੌਕੇ ਸੀ ਐੱਚ ਟੀ ਅਮਰਜੀਤ ਕੌਰ ਉੱਲਕ, ਕਾਲਾ ਸਿੰਘ ਉੱਡਤ ਭਗਤ ਰਾਮ, ਇਕਬਾਲ ਸਿੰਘ, ਅਮਰਜੀਤ ਸਿੰਘ, ਧਰਮ ਸਿੰਘ, ਗੁਰਕੀਰਤ ਸਿੰਘ, ਬਲਜਿੰਦਰ ਸਿੰਘ ਟਾਹਲੀਆਂ, ਚਰਨਜੀਤ ਕੌਰ, ਗੁਰਦੀਪ ਸਿੰਘ ਕਨਵੀਨਰ, ਜਗਜੀਵਨ ਸਿੰਘ ਐੱਚ ਟੀ, ਬੇਅੰਤ ਸਿੰਘ ਕੋਰਵਾਲਾ, ਕਰਮਜੀਤ ਸਿੰਘ, ਜਗਜੀਤ ਸਿੰਘ ਰਾਇਪੁਰ, ਸ਼ਾਂਤੀ ਦੇਵੀ ਸੀ ਐੱਚ ਟੀ ਅੱਕਾਂਵਾਲੀ ਤੇ ਆਪੋ ਆਪਣੀਆਂ ਟੀਮਾਂ ਨਾਲ ਆਏ ਅਧਿਆਪਕ ਤੇ ਬੱਚੇ ਵੀ ਹਾਜ਼ਰ ਸਨ।

## ਹਰ ਸਿੱਖ ਸ਼੍ਰੋਮਣੀ ਕਮੇਟੀ ਦਾ ਵੋਟਰ ਜ਼ਰੂਰ ਬਣੇ : ਖਾਲਸਾ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)** : ਹਲਕਾ ਧਰਮਕੋਟ ਵਿਖੇ ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂਆਂ ਨੇ ਵੀ ਵੱਡੇ ਪੱਧਰ 'ਤੇ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਉਨ੍ਹਾਂ ਵੱਲੋਂ ਵੀ ਇਹ ਤਕੀਦ ਕੀਤੀ ਜਾ ਰਹੀ ਹੈ ਕਿ ਜਿਸ ਤਰ੍ਹਾਂ ਕਿਸੇ ਸਰਕਾਰ ਬਣਾਉਣ ਲਈ ਵੱਡੇ ਵੱਡੇ ਬੋਰਡ ਜਾਂ ਫਿਰ ਸਲੋਗਨ ਵੋਟ ਬਣਾਉਣ ਲਈ ਲਗਾਏ ਜਾਂਦੇ ਹਨ, ਉਸੇ ਹੀ ਤਰਜ਼ 'ਤੇ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਲਈ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਖਾਲਸਾ, ਜੋ ਹਲਕਾ ਧਰਮਕੋਟ ਤੋਂ ਸ਼੍ਰੋਮਣੀ ਕਮੇਟੀ ਦੀ ਚੋਣ ਲੜਨ ਦੇ ਇੱਛਕ ਹਨ, ਨੇ ਦੱਸਿਆ ਕਿ ਉਨ੍ਹਾਂ ਵੱਲੋਂ ਬੀਤੇ ਦਿਨੀਂ ਵਰਕਰਾਂ ਨਾਲ ਮੀਟਿੰਗਾਂ ਵੀ ਕੀਤੀਆਂ ਗਈਆਂ ਹਨ, ਜਿਸ ਦਾ ਉਨ੍ਹਾਂ ਨੂੰ ਭਰਪੂਰ ਸਮਰਥਨ ਮਿਲ ਰਿਹਾ ਹੈ। ਉਨ੍ਹਾ ਕਿਹਾ ਕਿ ਹਰ ਸਿੱਖ ਦਾ ਫਰਜ਼ ਬਣਦਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਦਾ ਵੋਟਰ ਜ਼ਰੂਰ ਬਣੇ। ਉਨ੍ਹਾ ਕਿਹਾ ਕਿ ਧਰਮਕੋਟ ਵਿੱਚ ਉਨ੍ਹਾ ਨੇ ਜਗਜੀਤ ਸਿੰਘ, ਫਤਿਹਗੜ੍ਹ ਪੰਜਤੂਰ 'ਚ ਲਖਵਿੰਦਰ ਸਿੰਘ ਪਦਮ ਤੇ ਕੋਟ ਈਸੇ ਖਾਂ ਵਿੱਚ ਮਨੋਹਰ ਸਿੰਘ ਖਾਲਸਾ ਨੂੰ ਫਾਰਮ ਭਰਨ ਦੀ ਜ਼ਿੰਮੇਵਾਰੀ ਸੌਂਪੀ ਹੈ, ਜੇਕਰ ਕੋਈ ਖੁਦ ਵੀ ਫਾਰਮ ਭਰਨੇ ਚਾਹੁੰਦਾ ਹੈ ਤਾਂ ਉਨ੍ਹਾਂ ਨਾਲ ਉਹ ਤੁਰੰਤ ਸੰਪਰਕ ਕਰਕੇ ਫਾਰਮ ਲੈ ਸਕਦਾ ਹੈ।

## ਹਾਇਰ ਐਜੂਕੇਸ਼ਨ ਫੰਡ ਕਮੇਟੀ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਮਾਲੀ ਸਹਾਇਤਾ



**ਮਲੋਟ, (ਗੁਰਮੀਤ ਸਿੰਘ ਮੱਕੜ)** : ਸਥਾਨਕ ਡੀ.ਏ.ਵੀ. ਕਾਲਜ ਵਿਖੇ ਦੀ ਹਾਇਰ ਐਜੂਕੇਸ਼ਨ ਫੰਡ ਕਮੇਟੀ ਨੇ ਸ਼ਿਰਕਤ ਕੀਤੀ। ਇਹ ਕਮੇਟੀ ਗਰੀਬ ਵਿਦਿਆਰਥੀਆਂ ਨੂੰ ਵਿੱਦਿਆ ਹਾਸਲ ਕਰਨ ਵਿੱਚ ਆ ਰਹੀਆਂ ਆਰਥਿਕ ਤੰਗੀਆਂ ਨੂੰ ਧਿਆਨ ਵਿੱਚ ਰੱਖਦਿਆਂ ਆਰਥਿਕ ਸਹਾਇਤਾ ਦਿੰਦੀ ਹੈ। ਇਸ ਕਮੇਟੀ ਨੇ ਡੀ.ਏ.ਵੀ. ਕਾਲਜ ਦੇ ਵਿਦਿਆਰਥੀਆਂ ਦੀ ਸੂਚੀ ਮੰਗੀ ਸੀ, ਜੋ ਕਿ ਆਰਥਿਕ ਪੱਖੋਂ ਆਪਣੀ ਪੜ੍ਹਾਈ ਪੂਰੀ ਕਰਨ ਵਿੱਚ ਅਸਮਰੱਥ ਸਨ। ਕਾਲਜ ਦੇ ਪ੍ਰਿੰਸੀਪਲ ਸੁਭਾਸ਼ ਗੁਪਤਾ ਨੇ ਦੱਸਿਆ ਕਿ ਉਨ੍ਹਾਂ ਨੇ ਕੁੱਲ 40 ਵਿਦਿਆਰਥੀਆਂ ਦੀ ਸੂਚੀ ਇਸ ਸੰਸਥਾ ਨੂੰ ਭੇਜੀ ਸੀ। ਅੱਜ ਇਸ ਸੰਸਥਾ ਦੇ ਮੁੱਖ ਸਰਪ੍ਰਸਤ ਪ੍ਰੋਫੈਸਰ ਯਸ਼ਪਾਲ ਮੱਕੜ, ਸਰਪ੍ਰਸਤ ਸੁਦਰਸ਼ਨ ਕੁਮਾਰ ਜੱਗਾ, ਡਾ. ਮੇਘ ਰਾਜ ਗੋਇਲ, ਪ੍ਰੋ. ਰਾਜ ਕੁਮਾਰ ਗੋਇਲ, ਜੋਗਿੰਦਰ ਰਾਇ ਵਾਟਸ, ਰਾਕੇਸ਼ ਕੁਮਾਰ ਜੈਨ, ਹਰਵਿੰਦਰ ਸਿੰਘ ਸੀਚਾ, ਹਰੀਭਜਨ, ਪ੍ਰੋ. ਹਿਰਦੇਪਾਲ ਸਿੰਘ, ਸੁਖਦੇਵ ਸਿੰਘ, ਕ੍ਰਿਸ਼ਨ ਲਾਲ ਬਾਂਸਲ ਤੇ ਕਮੇਟੀ ਦੇ ਹੋਰ ਪਤਵੰਤੇ ਸੱਜਣਾਂ ਨੇ ਕਾਲਜ ਨੂੰ ਇੱਕ ਲੱਖ ਰੁਪਏ ਦੀ ਰਾਸ਼ੀ ਇਨ੍ਹਾਂ ਵਿਦਿਆਰਥੀਆਂ ਦੀ ਆਰਥਿਕ ਮੱਦਦ ਕਰਨ ਲਈ ਕਾਲਜ ਦੇ ਪ੍ਰਿੰਸੀਪਲ ਸੁਭਾਸ਼ ਗੁਪਤਾ ਨੂੰ ਸੌਂਪੀ। ਉਨ੍ਹਾਂ ਇਸ ਨੇਕ ਯੋਗਦਾਨ ਲਈ ਕਮੇਟੀ ਦੇ ਸਾਰੇ ਪਤਵੰਤੇ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਪਰਾਲੀ ਸਾੜੀ ਤਾਂ ਜ਼ਮੀਨ ਰਿਕਾਰਡ 'ਚ ਹੋਵੇਗੀ ਲਾਲ ਐਂਟਰੀ : ਡੀ ਸੀ

### *ਅਸਲਾ ਲਾਇਸੈਂਸ ਵੀ ਹੋਵੇਗਾ ਰੱਦ*

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ/ਕੁਲਭੂਸ਼ਨ ਚਾਵਲਾ)**-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਡਾ: ਰੂਹੀ ਦੁੱਗ ਆਈ ਏ ਐੱਸ ਨੇ ਜ਼ਿਲ੍ਹੇ ਦੇ ਕਿਸਾਨਾਂ ਵੱਲੋਂ ਪਰਾਲੀ ਪ੍ਰਬੰਧਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਕਿਸਾਨ ਵੀਰ ਪਰਾਲੀ ਨੂੰ ਸਾੜਨ ਦੀ ਬਜਾਏ ਇਸ ਦੇ ਖੇਤੀਬਾੜੀ ਵਿਭਾਗ ਵੱਲੋਂ ਸੁਝਾਏ ਤਰੀਕਿਆਂ ਨਾਲ ਇਸ ਦਾ ਨਿਪਟਾਰਾ ਕਰਕੇ ਕਣਕ ਦੀ ਬਿਜਾਈ ਕਰਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਰਾਲੀ ਕਿਸਾਨ ਲਈ ਸੱਮਸਿਆ ਨਹੀਂ ਸਗੋਂ ਉਸ ਦੀ ਜ਼ਮੀਨ ਦੀ ਖੁਰਾਕ ਹੈ। ਪਰਾਲੀ ਵਿੱਚ ਬਹੁਤਾਤ ਵਿੱਚ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਜੇਕਰ ਇਸ ਨੂੰ ਖੇਤ ਵਿੱਚ ਹੀ ਮਿਲਾ ਕੇ ਕਣਕ ਦੀ ਬਿਜਾਈ ਕੀਤੀ ਜਾਵੇ ਤਾਂ ਕਿਸਾਨਾਂ ਦੀ ਜ਼ਮੀਨ ਦੀ ਉਪਜਾਊ ਸ਼ਕਤੀ ਵਧੇਗੀ। ਉਨ੍ਹਾਂ ਕਿਹਾ ਕਿ ਇਸ ਦੇ ਪ੍ਰਬੰਧਨ ਲਈ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਮਸ਼ੀਨਾਂ ਉਪਲਬੱਧ ਕਰਵਾਈਆਂ ਗਈਆਂ ਹਨ ਤੇ ਇਸ ਸਬੰਧੀ ਕਿਸਾਨ ਖੇਤੀਬਾੜੀ ਵਿਭਾਗ ਨਾਲ ਰਾਬਤਾ ਕਰਕੇ ਉਪਲਬੱਧ ਮਸ਼ੀਨਾਂ ਦੀ ਜਾਣਕਾਰੀ ਲੈ ਸਕਦੇ ਹਨ। ਉਨ੍ਹਾ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਸਾੜਨ ਨਾ ਸਗੋਂ ਇਸ ਦਾ ਉਚਿਤ ਤਰੀਕੇ ਨਾਲ ਨਿਪਟਾਰਾ ਕਰਨ। ਡਿਪਟੀ ਕਮਿਸ਼ਨਰ ਨੇ ਨਾਲ ਹੀ ਕਿਹਾ ਕਿ ਜੇਕਰ ਕਿਸੇ ਨੇ ਪਰਾਲੀ ਨੂੰ ਅੱਗ ਲਗਾਈ ਤਾਂ ਕਾਨੂੰਨ ਆਪਣਾ ਕੰਮ ਕਰੇਗਾ। ਉਨ੍ਹਾ ਕਿਹਾ ਕਿ ਅਜਿਹੇ ਲੋਕਾਂ ਦੇ ਜ਼ਮੀਨੀ ਰਿਕਾਰਡ ਵਿੱਚ ਲਾਲ ਐਂਟਰੀ ਕੀਤੀ ਜਾਵੇਗੀ ਤੇ ਪਰਾਲੀ ਸਾੜਨ ਵਾਲਿਆਂ ਦੇ ਅਸਲਾ ਲਾਇਸੈਂਸ ਵੀ ਰੱਦ ਕਰ ਦਿੱਤੇ ਜਾਣਗੇ। ਉਨ੍ਹਾ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਵੱਲੋਂ ਲਗਾਤਾਰ ਪਿੰਡਾਂ 'ਚ ਕਿਸਾਨਾਂ ਨਾਲ ਰਾਬਤਾ ਕਰਕੇ ਉਨ੍ਹਾਂ ਨੂੰ ਪਰਾਲੀ ਪ੍ਰਬੰਧਨ ਲਈ ਸੁਧਰੀਆਂ ਤਕਨੀਕਾਂ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ।

## ਖੂਨ ਰਹਿਤ ਟਰਾਂਸਪਲਾਂਟੇਸ਼ਨ ਦਾ ਕੀਰਤੀਮਾਨ ਸਥਾਪਤ

**ਅੰਮ੍ਰਿਤਸਰ** : ਮਰੇਂਗੋ ਸਿਮਸ ਹਾਸਪਿਟਲ ਨੇ ਏਸ਼ੀਆ ਵਿੱਚ ਦਿਲ ਦਾ ਪਹਿਲਾ ਖੂਨ-ਰਹਿਤ ਟਰਾਂਸਪਲਾਂਟ ਕਰਕੇ ਦਿਲ ਦੇ ਟਰਾਂਸਪਲਾਂਟ ਵਿੱਚ ਇੱਕ ਬਹੁਤ ਵੱਡੀ ਉਪਲਬਧੀ ਪ੍ਰਾਪਤ ਕੀਤੀ ਹੈ। ਡਾ: ਧੀਰੇਨ ਸ਼ਾਹ ਡਾਇਰੈਕਟਰ - ਹਾਰਟ ਟਰਾਂਸਪਲਾਂਟ ਪ੍ਰੋਗਰਾਮ, ਮਰੇਂਗੋ ਸਿਮਸ ਹਾਸਪਿਟਲ ਦਾ ਕਹਿਣਾ ਹੈ ਕਿ ਖੂਨ ਚੜ੍ਹਾਉਣ ਦੀ ਲੋੜ ਦੇ ਬਗ਼ੈਰ ਦਿਲ ਦਾ ਟ੍ਰਾਂਸਪਲਾਂਟ ਦਿਲ ਦੀਆਂ ਸਰਜਰੀਆਂ ਵਿੱਚ ਇੱਕ ਸ਼ਾਨਦਾਰ ਉਪਲਬਧੀ ਨੂੰ ਦਰਸਾਉਂਦਾ ਹੈ। ਅਸੀਂ ਦਿਲ ਦੇ ਟਰਾਂਸਪਲਾਂਟ ਦੀ ਖੂਨ-ਰਹਿਤ ਤਕਨੀਕ ਨੂੰ ਅਪਨਾ ਕੇ ਹੀਮੋਸਟੈਸਿਸ ਸੈਂਟਰ ਆਫ ਐਕਸੀਲੈਂਸ ਦੀ ਸਥਾਪਨਾ ਕਰ ਰਹੇ ਹਾਂ। ਪੇਸ਼ੈਂਟ ਬਲੱਡ ਮੈਨੇਜਮੈਂਟ (ਪੀਬੀਐੱਮ) ਦਾ ਸਭ ਤੋਂ ਮਹੱਤਵਪੂਰਨ ਅਤੇ ਡਾਕਟਰੀ ਤੌਰ 'ਤੇ ਸਾਬਤ ਕੀਤਾ ਆਧਾਰ ਗੋਲ-ਡਾਇਰੈਕਟਡ ਬਲੀਡਿੰਗ ਮੈਨਜਮੈਂਟ (ਜੀਡੀਬੀਐੱਮ) ਹੈ।

## ਜ਼ਿਲ੍ਹਾ ਪੱਧਰੀ ਅਥਲੈਟਿਕਸ ਮੁਕਾਬਲਿਆਂ 'ਚ ਬਰੌਡਵੇ ਸਕੂਲ ਦੀ ਝੰਡੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ, ਬਲਵਿੰਦਰ ਵਜੀਦਕੇ)**-ਨਾਮਵਰ ਵਿੱਦਿਅਕ ਸੰਸਥਾ ਬਰੌਡਵੇ ਪਬਲਿਕ ਸਕੂਲ ਮਨਾਲ ਦੇ ਹੋਣਹਾਰ ਖਿਡਾਰੀਆਂ ਨੇ ਇੱਕ ਵਾਰ ਫੇਰ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ 'ਚ ਜਿੱਤ ਦਾ ਝੰਡਾ ਲਹਿਰਾਇਆ। ਸੰਸਥਾ ਦੇ ਪ੍ਰਿੰਸੀਪਲ ਮੁਹੰਮਦ ਆਰਿਫ ਸੈਫੀ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਐਥਲੈਟਿਕਸ ਮੁਕਾਬਲਿਆਂ 'ਚੋਂ ਏਕਮਜੋਤ ਸਿੰਘ ਦੂਸਰਾ ਸਥਾਨ 600 ਮੀਟਰ ਰੇਸ, ਪਹਿਲਾ ਸਥਾਨ 200 ਮੀਟਰ, ਸ਼ਾਟਪੁੱਟ 'ਚ ਅਨਹੱਦਪ੍ਰੀਤ ਕੌਰ ਦੂਸਰਾ ਸਥਾਨ, ਸੁਖਵੀਰ ਸਿੰਘ ਸ਼ਾਟਪੁੱਟ ਦੂਸਰਾ, ਡਿਸਕਸ ਥਰੋ ਨਵਪ੍ਰੀਤ ਕੌਰ ਦੂਸਰਾ ਸਥਾਨ, ਹਾਈਜੰਪ ਤਰਨਪ੍ਰੀਤ ਕੌਰ ਨੇ ਦੂਸਰਾ ਸਥਾਨ, 4×100 ਰਿਲੇਅ ਵਿੱਚ ਅਰਸ਼ਦੀਪ ਕੌਰ ਰਾਣੂ ਤੀਸਰਾ, 4×100 ਰਿਲੇਅ 'ਚ ਤੀਸਰਾ, ਹੈਮਰ ਥਰੋ 'ਚ ਤੀਸਰਾ ਅਤੇ 100 ਮੀਟਰ 'ਚ ਵੀ ਤੀਸਰਾ ਸਥਾਨ ਪ੍ਰਾਪਤ ਕਰਕੇ ਆਪਣੀ ਜਿੱਤ ਦਾ ਲੋਹਾ ਮੰਨਵਾਇਆ। ਸੰਸਥਾ ਦੇ ਪ੍ਰਿੰਸੀਪਲ ਮੁਹੰਮਦ ਆਰਿਫ ਸੈਫੀ ਨੇ ਸਰੀਰਕ ਸਿੱਖਿਆ ਅਧਿਆਪਕ ਮਿਸ ਪੂਨਮ, ਬਲੌਰ ਖਾਨ ਤੇ ਸਹਿਬਾਜ਼ ਖਾਨ ਅਤੇ ਜੇਤੂ ਹੋਣਹਾਰ ਖਿਡਾਰੀਆਂ ਨੂੰ ਜਿੱਤ ਦੀਆਂ ਵਧਾਈਆਂ ਦਿੱਤੀਆਂ। ਚੇਅਰਮੈਨ ਰਣਜੀਤ ਸਿੰਘ ਚੀਮਾ, ਡਾਇਰੈਕਟਰ ਨਵਰੀਤ ਕੌਰ ਚੀਮਾ ਨੇ ਖਿਡਾਰੀਆਂ ਦੀ ਮਾਣ ਮੱਤੀ ਪ੍ਰਾਪਤੀ ਉੱਪਰ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਨਸ਼ਾ ਤਸਕਰ ਦੀ 11 ਕਨਾਲ ਜ਼ਮੀਨ ਜ਼ਬਤ

**ਸਮਾਣਾ (ਇਕਬਾਲ ਸਿੰਘ ਬੱਲ)**- ਐਸ ਐਸ ਪੀ ਵਰੁਣ ਸ਼ਰਮਾ, ਐਸ ਪੀ ਡੀ ਹਰਬੀਰ ਸਿੰਘ ਅਟਵਾਲ, ਐਸ ਪੀ ਆਪਰੇਸ਼ਨ ਸੌਰਵ ਜਿੰਦਲ ਦੀ ਯੋਗ ਅਗਵਾਈ ਹੇਠ ਡੀ ਐਸ ਪੀ ਸਮਾਣਾ ਨੇਹਾ ਅਗਰਵਾਲ ਅਤੇ ਐਸ ਐਚ ਓ ਸਦਰ ਸਮਾਣਾ ਰੌਣੀ ਸਿੰਘ ਨੇ ਕਾਰਵਾਈ ਕਰਦਿਆ ਨਸ਼ਿਆਂ ਦੇ ਸੌਦਾਗਰ ਨਿਸ਼ਾਨ ਸਿੰਘ ਪੁੱਤਰ ਵੱਸਣ ਸਿੰਘ ਪਿੰਡ ਦਾਬਣ ਖੇੜੀ ਤਹਿਸੀਲ ਗੂਹਲਾ ਜ਼ਿਲ੍ਹਾ ਕੈਥਲ ਹਰਿਆਣਾ ਦੀ ਕਰੀਬ 11 ਕਨਾਲ ਜ਼ਮੀਨ ਨੂੰ ਜ਼ਬਤ ਕਰ ਲਿਆ। ਐਸ ਐਚ ਓ ਸਦਰ ਸਮਾਣਾ ਰੌਣੀ ਸਿੰਘ ਨੇ ਦੱਸਿਆ ਕਿ ਉਕਤ ਨਿਸ਼ਾਨ ਸਿੰਘ ਨਸ਼ਿਆਂ ਦਾ ਸੌਦਾਗਰ ਹੈ। ਉਸ ਖਿਲਾਫ ਐਨ ਡੀ ਪੀ ਐਸ ਐਕਟ ਤਹਿਤ ਹੈਵੀ ਰਿਕਵਰੀ ਦੇ ਚਾਰ ਕੇਸ ਚਲਦੇ ਹਨ। ਨਸ਼ੇ ਵੇਚ ਕੇ ਉਸ ਨੇ ਇਹ 11 ਕਨਾਲ ਜ਼ਮੀਨ ਬਣਾਈ ਹੈ ਜਿਸ ਕਰਕੇ ਐਨ ਡੀ ਪੀ ਐਸ ਐਕਟ 68 (2) ਤਹਿਤ ਕੰਪੀਟੈਂਟ ਅਥਾਰਟੀ ਤੋਂ ਪ੍ਰਾਪਰਟੀ ਜ਼ਬਤ ਕਰਨ ਦੇ ਹੁਕਮ ਪ੍ਰਾਪਤ ਕਰਕੇ ਨਿਸ਼ਾਨ ਸਿੰਘ ਦੀ 11 ਕਨਾਲ ਜ਼ਮੀਨ ਜ਼ਬਤ ਕੀਤੀ ਹੈ।

## ਟੈਕਨੀਕਲ ਸਰਵਿਸ ਯੂਨੀਅਨ ਸਬ ਡਵੀਜ਼ਨ ਦੀ ਮੀਟਿੰਗ

**ਮੱਖੂ (ਰਛਪਾਲ ਸਿੰਘ ਸੰਧੂ)**-ਟੈਕਨੀਕਲ ਸਰਵਿਸ ਯੂਨੀਅਨ ਸਬ ਡਵੀਜ਼ਨ ਮੱਖੂ ਦੀ ਮੀਟਿੰਗ ਸਾਥੀ ਸੁਖਵਿੰਦਰ ਸਿੰਘ ਘੁੱਦੂਵਾਲਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਜਿਸ ਵਿੱਚ ਡਵੀਜ਼ਨ ਪ੍ਰਧਾਨ ਸਾਥੀ ਸੁਖਦੇਵ ਸਿੰਘ ਲੁਹੋਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਵਿੱਚ ਸਬ ਡਵੀਜ਼ਨ ਮਖੂ ਦਫਤਰ ਵਿਖੇ ਸਟਾਫ ਦੀ ਘਾਟ ਸਬੰਧੀ ਵਿਚਾਰਾਂ ਕਰਦਿਆਂ ਆਗੂਆਂ ਨੇ ਕਿਹਾ ਕਿ ਸਬ ਡਵੀਜ਼ਨ ਮਖੂ ਦੇ ਬਿਜਲੀ ਦਫਤਰ ਵਿਖੇ ਮੁਲਾਜ਼ਮਾਂ ਦੀ ਘਾਟ ਕਾਰਨ ਦਫਤਰ ਆਉਣ ਵਾਲੇ ਖਪਤਕਾਰਾਂ ਨੂੰ ਕੰਮ ਕਰਵਾਉਣ ਲਈ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ। ਜਥੇਬੰਦੀ ਵੱਲੋਂ ਪਾਵਰਕਾਮ ਦੇ ਅਧਿਕਾਰੀਆਂ ਨੂੰ ਮੁਲਾਜ਼ਮਾਂ ਦੀ ਘਾਟ ਦਾ ਹੱਲ ਕਰਾਉਣ ਸਬੰਧੀ ਪੱਤਰ ਲਿੱਖ ਕੇ ਕਿਹਾ ਕਿ ਜੇਕਰ 30 ਅਕਤੂਬਰ ਤੱਕ ਸਾਡੀਆਂ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਜਥੇਬੰਦੀ ਸੰਘਰਸ਼ ਕਰਨ ਤੋਂ ਗੁਰੇਜ਼ ਨਹੀਂ ਕਰੇਗੀ। ਜਿਸ ਖਪਤਕਾਰ ਦਾ ਕੰਮ ਸਮੇਂ ਸਿਰ ਨਹੀਂ ਹੁੰਦਾ ਤਾਂ ਉਹ ਆਪਣਾ ਗੁੱਸਾ ਹਾਜ਼ਰ ਕਰਮਚਾਰੀਆਂ 'ਤੇ ਕੱਢਦਾ ਹੈ। ਇਸ ਮੌਕੇ ਪ੍ਰਤਾਪ ਸਿੰਘ, ਸਕੱਤਰ ਸੁਖਦੇਵ ਸਿੰਘ, ਸੁਰਿੰਦਰ ਸਿੰਘ, ਹਰਪ੍ਰੀਤ ਸਿੰਘ, ਉਪਦੇਸ਼ ਕੁਮਾਰ, ਬਲਵੀਰ ਸਿੰਘ, ਨਿਰਮਲ ਸਿੰਘ, ਲਵਪ੍ਰੀਤ ਸਿੰਘ, ਜੀਵਨਜੀਤ ਸਿੰਘ, ਰਸ਼ਪਾਲ ਸਿੰਘ ਸੰਧੂ ਸਕੱਤਰ ਆਦਿ ਹਾਜ਼ਰ ਹਨ।

## ਰਾਸ਼ਨ ਡੀਪੂ ਹੋਲਡਰ ਫੈਡਰੇਸ਼ਨ ਪੰਜਾਬ ਦੇ ਬਖਸ਼ੀਸ਼ ਸਿੰਘ ਮੁੱਖ ਸਲਾਹਕਾਰ ਬਣੇ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**:- ਸੁਖਵਿੰਦਰ ਸਿੰਘ ਕਾਂਝਲਾ ਸੂਬਾ ਪ੍ਰਧਾਨ ਅਤੇ ਸੰਤੋਖ ਸਿੰਘ ਸੂਬਾ ਜਨਰਲ ਸਕੱਤਰ ਰਾਸ਼ਨ ਡੀਪੂ ਫੈਡਰੇਸ਼ਨ ਪੰਜਾਬ ਵੱਲੋਂ ਪਹਿਲੀ ਸੂਬਾਈ ਬਾਡੀ ਨੂੰ ਭੰਗ ਕਰਦਿਆਂ ਹੋਇਆਂ ਇੱਕ ਨਵੀਂ ਲਿਸਟ ਜਾਰੀ ਕੀਤੀ ਗਈ ਜਿਸ ਵਿੱਚ ਪੰਜਾਬ ਪੱਧਰ ਦੇ 25 ਅਹੁਦੇਦਾਰਾਂ ਦੇ ਨਾਵਾਂ ਦੀ ਸੂਚੀ ਜਾਰੀ ਕੀਤੀ ਗਈ ਹੈ। ਇਸ ਸੂਚੀ ਵਿੱਚ ਬਖਸ਼ੀਸ਼ ਸਿੰਘ ਰਾਮਗੜ੍ਹ ਵਾਸੀ ਕੋਟ ਈਸੇ ਖਾਂ ਨੂੰ ਉਸ ਦੀ ਪਿਛਲੀ ਕਾਰਗੁਜ਼ਾਰੀ ਨੂੰ ਵੇਖਦਿਆਂ ਸੂਬਾ ਪਧਰੀ ਟੀਮ ਦਾ ਬਤੌਰ ਮੁੱਖ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਇਸ ਸਮੇਂ ਬਲਾਕ ਪ੍ਰਧਾਨ ਨਿਰਮਲ ਸਿੰਘ ਕਾਲੜਾ ਨੇ ਕਿਹਾ ਕਿ ਸੂਬਾ ਪ੍ਰਧਾਨ ਵਲੋਂ ਜਿਸ ਉਮੀਦਾਂ ਅਤੇ ਆਸਾਂ ਦੇ ਮੱਦੇਨਜ਼ਰ ਬਖਸ਼ੀਸ਼ ਸਿੰਘ ਨੂੰ ਪੰਜਾਬ ਪੱਧਰ ਦੀ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ ਉਹ ਉਸ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾਉਣਗੇ। ਅਸੀਂ ਸਾਰੇ ਇਨ੍ਹਾਂ ਦੇ ਭਵਿੱਖ ਵਿੱਚ ਹਰ ਮੋੜ 'ਤੇ ਇਨ੍ਹਾਂ ਦਾ ਪੂਰਾ ਪੂਰਾ ਸਾਥ ਦੇਵਾਂਗੇ।

## ਪੁਰਅਦਬ ਕੌਰ ਨੂੰ ਮਿਲੇਗਾ 'ਤਾਰੇ ਭਲਕ ਦੇ' ਪੁਰਸਕਾਰ



**ਮਲੋਟ (ਗੁਰਮੀਤ ਸਿੰਘ ਮੱਕੜ)** : ਸ਼ਹਿਰ ਦੇ ਸਾਹਿਤਕ ਪਰਿਵਾਰ ਦੀ ਤੀਜੀ ਪੀੜ੍ਹੀ ਪੁਰਅਦਬ ਕੌਰ, ਜਿਸ ਨੇ 8 ਸਾਲ ਦੀ ਉਮਰ ਵਿੱਚ ਸਫ਼ਰਨਾਮਾ ਲਿਖ ਕੇ ਪਹਿਲਾਂ ਇੰਡੀਆ ਤੇ ਫਿਰ ਏਸ਼ੀਆ ਦੀ ਸਭ ਤੋਂ ਘੱਟ ਉਮਰ ਦੀ ਸਫ਼ਰਨਾਮਾ ਲੇਖਕ ਹੋਣ ਦਾ ਖ਼ਿਤਾਬ ਹਾਸਲ ਕੀਤਾ। ਇੱਕ ਵਾਰ ਫਿਰ ਮਲੋਟ ਸ਼ਹਿਰ ਦਾ ਨਾਂਅ ਰੁਸ਼ਨਾਉਣ ਵਿੱਚ ਸਫ਼ਲ ਹੋਈ ਹੈ। ਹੁਣ ਪੁਰਅਦਬ ਕੌਰ ਨੂੰ 'ਤਾਰੇ ਭਲਕ ਦੇ ਪ੍ਰਤਿਭਾ ਮੰਚ ਪਟਿਆਲਾ' ਵੱਲੋਂ ਉਸ ਦੇ ਲਿਖੇ ਸਫ਼ਰਨਾਮਾ 'ਵਾਕਿੰਗ ਔਨ ਕਲਾਊਡਸ' ਲਈ 'ਸਰਵੋਤਮ ਪੁਸਤਕ ਪੁਰਸਕਾਰ' ਲਈ ਚੁਣਿਆ ਗਿਆ ਹੈ। 'ਤਾਰੇ ਭਲਕ ਦੇ ਪ੍ਰਤਿਭਾ ਮੰਚ ਪਟਿਆਲਾ' ਦੇ ਕਾਰਜ ਕਰਤਾ ਉੱਘੇ ਲੇਖਕ ਸਤਪਾਲ ਭੀਖੀ ਤੇ ਜਸਪ੍ਰੀਤ ਸਿੰਘ ਜਗਰਾਓਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰ ਉਨ੍ਹਾਂ ਵੱਲੋਂ ਚਾਰ ਪੁਰਸਕਾਰ ਦਿੱਤੇ ਜਾ ਰਹੇ ਹਨ, ਜਿਸ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਪੁਰਅਦਬ ਕੌਰ, ਸ਼ਹੀਦ ਭਗਤ ਸਿੰਘ ਨਗਰ ਦੀ ਗੁਰਅਮਾਨਤ ਕੌਰ, ਫ਼ਰੀਦਕੋਟ ਦਾ ਗੁਰਸ਼ਾਨ ਸਿੰਘ, ਮਾਨਸਾ ਦੀ ਪਰਵਾਜ਼ਪ੍ਰੀਤ ਕੌਰ ਨੂੰ ਚੁਣਿਆ ਗਿਆ ਹੈ। ਇਨ੍ਹਾਂ ਜੇਤੂਆਂ ਨੂੰ ਸਨਮਾਨ ਚਿੰਨ੍ਹ, ਇਨਾਮ ਰਾਸ਼ੀ ਤੇ ਪੁਸਤਕਾਂ ਦਾ ਸੈੱਟ ਜਲਦ ਹੀ ਉਨ੍ਹਾਂ ਦੇ ਘਰ ਜਾਂ ਸਕੂਲ ਵਿੱਚ ਭੇਟ ਕੀਤਾ ਜਾਵੇਗਾ। ਇਲਾਕੇ ਦੇ ਸਾਹਿਤ ਪ੍ਰੇਮੀਆਂ, ਅਧਿਆਪਕਾਂ, ਸਮਾਜ ਸੇਵੀਆਂ ਨੇ ਪੁਰਅਦਬ ਕੌਰ ਨੂੰ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ। ਜ਼ਿਕਰਯੋਗ ਹੈ ਕਿ ਪੁਰਅਦਬ ਕੌਰ ਸ਼ਾਇਰ ਮੰਗਲ ਮਦਾਨ ਤੇ ਕੁਲਵੰਤ ਕੌਰ ਦੀ ਪੋਤੀ ਅਤੇ ਪ੍ਰੋ. ਗੁਰਮਿੰਦਰ ਜੀਤ ਕੌਰ ਤੇ ਰਿਸ਼ੀ ਹਿਰਦੇਪਾਲ ਦੀ ਧੀ ਹੈ।

## ਕਲੋਰੀਨ ਗੈਸ ਦੀ ਲੀਕ ਸੰਬੰਧੀ ਮੌਕ ਡਰਿੱਲ ਕਰਵਾਈ



**ਬਰਨਾਲਾ (ਰਾਜਿੰਦਰ ਬਰਾੜ)** -ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਆਪਦਾ ਪ੍ਰਬੰਧਾਂ ਸਬੰਧੀ ਮੌਕ ਡਰਿੱਲ ਟਰਾਈਡੈਂਟ ਕੰਪਨੀ ਦੇ ਪਿੰਡ ਫ਼ਤਿਹਗੜ੍ਹ ਛੰਨਾ ਵਿਖੇ ਸਥਿਤ ਪਲਾਂਟ 'ਤੇ ਕਰਵਾਈ ਗਈ। ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਫੈਕਟਰੀ ਸੁਬੋਧ ਜਿੰਦਲ ਨੇ ਦੱਸਿਆ ਕਿ ਫੈਕਟਰੀ ਵਿਖੇ ਕਲੋਰੀਨ ਲੀਕ ਸਬੰਧੀ ਮੌਕ ਡਰਿੱਲ ਕਰਵਾਈ ਗਈ ਜਿਸ ਦੌਰਾਨ ਐੱਨ. ਡੀ. ਆਰ. ਐੱਫ ਬਠਿੰਡਾ, ਫੈਕਟਰੀ ਦੇ ਕਰਮਚਾਰੀ ਅਤੇ ਸਿਵਲ ਅਤੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਆਪਣੀ ਆਪਣੀ ਭੂਮਿਕਾ ਬਾਖੂਬੀ ਨਿਭਾਈ। ਉਨ੍ਹਾਂ ਦੱਸਿਆ ਕਿ ਕਲੋਰੀਨ ਗੈਸ ਦੀ ਲੀਕ ਦੌਰਾਨ ਵਰਤੀਆਂ ਜਾਣ ਵਾਲੀਆਂ ਸਾਰੀਆਂ ਸਾਵਧਾਨੀਆਂ ਬਾਰੇ ਮੌਕ ਡਰਿੱਲ ਫੈਕਟਰੀ ਦੇ ਅੰਦਰ ਅਤੇ ਨਾਲ ਹੀ ਜੇਕਰ ਗੈਸ ਲੀਕ ਹੋ ਕੇ ਪਿੰਡ ਵੱਲ ਨੂੰ ਚਲੀ ਜਾਂਦੀ ਹੈ ਤਾਂ ਕੀ ਕਰਨਾ ਚਾਹੀਦਾ ਹੈ, ਇਸ ਸਬੰਧੀ ਮੌਕ ਡਰਿੱਲ ਕੀਤੀ ਗਈ। ਵਧੇਰੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਸ ਵਿਚ 4 ਐਂਬੂਲੈਂਸ ਅਤੇ 3 ਅੱਗ ਬੁਝਾਉਣ ਵਾਲੀਆਂ ਗੱਡੀਆਂ ਦੀ ਵਰਤੋਂ ਕੀਤੀ ਗਈ। ਇਸ ਮੌਕੇ ਸਰਵਣ ਸਿੰਘ ਡੀ. ਐੱਸ. ਪੀ. ਬਰਨਾਲਾ, ਡਾ. ਜਗਦੀਸ਼ ਸਿੰਘ ਮੁੱਖ ਖੇਤੀਬਾੜੀ ਅਫ਼ਸਰ, ਫਾਯਰ ਅਫ਼ਸਰ ਤਰਸੇਮ ਸਿੰਘ, ਹਰਿੰਦਰਜੀਤ ਸਿੰਘ ਪੀ. ਆਰ. ਟੀ. ਸੀ. ਦਫ਼ਤਰ ਤੋਂ, ਮਨਦੀਪ ਸਿੰਘ ਸਿਹਤ ਵਿਭਾਗ ਤੋਂ, ਟਰਾਈਡੈਂਟ ਗਰੁੱਪ ਤੋਂ ਦੇਵੇਂਦਰ ਸਿੰਘ, ਸੁਰੇਸ਼ ਸਿੰਘ, ਵੀਰ ਪ੍ਰਤਾਪ ਸਿੰਘ, ਵਰੁਣ ਡਡਵਾਲ ਅਤੇ ਹੋਰ ਲੋਕ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਧੱਕੇਸ਼ਾਹੀ ਖਿਲਾਫ ਪਹਿਲੀ...

ਨਿੰਦਾ ਕਰਦਿਆਂ ਪੰਜਾਬ ਸਰਕਾਰ ਨੂੰ ਕਿਸਾਨ ਵਿਰੋਧੀ ਦਮਨਕਾਰੀ ਨੀਤੀਆਂ ਬੰਦ ਕਰਨ ਦੀ ਤਾੜਨਾ ਵੀ ਕੀਤੀ। ਕਿਸਾਨ ਆਗੂਆਂ ਨੇ ਦੱਸਿਆ ਕਿ ਪੰਜਾਬ ਵਿੱਚ ਕਿਸਾਨਾਂ ਦੁਆਰਾ ਝੋਨੇ ਦੀ ਪਰਾਲੀ ਸਾੜਨ ਦਾ ਰੁਝਾਨ ਪਿਛਲੇ ਸਾਲਾਂ ਦੇ ਮੁਕਾਬਲੇ ਬਹੁਤ ਘਟ ਗਿਆ ਹੈ ਪਰੰਤੂ ਖੇਤਾਂ ਵਿੱਚ ਪਰਾਲੀ ਦਬਾਉਣ ਲਈ ਸਰਕਾਰੀ ਸਹਾਇਤਾ ਨਾ ਮਿਲਣ ਕਰਕੇ ਅਤੇ ਮੌਸਮ ਬਰਸਾਤੀ ਹੋਣ ਕਾਰਨ ਕਣਕ ਦੀ ਬਿਜਾਈ ਲਈ ਖੇਤ ਖਾਲੀ ਕਰਨ ਲਈ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਪਰਚੇ ਕਰਨੇ ਬੰਦ ਕੀਤੇ ਜਾਣ। ਮੋਰਚੇ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਕਿਸਾਨਾਂ ਉਪਰ ਪਰਚੇ ਦਰਜ ਕਰਨ ਦੀ ਥਾਂ ਪਰਾਲੀ ਸਮੇਟਣ ਲਈ ਵੱਖ-ਵੱਖ ਤਰ੍ਹਾਂ ਦੇ ਪ੍ਰੋਜੈਕਟ ਲਗਾਵੇ। ਕਿਸਾਨ ਮੋਰਚੇ ਵੱਲੋਂ ਵੱਖ-ਵੱਖ ਜਥੇਬੰਦੀਆਂ ਨਾਲ ਏਕਤਾ ਕਰਨ ਦੇ ਪਹਿਲੇ ਪੜਾਅ ਵਿੱਚ ਰਾਜੇਵਾਲ ਨਾਲ ਸੰਬੰਧਤ ਪੰਜ ਕਿਸਾਨ ਜਥੇਬੰਦੀਆਂ ਨਾਲ ਏਕਤਾ ਕਰਨ ਤੇ ਮੋਰਚੇ ਨੇ ਸਰਬਸੰਮਤੀ ਨਾਲ ਸਹਿਮਤੀ ਪ੍ਰਗਟ ਕੀਤੀ ਹੈ ਅਤੇ ਦੂਸਰੀਆਂ ਸਾਰੀਆਂ ਜਥੇਬੰਦੀਆਂ ਨਾਲ ਏਕਤਾ ਵਾਰਤਾ ਚੱਲ ਰਹੀ ਹੈ, ਮੋਰਚੇ ਵੱਲੋਂ ਜਲਦੀ ਹੀ ਅਗਲੀ ਮੀਟਿੰਗ ਲਗਾ ਕੇ ਅਸੂਲੀ ਏਕਤਾ ਦੀ ਪ੍ਰਕਿਰਿਆ ਨੂੰ ਮੁਕੰਮਲ ਕੀਤਾ ਜਾਵੇਗਾ ਅਤੇ ਸੰਯੁਕਤ ਕਿਸਾਨ ਮੋਰਚਾ ਦਿੱਲੀ ਦੇ ਸੱਦੇ ਉਪਰ ਵਿਚਾਰ ਚਰਚਾ ਕੀਤੀ ਜਾਵੇਗੀ।

ਮੀਟਿੰਗ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਡਾ. ਦਰਸ਼ਨ ਪਾਲ, ਬੀ ਕੇ ਯੂ ਡਕੌਂਦਾ ਦੇ ਬੂਟਾ ਸਿੰਘ ਬੁਰਜ ਗਿੱਲ, ਬੀ ਕੇ ਯੂ ਲੱਖੋਵਾਲ ਦੇ ਹਰਿੰਦਰ ਸਿੰਘ ਲੱਖੋਵਾਲ, ਬੀ ਕੇ ਯੂ ਡਕੌਂਦਾ ਦੇ ਮਨਜੀਤ ਸਿੰਘ ਧਨੇਰ, ਜਮਹੂਰੀ ਕਿਸਾਨ ਸਭਾ ਦੇ ਕੁਲਵੰਤ ਸਿੰਘ ਸੰਧੂ, ਪੰਜਾਬ ਕਿਸਾਨ ਯੂਨੀਅਨ ਦੇ ਰੁਲਦੂ ਸਿੰਘ ਮਾਨਸਾ, ਬੀ ਕੇ ਯੂ ਕਾਦੀਆਂ ਦੇ ਵੀਰਪਾਲ ਸਿੰਘ, ਬੀ ਕੇ ਯੂ ਦੁਆਬਾ ਦੇ ਮਨਜੀਤ ਸਿੰਘ ਰਾਏ, ਕਿਰਤੀ ਕਿਸਾਨ ਯੂਨੀਅਨ ਦੇ ਰਮਿੰਦਰ ਸਿੰਘ ਪਟਿਆਲਾ, ਕੁੱਲ ਹਿੰਦ ਕਿਸਾਨ ਸਭਾ ਦੇ ਬਲਕਰਨ ਸਿੰਘ ਬਰਾੜ, ਇੰਡੀਅਨ ਫਾਰਮਰ ਐਸੋਸੀਏਸ਼ਨ ਦੇ ਸਤਨਾਮ ਸਿੰਘ ਬਹਿਰੂ, ਕੁੱਲ ਹਿੰਦ ਕਿਸਾਨ ਸਭਾ ਦੇ ਬਲਦੇਵ ਸਿੰਘ ਲਤਾਲਾ, ਦੁਆਬਾ ਕਿਸਾਨ ਕਮੇਟੀ ਪੰਜਾਬ ਦੇ ਜੰਗਬੀਰ ਸਿੰਘ ਚੌਹਾਨ, ਜੈ ਕਿਸਾਨ ਅੰਦੋਲਨ ਦੇ ਬੀਬੀ ਰਵਿੰਦਰਪਾਲ ਕੌਰ, ਬੀ ਕੇ ਯੂ ਪੰਜਾਬ ਦੇ ਸੁੱਖ ਗਿੱਲ ਮੋਗਾ, ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਬਲਵਿੰਦਰ ਸਿੰਘ ਰਾਜੂ, ਕਿਸਾਨ ਕਮੇਟੀ ਦੁਆਬਾ ਦੇ ਜਸਵਿੰਦਰ ਸਿੰਘ, ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਨਿਰਵੈਰ ਸਿੰਘ ਡਾਲੇਕੇ, ਮਹਿਲਾ ਕਿਸਾਨ ਯੂਨੀਅਨ ਦੇ ਬੀਬੀ ਮਨਜੀਤ ਕੌਰ, ਗੁਰਨਾਮ ਸਿੰਘ ਭੀਖੀ, ਹਰਵਿੰਦਰ ਸਿੰਘ, ਸੁਖਦੇਵ ਸਿੰਘ ਅਰਾਈਆਂਵਾਲਾ, ਜਸਪਾਲ ਕੌਰ ਆਦਿ ਆਗੂ ਵੀ ਹਾਜ਼ਰ ਸਨ।

### ਗ਼ਦਰੀ ਬਾਬਿਆਂ ਦੇ ...

ਝੰਡੇ, ਝੰਡੀਆਂ, ਟੂਕਾਂ, ਲਾਈਟ, ਸਾਊਂਡ ਅਤੇ ਸਫ਼ਾਈ ਦੇ ਕੰਮ ਨੇਪਰੇ ਚਾੜ੍ਹਨ ਲਈ ਟੀਮਾਂ ਵੱਲੋਂ ਜ਼ੋਰਦਾਰ ਉੱਦਮ ਜੁਟਾਏ ਜਾ ਰਹੇ ਹਨ। ਪ੍ਰਦੇਸਾਂ 'ਚ ਵਸਦੇ ਪਰਵਾਰ ਮੇਲੇ 'ਚ ਸ਼ਮੂਲੀਅਤ ਲਈ ਪੁੱਜਣੇ ਸ਼ੁਰੂ ਹੋ ਗਏ ਹਨ। ਪੁਸਤਕ ਪ੍ਰਦਰਸ਼ਨੀ ਘਾਹ ਪਾਰਕ ਵਿੱਚ ਤਿੰਨ ਦਿਨ ਲੱਗੀ ਰਹੇਗੀ। ਝੰਡੇ ਦਾ ਗੀਤ, ਗ਼ਦਰੀ ਬੀਬੀ ਗੁਲਾਬ ਕੌਰ ਮੁੱਖ ਪੰਡਾਲ ਵਿੱਚ ਜਿਸ ਅੰਦਾਜ਼ ਵਿੱਚ ਹੋ ਰਿਹੈ, ਉਸ ਲਈ ਆਰਜ਼ੀ ਤੌਰ 'ਤੇ ਮੁੱਖ ਸਟੇਜ ਹੋਰ ਵੱਡੀ ਕੀਤੀ ਜਾ ਰਹੀ ਹੈ। ਪੰਜਾਬ ਭਰ ਦੀਆਂ ਜਨਤਕ ਜੱਥੇਬੰਦੀਆਂ ਦੇ ਦੇਸ਼ ਭਗਤ ਯਾਦਗਾਰ ਹਾਲ ਲਗਾਤਾਰ ਫੋਨ ਆਉਂਦੇ ਰਹੇ। ਉਹਨਾਂ ਦੱਸਿਆ ਕਿ ਉਹ ਕਾਫ਼ਲੇ ਬੰਨ੍ਹ ਕੇ ਮੇਲੇ 'ਚ ਸ਼ਾਮਲ ਹੋ ਰਹੇ ਹਨ। ਪੰਜਾਬ 'ਚ ਲੱਗਦੇ ਆਮ ਮੇਲਿਆਂ ਨਾਲੋਂ ਨਿਵੇਕਲੀ ਤੋਰ ਦਾ ਮੇਲਾ ਜਿੱਥੇ ਇਤਿਹਾਸ ਦੀ ਲੋਅ ਜਗਦੀ ਰੱਖਣ ਦਾ ਅਹਿਦ ਲਏਗਾ, ਉਥੇ ਨਵੀਂ ਤਰਜ਼ ਦੇ ਮੇਲੇ ਦਾ ਮੁਕਾਮ ਸਿਰਜੇਗਾ।

### ਪਿਤਾ ਨੂੰ ਹਸਪਤਾਲ...

ਬਾਅਦ ਸੁਜਾਤਾ ਪਿਤਾ ਨੂੰ ਜ਼ਿਲ੍ਹਾ ਹਸਪਤਾਲ ਪਹੁੰਚਾਉਣ ਲਈ 35 ਕਿਲੋਮੀਟਰ ਤੱਕ ਰੇਹੜੀ ਖਿੱਚ ਕੇ ਲੈ ਕੇ ਗਈ। ਉਸ ਦੇ ਪਿਤਾ ਸ਼ੰਭੂਨਾਥ 22 ਅਕਤੂਬਰ ਨੂੰ ਝਗੜੇ 'ਚ ਜ਼ਖ਼ਮੀ ਹੋ ਗਏ ਸਨ। ਸੁਜਾਤਾ ਨੇ ਦੱਸਿਆ ਕਿ ਭਦਰਕ ਡੀ ਐੱਚ ਐੱਚ ਦੇ ਡਾਕਟਰਾਂ ਨੇ ਉਸ ਨੂੰ ਘਰ ਵਾਪਸ ਜਾਣ ਅਤੇ ਅਪਰੇਸ਼ਨ ਲਈ ਹਫਤੇ ਬਾਅਦ ਆਉਣ ਦੀ ਸਲਾਹ ਦਿੱਤੀ। ਉਸ ਨੇ ਕਿਹਾ-ਮੇਰੇ ਕੋਲ ਨਾ ਤਾਂ ਪ੍ਰਾਈਵੇਟ ਗੱਡੀ ਕਿਰਾਏ 'ਤੇ ਲੈਣ ਲਈ ਪੈਸੇ ਸਨ ਅਤੇ ਨਾ ਹੀ ਐਂਬੂਲੈਂਸ ਨੂੰ ਬੁਲਾਉਣ ਲਈ ਕੋਈ ਮੋਬਾਈਲ ਫੋਨ। ਇਸ ਲਈ ਮੈਂ ਰੇਹੜੀ ਚਲਾਈ। ਸੁਜਾਤਾ ਦੀ ਕਹਾਣੀ ਦਾ ਪਤਾ ਲੱਗਣ 'ਤੇ ਭਦਰਕ ਦੇ ਵਿਧਾਇਕ ਸੰਜੀਬ ਮਲਿਕ ਤੇ ਧਾਮਨਗਰ ਦੇ ਸਾਬਕਾ ਵਿਧਾਇਕ ਰਜਿੰਦਰ ਦਾਸ ਉਸ ਦੀ ਮਦਦ ਲਈ ਪਹੁੰਚੇ।


AXIS BANK — ਰਿਟੇਲ ਐਸੇਟ ਸੈਂਟਰ : ਐਕਸਿਸ ਬੈਂਕ ਲਿਮਿਟਿਡ, : ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001
ਕਾਰਪੋਰੇਟ ਦਫਤਰ : 'ਐਕਸਿਸ ਹਾਊਸ'', ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025 ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

**ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਊਰਟਾਈਜ਼ੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ 2002 ਅਤੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

(1) ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : 1. ਸ੍ਰੀਮਤੀ ਨੀਲਮ ਪਤਨੀ ਰਾਜੂ ਅਤੇ (2) ਸ੍ਰੀ ਰਾਜੂ ਪੁੱਤਰ ਮੋਹਨ ਲਾਲ ਦੋਵੇਂ ਵਾਸੀ ਮਕਾਨ ਨੰ: 47, ਨਿਊਕੋਟ ਮਿੱਤ ਸਿੰਘ, ਅੰਦਰੂਨ ਭਾਈ ਮੰਝ ਸਿੰਘ ਗੇਟ, ਤਰਨ ਤਾਰਨ ਰੋਡ, ਅੰਮ੍ਰਿਤਸਰ-2 -143022 ਨਾਲ ਹੀ : ਮਕਾਨ ਨੰ: 418, ਗਲੀ ਭਾਟੀਆ, ਕਟੜਾ ਜੈਮਲ ਸਿੰਘ, ਅੰਮ੍ਰਿਤਸਰ-143001, ਨਾਲ ਹੀ : ਸ੍ਰੀ ਰਾਜੂ ਪੁੱਤਰ ਮੋਹਨ ਲਾਲ, ਮਕੈਨੀਕਲ ਫਿਟਰ ਮੈਸ: ਚਰਨ ਕਮਲ ਕਾਰਡ ਬੋਰਡਜ਼ ਐਂਡ ਪੇਪਰ ਮਿਲਜ਼ ਪ੍ਰਾਈ: ਲਿਮ: ਤਰਨ ਤਾਰਨ ਰੋਡ, ਸੰਗਰਾਣਾ ਸਾਹਿਬ, ਡਾਕ: ਗਿਲਵਾਲੀ, ਅੰਮ੍ਰਿਤਸਰ। ਕਰਜ਼ਾ ਖਾਤਾ ਨੰ. ਪੀ ਐੱਚ ਆਰ 068502607161
ਰਹਿਣ ਕੀਤੀ ਜਾਇਦਾਦ ਦਾ ਵੇਰਵਾ :-ਬੈਨਾਮਾ ਵਸੀਕਾ ਨੰ. 3880 ਮਿਤੀ 24-08-2017 ਅਨੁਸਾਰ ਸ੍ਰੀਮਤੀ ਨੀਲਮ ਪਤਨੀ ਰਾਜੂ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਪ੍ਰਾਈਵੇਟ ਨੰ. 47 ਮਿਨ, ਰਕਬਾ 71.11 ਵਰਗ ਗਜ਼ (ਲੰਬਾਈ-40' ਅਤੇ ਚੌੜਾਈ 16') ਖਸਰਾ ਨੰ. 4660 ਮਿਨ, ਖੇਤਾ/ਖਾਤੌਨੀ ਨੰ. 720/1678, ਜਮ੍ਹਾਂਬੰਦੀ ਸਾਲ 2010-2011, ਹੱਦਬਸਤ ਨੰ. 373, ਸੁਲਤਾਨਵਿੰਡ, ਸਬ- ਅਰਬਨ ਤਰਫ ਮਾਹਲ-2, ਅਬਾਦੀ ਕੋਟ ਮਿੱਤ ਸਿੰਘ, ਤਹਿਸੀਲ ਅੰਮ੍ਰਿਤਸਰ-1 ਅਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. 52, ਪੱਛਮ : ਗਲੀ 20', ਚੌੜੀ, ਉੱਤਰ : ਪਲਾਟ ਨੰ. 46, ਦੱਖਣ : ਪਲਾਟ ਨੰ. 47

| ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|
| 31 ਅਗਸਤ, 2022 | 25 ਅਕਤੂਬਰ, 2023 | ਰੁਪਏ 17,13,321/-(ਸਤਾਰਾਂ ਲੱਖ ਤੇਰਾਂ ਹਜ਼ਾਰ ਤਿੰਨ ਸੌ ਇੱਕੀ ਰੁਪਏ ਕੇਵਲ) |

(2) ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : (1) ਸ੍ਰੀ ਰਾਹੁਲ ਸਹਿਗਲ ਪੁੱਤਰ ਬਲਦੇਵ ਸਹਿਗਲ (2) ਸ੍ਰੀ ਰੋਹਿਤ ਸਹਿਗਲ ਪੁੱਤਰ ਬਲਦੇਵ ਸਹਿਗਲ, ਦੋਵੇਂ ਵਾਸੀ ਮਕਾਨ ਨੰ. 80, ਗਲੀ ਨੰ. 6, ਟੰਡਨ ਨਗਰ, ਨੇੜੇ ਗੁਰਦੁਆਰਾ ਅੰਮ੍ਰਿਤਸਰ-143001, ਨਾਲ ਹੀ : ਮਕਾਨ ਨੰ. 817, ਗਲੀ ਨੰ. 15, ਪਵਨ ਨਗਰ, ਸਾਹਮਣੇ ਦੋ ਮੂੰਹੀ ਸ਼ਿਵਾਲਾ ਮੰਦਰ, ਬਟਾਲਾ ਰੋਡ, ਅੰਮ੍ਰਿਤਸਰ, ਨਾਲ ਹੀ : ਸ੍ਰੀ ਰਾਹੁਲ ਸਹਿਗਲ ਪੁੱਤਰ ਬਲਦੇਵ ਸਹਿਗਲ ਅਸਿਸਟੈਂਟ ਕਾਨਸੈਪਟ ਮੈਨੇਜਰ ਮੈਸ. ਲਾਈਫ ਸਟਾਇਲ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ, ਟ੍ਰਿਲੀਅਮ ਮਾਲ, ਪਲਾਟ ਨੰ. ਸੀ-4, ਸਾਹਮਣੇ ਬਸੰਤ ਐਵੇਨਿਊ, ਮੈਡੀਕਲ ਇਨਕਲੇਵ, ਸਰਕੂਲਰ ਰੋਡ, ਅੰਮ੍ਰਿਤਸਰ-143001-ਕਰਜ਼ਾ ਖਾਤਾ ਨੰ. ਪੀ ਐੱਚ ਆਰ 068502908335
ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਬੈਨਾਮਾ ਵਸੀਕਾ ਨੰ. 14050 ਮਿਤੀ 05-02-2018 ਅਨੁਸਾਰ ਸ੍ਰੀ ਰਾਹੁਲ ਸਹਿਗਲ ਪੁੱਤਰ ਬਲਦੇਵ ਸਹਿਗਲ ਅਤੇ ਸ੍ਰੀ ਰੋਹਿਤ ਕੁਮਾਰ ਸਹਿਗਲ ਪੁੱਤਰ ਬਲਦੇਵ ਸਹਿਗਲ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 80,ਰਕਬਾ 79 ਵਰਗ ਗਜ਼ (ਲੰਬਾਈ 32' ਅਤੇ ਚੌੜਾਈ 22') ਖਸਰਾ ਨੰ. 191 ਮਿਨ, ਤੁੰਗਪਾਈ ਸਬ-ਅਰਬਨ ਅਬਾਦੀ ਟੰਡਨ ਨਗਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਸੜਕ, ਪੱਛਮ : ਵੇਚਣ ਵਾਲੇ ਰਮੇਸ਼ ਚੰਦਰ ਅਤੇ ਪ੍ਰੇਮਕਾਂਤਾ ਦੀ ਮਲਕੀਅਤ, ਉੱਤਰ : ਵੇਚਣ ਵਾਲੇ ਰਮੇਸ਼ ਚੰਦਰ ਅਤੇ ਪ੍ਰੇਮ ਕਾਂਤਾ ਦੀ ਮਲਕੀਅਤ, ਦੱਖਣ : ਮਾਲਕ ਮੁਨਸ਼ੀ ਰਾਮ।

| ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|
| 31 ਅਗਸਤ, 2022 | 25 ਅਕਤੂਬਰ, 2023 | ਰੁਪਏ 31,15,687/-(ਇਕੱਤੀ ਲੱਖ ਪੰਦਰਾਂ ਹਜ਼ਾਰ ਛੇ ਸੌ ਸਤਾਸੀ ਰੁਪਏ ਕੇਵਲ) |

(3) ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : (1) ਸ੍ਰੀ ਰਾਹੁਲ ਪੁੱਤਰ ਹਮਰਾਹੀ ਅਤੇ (2) ਸ੍ਰੀਮਤੀ ਆਸ਼ਾ ਪਤਨੀ ਹਮਰਾਹੀ ਦੋਵੇਂ ਵਾਸੀ ਮਕਾਨ ਨੰ. 23, ਮੂਲੇ ਚੱਕ ਰੋਡ, ਬਾਬਾ ਦੀਪ ਸਿੰਘ ਜੀ ਇਨਕਲੇਵ, ਅੰਮ੍ਰਿਤਸਰ, ਪੰਜਾਬ-143001, ਕਰਜ਼ਾ ਖਾਤਾ ਨੰ. ਪੀ ਐੱਚ ਆਰ 068505905128
ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਬੈਨਾਮਾ ਦਸਤਾਵੇਜ਼ ਨੰ. 2020-21/89/1/1294 ਮਿਤੀ 20-07-2020 ਅਨੁਸਾਰ ਸ੍ਰੀਮਤੀ ਆਸ਼ਾ ਪਤਨੀ ਹਮਰਾਹੀ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. ਪੀ-23, ਕੁੱਲ ਖੇਤਰ 100 ਵਰਗ ਗਜ਼ ਖਸਰਾ ਨੰ. 6//20, ਖੇਤਾ/ਖਤੌਨੀ ਨੰ. 129/197, ਜਮ੍ਹਾਂਬੰਦੀ ਸਾਲ 2015-2016, ਪਿੰਡ ਮੂਲੇ ਚੱਕ ਤੁੰਗਪਾਈ, ਅਬਾਦੀ ਬਾਬਾ ਦੀਪ ਸਿੰਘ ਜੀ ਇਨਕਲੇਵ, ਤਹਿਸੀਲ ਅੰਮ੍ਰਿਤਸਰ-1 ਅਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਪਲਾਟ ਨੰ. ਪੀ-24, ਪੱਛਮ : ਪਲਾਟ ਨੰ. ਪੀ-22, ਉੱਤਰ : ਪਲਾਟ ਨੰ. ਪੀ-62, ਦੱਖਣ : ਸੜਕ 30' ਚੌੜੀ।

| ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|
| 28 ਸਤੰਬਰ, 2022 | 25 ਅਕਤੂਬਰ, 2023 | ਰੁਪਏ 9,26,214/-(ਨੌਂ ਲੱਖ, ਛੱਬੀ ਹਜ਼ਾਰ,ਦੋ ਸੌ ਚੌਦਾਂ ਰੁਪਏ ਕੇਵਲ) |

(4) ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : (1) ਸ੍ਰੀਮਤੀ ਹਰਜੀਤ ਕੌਰ ਪਤਨੀ ਸਰਦੂਲ ਸਿੰਘ ਅਤੇ (2) ਸ੍ਰੀ ਰਣਬੀਰ ਸਿੰਘ ਪੁੱਤਰ ਸਰਦੂਲ ਸਿੰਘ, ਦੋਵੇਂ ਵਾਸੀ ਡੀ-2/2476, ਗਲੀ ਮਸੀਤ ਵਾਲੀ, ਢੱਪਈ, ਜ਼ਿਲ੍ਹਾ ਅੰਮ੍ਰਿਤਸਰ-143009, ਨਾਲ ਹੀ : ਜਾਇਦਾਦ/ਮਕਾਨ ਨੰ. 58, ਬਲਿਊ ਸਿਟੀ ਕਾਲੋਨੀ, ਝਬਾਲ ਰੋਡ, ਪਿੰਡ ਠੱਟਾ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ-143301, ਨਾਲ ਹੀ : ਸ੍ਰੀਮਤੀ ਹਰਜੀਤ ਕੌਰ ਪਤਨੀ ਸਰਦੂਲ ਸਿੰਘ ਮਾਲਕ ਮੈਸ: ਯੂਨੀਕ ਸਕੈਨ ਸੈਂਟਰ, ਦੁਕਾਨ ਨੰ. 5, ਸ਼ਾਖਾ ਮਾਰਕਿਟ (ਭੰਬਰ ਮਾਰਕਿਟ) ਅਟਾਰੀ ਰੋਡ, ਅੱਡਾ ਝਬਾਲ, ਅੰਮ੍ਰਿਤਸਰ-143001, ਕਰਜ਼ਾ ਖਾਤਾ ਨੰ. ਪੀ ਐੱਚ ਆਰ 068507725269
ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਬੈਨਾਮਾ ਦਸਤਾਵੇਜ਼ ਨੰ. 2022-23/172/1/567 ਮਿਤੀ 02 ਅਗਸਤ, 2022 ਅਨੁਸਾਰ ਸ੍ਰੀਮਤੀ ਹਰਜੀਤ ਕੌਰ ਪਤਨੀ ਸਰਦੂਲ ਸਿੰਘ ਅਤੇ ਸ੍ਰੀ ਰਣਬੀਰ ਸਿੰਘ ਪੁੱਤਰ ਸਰਦੂਲ ਸਿੰਘ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 58 ਰਕਬਾ 0-3 ਮਰਲੇ (102 ਵਰਗ ਗਜ਼) ਖੇਤਾ ਨੰ. 79-80/220 ਤੋਂ 222, ਕਿੱਤੇ-15, ਖਸਰਾ ਨੰ. 62 (3-0), 147 (7-4), 154 (8-0), 155 (8-0), 156 (7-12), 157 (7-6), 990 (8-13) 991 (4-12), 992 (8-0), 996 (6-0), 998 (9-0), 1002 (8-0), 63 (5-0), 144 (8-0), 148 (7-19) ਹੱਦਬਸਤ ਨੰ. 38, ਜਮ੍ਹਾਂਬੰਦੀ ਸਾਲ 2019-20, ਪਿੰਡ ਠੱਟਾ, ਅਬਾਦੀ ਬਲਿਊ ਸਿਟੀ ਕਾਲੋਨੀ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਨਾਲ ਸੰਬੰਧਤ ਸਭ ਕੁੱਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਐੱਨ ਏ, ਪੱਛਮ : ਐੱਨ ਏ, ਉੱਤਰ : ਐੱਨ ਏ, ਦੱਖਣ : ਐੱਨ ਏ

| ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|
| 22 ਮਈ 2023 | 25 ਅਕਤੂਬਰ, 2023 | ਰੁਪਏ 23,18,760/-(ਤੇਈ ਲੱਖ ਅਠਾਰਾਂ ਹਜ਼ਾਰ ਸੱਤ ਸੌ ਸੱਠ ਰੁਪਏ ਕੇਵਲ) |

(5) ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : (1) ਸ੍ਰੀ ਪ੍ਰਦੀਪ ਕੁਮਾਰ ਚੌਧਰੀ ਪੁੱਤਰ ਬਿਨੋਦ ਚੌਧਰੀ ਅਤੇ (2) ਸ੍ਰੀਮਤੀ ਪੂਜਾ ਦੇਵੀ ਪਤਨੀ ਪ੍ਰਦੀਪ ਕੁਮਾਰ ਚੌਧਰੀ, ਦੋਵੇਂ ਵਾਸੀ ਮਕਾਨ ਨੰ. 181, ਗਲੀ ਨੰ. 5, ਸ੍ਰੀ ਰਾਮ ਐਵੇਨਿਊ, 88 ਫੁੱਟ ਰੋਡ, ਮਜੀਠਾ ਰੋਡ ਅੰਮ੍ਰਿਤਸਰ-1, ਜ਼ਿਲ੍ਹਾ ਅੰਮ੍ਰਿਤਸਰ-ਪੰਜਾਬ -143001, ਨਾਲ ਹੀ : ਸ੍ਰੀ ਪ੍ਰਦੀਪ ਕੁਮਾਰ ਚੌਧਰੀ ਪੁੱਤਰ ਬਿਨੋਦ ਚੌਧਰੀ, ਪਲਾਟ ਪ੍ਰਾਈਵੇਟ ਨੰ. 119-120 ਮਿਨ 'ਤੇ ਨਿਰਮਤ ਮਕਾਨ, ਖਸਰਾ ਨੰ. 58//18 ਮਿਨ, ਰੱਖ ਸ਼ਿਕਾਰਗਾਹ, ਅਬਾਦੀ ਸ੍ਰੀ ਰਾਮ ਐਵੇਨਿਊ, ਤਹਿਸੀਲ ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ, ਨਾਲ ਹੀ ਸ੍ਰੀ ਪ੍ਰਦੀਪ ਕੁਮਾਰ ਚੌਧਰੀ ਪੁੱਤਰ ਬਿਨੋਦ ਚੌਧਰੀ, ਮਾਲਕ ਮੈਸ: ਪ੍ਰਦੀਪ ਵੈਜੀਟੇਬਲਜ਼ ਦੁਕਾਨ, 88 ਫੁੱਟ ਰੋਡ, ਸੰਧੂ ਕਾਲੋਨੀ, ਮਜੀਠਾ ਰੋਡ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143001, ਕਰਜ਼ਾ ਖਾਤਾ ਨੰ. ਪੀ ਐੱਚ ਆਰ 068506131650
ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਬੈਨਾਮਾ ਦਸਤਾਵੇਜ਼ ਨੰ. 2020-21/93/1/2218 ਮਿਤੀ 13 ਮਈ 2021 ਅਨੁਸਾਰ ਸ੍ਰੀਮਤੀ ਪੂਜਾ ਦੇਵੀ ਪਤਨੀ ਪ੍ਰਦੀਪ ਕੁਮਾਰ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 119-120 ਮਿਨ (ਲੰਬਾਈ 30' ਅਤੇ ਚੌੜਾਈ 15') 'ਤੇ ਨਿਰਮਤ ਮਕਾਨ, ਰਕਬਾ 50 ਵਰਗ ਗਜ਼, ਖਸਰਾ ਨੰ. 58//18, ਮਿਨ, ਜਮ੍ਹਾਂਬੰਦੀ ਸਾਲ 2017-18, ਹੱਦਬਸਤ ਨੰ. 282, ਰੱਖ ਸ਼ਿਕਾਰਗਾਹ, ਅਬਾਦੀ ਸ੍ਰੀ ਰਾਮ ਐਵੇਨਿਊ, ਤਹਿਸੀਲ ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਗਲੀ 20' ਚੌੜੀ, ਪੱਛਮ : ਹੋਰ ਮਾਲਕ, ਉੱਤਰ : ਗਲੀ 20' ਚੌੜੀ, ਦੱਖਣ : ਖਾਲੀ ਪਲਾਟ, ਹੋਰ ਮਾਲਕ

| ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|
| 16 ਜੂਨ 2023 | 25 ਅਕਤੂਬਰ, 2023 | ਰੁਪਏ 938086/- (ਨੌਂ ਲੱਖ ਅਠੱਤੀ ਹਜ਼ਾਰ ਛਿਆਸੀ ਰੁਪਏ ਕੇਵਲ) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 28.10.2023, ਸਥਾਨ : ਲੁਧਿਆਣਾ, ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

Punjab Land of Unlimited Opportunities

# ਡੇਢ ਸਾਲ ਪੰਜਾਬ ਦੀ ਤਰੱਕੀ ਦਾ




**ਨੌਕਰੀਆਂ ਦੇ ਅਨੇਕ ਮੌਕੇ:**
- 37,000 ਤੋਂ ਜ਼ਿਆਦਾ ਪੱਕੀਆਂ ਨੌਕਰੀਆਂ ਦਿੱਤੀਆਂ
- 12,710 ਠੇਕਾ ਅਧਾਰਿਤ ਅਧਿਆਪਕ ਪੱਕੇ ਕੀਤੇ

**ਵਿਸ਼ਵ-ਪੱਧਰੀ ਸਿਹਤ ਸਹੂਲਤਾਂ:**
- 664 ਆਮ ਆਦਮੀ ਕਲੀਨਿਕਾਂ ਵਿੱਚ ਹੁਣ ਤੱਕ 50 ਲੱਖ ਤੋਂ ਜ਼ਿਆਦਾ ਲੋਕਾਂ ਨੇ ਇਲਾਜ ਕਰਵਾਇਆ

INVEST PUNJAB

**ਨਿਵੇਸ਼ ਵਿੱਚ ਵਾਧਾ:**
- ਪੰਜਾਬ ਦੇ ਨਿਵੇਸ਼ ਸੰਮੇਲਨ ਨੇ ਨਵੇਂ ਮੌਕਿਆਂ ਦਾ ਹੜ੍ਹ ਲਿਆਂਦਾ। 50,871 ਕਰੋੜ ਰੁਪਏ ਦਾ ਨਿਵੇਸ਼ ਅਤੇ 2,86,000 ਤੋਂ ਜ਼ਿਆਦਾ ਨੌਕਰੀਆਂ ਦੀ ਸੰਭਾਵਨਾ

**ਭ੍ਰਿਸ਼ਟਾਚਾਰ 'ਤੇ ਜਿੱਤ ਦਰਜ:**
- ਐਂਟੀ-ਕੁਰੱਪਸ਼ਨ ਹੈਲਪ ਲਾਈਨ ਰਾਹੀਂ 400 ਤੋਂ ਵੱਧ ਭ੍ਰਿਸ਼ਟਾਚਾਰੀ ਗ੍ਰਿਫ਼ਤਾਰ

**ਪੰਜਾਬ ਦੇ ਹਰ ਕੋਨੇ ਤੱਕ ਪਾਣੀ ਪਹੁੰਚਾਉਣ ਲਈ ਨਹਿਰ ਅਧਾਰਤ ਸਿੰਜਾਈ ਉਪਲਬਧ ਕਰਵਾਈ**

**ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਸੜਕ ਸੁਰੱਖਿਆ ਬਲ ਦਾ ਗਠਨ**

**ਸੈਰ-ਸਪਾਟਾ ਸਿਖ਼ਰ ਸੰਮੇਲਨ-2023 ਦਾ ਸਫਲ ਆਯੋਜਨ**

**ਸਿੱਖਿਆ ਕ੍ਰਾਂਤੀ:**
- 117 ਸਕੂਲ ਆਫ਼ ਐਮੀਨੈਂਸ ਦੀ ਸਥਾਪਨਾ ਦਾ ਕੰਮ ਜ਼ੋਰਾਂ 'ਤੇ, ਪਹਿਲੇ ਸਕੂਲ ਦਾ ਉਦਘਾਟਨ ਹੋਇਆ

**ਮੁਫ਼ਤ ਬਿਜਲੀ:**
- 90% ਤੱਕ ਪਰਿਵਾਰ 600 ਯੂਨਿਟ ਮੁਫ਼ਤ ਬਿਜਲੀ ਦਾ ਲਾਭ ਲੈ ਰਹੇ ਹਨ

**ਸੀ ਐੱਮ ਦੀ ਯੋਗਸ਼ਾਲਾ:**
- 300 ਕਲਾਸਾਂ ਅਤੇ 10,000 ਤੋਂ ਵੱਧ ਲੋਕਾਂ ਦੀ ਸ਼ਮੂਲੀਅਤ

**ਅਥਲੀਟ ਸਨਮਾਨਿਤ:**
- ਨਵੀਂ ਖੇਡ ਨੀਤੀ
- ਕੌਮਾਂਤਰੀ ਟੂਰਨਾਮੈਂਟ ਲਈ ਕੁਆਲੀਫਾਈ ਕਰਨ ਵਾਲੇ ਅਥਲੀਟਾਂ ਨੂੰ ਨਗਦ ਇਨਾਮ



**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

**ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ**

28-oct-PAGE-4-2.qxd 10/27/2023 10:35 PM Page 1

ਨਵਾਂ ਜ਼ਮਾਨਾ

ਸ਼ਨੀਵਾਰ, 28 ਅਕਤੂਬਰ 2023

# ਫਲਸਤੀਨੀਆਂ ਦਾ ਨਸਲਘਾਤ

*ਇਸ ਸਮੇਂ ਗਾਜ਼ਾ ਵਿੱਚ ਇਜ਼ਰਾਈਲ ਦੇ ਹਮਲੇ ਇਸ ਗੱਲ ਦਾ ਸਬੂਤ ਹਨ ਕਿ ਉਹ ਫਲਸਤੀਨੀਆਂ ਦਾ ਨਸਲਘਾਤ ਕਰਨ ਦੇ ਰਾਹ ਪੈ ਚੁੱਕਾ ਹੈ। ਪਿਛਲੇਰੀ ਰਾਤ ਉਸ ਨੇ ਜ਼ਮੀਨੀ ਹਮਲਿਆਂ ਦੀ ਸ਼ੁਰੂਆਤ ਕਰ ਦਿੱਤੀ ਹੈ। ਹੁਣ ਤੱਕ ਗਾਜ਼ਾ ਵਿੱਚ ਮਰਨ ਵਾਲਿਆਂ ਦੀ ਗਿਣਤੀ 7 ਹਜ਼ਾਰ ਤੋਂ ਟੱਪ ਚੁੱਕੀ ਹੈ। ਇਨ੍ਹਾਂ ਵਿੱਚ 2931 ਬੱਚੇ, 1709 ਔਰਤਾਂ ਤੇ 397 ਬਜ਼ੁਰਗ ਸ਼ਾਮਲ ਹਨ। ਵੈਸਟ ਬੈਂਕ ਵਿੱਚ ਵੀ ਹੁਣ ਤੱਕ 100 ਫਲਸਤੀਨੀ ਮਾਰੇ ਜਾ ਚੁੱਕੇ ਹਨ।*

*ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਇਜ਼ਰਾਈਲ ਪੱਤਰਕਾਰਾਂ ਨੂੰ ਚੁਣ-ਚੁਣ ਕੇ ਮਾਰ ਰਿਹਾ ਹੈ, ਤਾਂ ਜੋ ਉਸ ਦੇ ਅਣਮਨੁੱਖੀ ਵਿਹਾਰ ਦੀਆਂ ਖ਼ਬਰਾਂ ਬਾਹਰ ਨਾ ਆ ਸਕਣ। ਹੁਣ ਤੱਕ ਗਾਜ਼ਾ ਵਿੱਚ 21 ਪੱਤਰਕਾਰ ਮਾਰੇ ਜਾ ਚੁੱਕੇ ਹਨ।*

*ਅਲ ਜਜ਼ੀਰਾ ਦੇ ਬਿਊਰੋ ਚੀ.ਫ ਦਾਹਦੋਹ ਦਾ ਸਾਰਾ ਪਰਵਾਰ ਇਜ਼ਰਾਈਲੀ ਗੋਲੀਬਾਰੀ ਵਿੱਚ ਉਸ ਸਮੇਂ ਮਾਰ ਦਿੱਤਾ ਗਿਆ, ਜਦੋਂ ਉਹ ਜੰਗ ਦੀ ਰਿਪੋਰਟਿੰਗ ਕਰ ਰਿਹਾ ਸੀ। ਦਾਹਦੋਹ ਦੇ ਪਰਵਾਰ, ਜਿਸ ਵਿੱਚ ਉਸ ਦੀ ਪਤਨੀ, ਬੇਟਾ, ਬੇਟੀ ਤੇ ਪੋਤੇ ਸ਼ਾਮਲ ਸਨ, ਨੇ ਨੁਸੀਰਾਤ ਰਿਫਿਊਜ਼ੀ ਕੈਂਪ ਵਿੱਚ ਸ਼ਰਨ ਲਈ ਹੋਈ ਸੀ, ਜਿਸ ’ਤੇ ਇਜ਼ਰਾਈਲ ਵੱਲੋਂ ਹਵਾਈ ਹਮਲਾ ਕਰ ਦਿੱਤਾ ਗਿਆ ਸੀ।*

*ਅਲ ਜਜ਼ੀਰਾ ਨੇ ਜੋ ਫੁੱਟੇਜ ਦਿਖਾਈਆਂ ਹਨ, ਉਸ ਵਿੱਚ ਦਾਹਦੋਹ ਆਪਣੀ ਮਾਰ ਦਿੱਤੀ ਗਈ ਪਤਨੀ, ਬੇਟੇ ਤੇ ਬੇਟੀ ਨੂੰ ਮੋਰਚਰੀ ਵਿੱਚ ਦੇਖਣ ਲਈ ਅਲ-ਅਕਸਾ ਹਸਪਤਾਲ ਵਿੱਚ ਹਨ। ਉਹ ਝੁਕ ਕੇ ਆਪਣੇ 15 ਸਾਲਾ ਬੇਟੇ ਮਹਿਮੂਦ ਦਾ ਚਿਹਰਾ ਛੂਹ ਰਹੇ ਹਨ, ਜਿਹੜਾ ਆਪਣੇ ਪਿਤਾ ਵਾਂਗ ਹੀ ਪੱਤਰਕਾਰ ਬਣਨਾ ਚਾਹੁੰਦਾ ਸੀ। ਫਿਰ ਉਹ ਆਪਣੀ ਸੱਤ ਸਾਲਾ ਕ.ਫਨ ਵਿੱਚ ਲਿਪਟੀ ਬੇਟੀ ਦਾ ਹੱਥ ਫੜ ਕੇ ਉਸ ਨਾਲ ਗੱਲਾਂ ਕਰਨ ਦੀ ਕੋਸ਼ਿਸ਼ ਕਰਦੇ ਹਨ।*

*ਦਾਹਦੋਹ ਨੇ ਹਸਪਤਾਲ ’ਚੋਂ ਬਾਹਰ ਆ ਕੇ ਕਿਹਾ, “ਜੋ ਹੋਇਆ ਉਹ ਸਪੱਸ਼ਟ ਹੈ। ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਨੂੰ ਟਾਰਗੇਟ ਕੀਤਾ ਜਾ ਰਿਹਾ ਹੈ। ਮੈਂ ਅਜਿਹੇ ਹੀ ਇੱਕ ਹਮਲੇ ਬਾਰੇ ਯਰਮੌਕ ਵਿੱਚ ਰਿਪੋਰਟਿੰਗ ਕਰ ਰਿਹਾ ਸੀ, ਤਦੇ ਮੈਨੂੰ ਇਹ ਮਨਹੂਸ ਖ਼ਬਰ ਮਿਲੀ। ਸਾਨੂੰ ਪਹਿਲਾਂ ਹੀ ਸ਼ੱਕ ਸੀ ਕਿ ਇਜ਼ਰਾਈਲੀ ਇਨ੍ਹਾਂ ਲੋਕਾਂ ਨੂੰ ਦੰਡ ਦਿੱਤੇ ਬਿਨਾਂ ਨਹੀਂ ਜਾਣ ਦੇਣਗੇ। ਹਾਲਾਂਕਿ ਇਜ਼ਰਾਈਲੀ ਫੌਜ ਨੇ ਵੀ ਸਾਨੂੰ ਕਿਹਾ ਸੀ ਕਿ ਇਹ ਸੁਰੱਖਿਅਤ ਖੇਤਰ ਹੈ।”*

*ਅਲ ਜਜ਼ੀਰਾ ਮੀਡੀਆ ਨੈੱਟਵਰਕ ਨੇ ਇੱਕ ਬਿਆਨ ਵਿੱਚ ਕਿਹਾ ਹੈ, “ਇਜ਼ਰਾਈਲੀ ਫੌਜ ਦੇ ਅੰਧਾਧੁੰਦ ਹਮਲੇ ਵਿੱਚ ਦਾਹਦੋਹ ਦੀ ਪਤਨੀ, ਬੇਟੇ ਤੇ ਬੇਟੀ ਦੀ ਮੌਤ ਹੋ ਗਈ ਹੈ, ਜਦੋਂ ਕਿ ਬਾਕੀ ਪਰਵਾਰ ਮਲਬੇ ਹੇਠਾਂ ਦਬ ਗਿਆ ਹੈ। ਉਨ੍ਹਾਂ ਦੇ ਘਰ ਨੂੰ ਰਿਫਿਊਜ਼ੀ ਕੈਂਪ ਵਿੱਚ ਨਿਸ਼ਾਨਾ ਬਣਾਇਆ ਗਿਆ, ਜਿਥੇ ਉਨ੍ਹਾਂ ਆਪਣੇ ਪਹਿਲੇ ਘਰ ਦੇ ਨੇੜੇ ਬੰਬਾਰੀ ਹੋਣ ਕਾਰਨ ਸ਼ਰਨ ਲਈ ਹੋਈ ਸੀ। ਅਸੀਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕਰਦੇ ਹਾਂ ਕਿ ਉਹ ਦਖਲ ਦੇ ਕੇ ਇਜ਼ਰਾਈਲੀ ਹਮਲੇ ਰੁਕਵਾਉਣ ਤਾਂ ਜੋ ਨਿਰਦੋਸ਼ ਲੋਕਾਂ ਦੀਆਂ ਜਾਨਾਂ ਬਚਾਈਆਂ ਜਾ ਸਕਣ।”*

*ਦਾਹਦੋਹ ਦੇ ਸਹਿਯੋਗੀ ਪੱਤਰਕਾਰਾਂ ਨੇ ਕਿਹਾ ਕਿ ਦਾਹਦੋਹ ਦੇ ਪਰਵਾਰ ਦੀ ਹੱਤਿਆ ਫਲਸਤੀਨੀ ਪੱਤਰਕਾਰਾਂ ਨੂੰ ਟਾਰਗੇਟ ਕਰਨ ਦਾ ਹਿੱਸਾ ਹੈ। ਇਸੇ ਦੌਰਾਨ ਇੰਟਰਨੈਸ਼ਨਲ ਫੈਡਰੇਸ਼ਨ ਆ.ਫ ਜਰਨਲਿਸਟਸ ਨੇ ਕਿਹਾ ਹੈ ਕਿ ਗਾਜ਼ਾ ਪੱਟੀ ਵਿੱਚ ਘੱਟ ਤੋਂ ਘੱਟ 21 ਪੱਤਰਕਾਰ ਮਾਰੇ ਗਏ ਹਨ, ਕਈ ਜ਼ਖ਼ਮੀ ਤੇ ਲਾਪਤਾ ਹਨ। ਫੈਡਰੇਸ਼ਨ ਨੇ ਪੱਤਰਕਾਰਾਂ ਦੀਆਂ ਹੱਤਿਆਵਾਂ ਤੇ ਉਨ੍ਹਾਂ ’ਤੇ ਹਮਲਿਆਂ ਦੀ ਨਿੰਦਾ ਕਰਦਿਆਂ ਉਨ੍ਹਾਂ ਦੀ ਮੌਤ ਦੀ ਜਾਂਚ ਦੀ ਮੰਗ ਕੀਤੀ ਹੈ।*

*ਇਸ ਸਮੇਂ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਸਾਰੀ ਦੁਨੀਆ ਫਲਸਤੀਨੀਆਂ ਦੇ ਹੋ ਰਹੇ ਨਸਲਘਾਤ ਨੂੰ ਅੱਖਾਂ ਬੰਦ ਕਰਕੇ ਦੇਖਦੀ ਰਹੇਗੀ? ਦੁਨੀਆ ਭਰ ਵਿੱਚ ਮਨੁੱਖੀ ਅਧਿਕਾਰਾਂ ਦੀ ਦੁਹਾਈ ਦੇਣ ਵਾਲੇ ਅਮਰੀਕਾ ਤੇ ਹੋਰ ਪੱਛਮੀ ਦੇਸ਼ ਇਸ ਇੱਕਪਾਸੜ ਜੰਗ ਨੂੰ ਰੋਕਣ ਦੀ ਥਾਂ ਇਜ਼ਰਾਈਲ ਦੀ ਪਿੱਠ ਥਾਪੜ ਰਹੇ ਹਨ ਤੇ ਉਸ ਨੂੰ ਜੰਗੀ ਸਮਾਨ ਭੇਜ ਰਹੇ ਹਨ। ਪੱਛਮੀ ਦੇਸ਼ ਤੇ ਚੀਨ, ਰੂਸ ਸਲਾਮਤੀ ਕੌਂਸਲ ਵਿੱਚ ‘ਵੀਟੋ-ਵੀਟੋ’ ਖੇਡ ਰਹੇ ਹਨ।*

## ‘ਸੀ ਐੱਮ ਦਾ ਸੱਲ!

*ਭੰਡਣ ਵਾਸਤੇ ਸਾਰੇ ਹੋ ਜਾਣ ’ਕੱਠੇ,*
*ਪੰਜਾ, ਕਮਲ ਤੇ ਨਾਲ ਹੀ ‘ਦਲ’ ਹੁੰਦਾ।*
*ਨਿੱਤ ਨਵੇਂ ਤੋਂ ਨਵੇਂ ਇਲਜ਼ਾਮ ਲਾਉਂਦੇ,*
*ਫਿਰ ਵੀ ਕਿਸੇ ਤੋਂ ਨਹੀਂ ਦਬੱਲ ਹੁੰਦਾ।*
*ਸੱਤਰ ਸਾਲਾਂ ਦੇ ਪਾਏ ਝਮੇਲਿਆਂ ਦਾ,*
*ਕਹਿੰਦੇ ਦਿਨਾਂ ’ਚ ਕਾਹਤੋਂ ਨ੍ਹੀਂ ਹੱਲ ਹੁੰਦਾ।*
*ਰਾਜਪਾਲ ਵੀ ਰਾਜ-ਹਿਤ ਪਾਲਦਾ ਨਾ,*
*ਪੰਗੇ ਪਾਉਣ ਲਈ ਮਾਲਕਾਂ ਵੱਲ ਹੁੰਦਾ।*
*‘ਵਿਸ ਘੋਲਦੇ’ ਰਹਿੰਦੇ ਐ ਸੱਪ ਵਾਂਗੂੰ,*
*‘ਸੀ ਐੱਮ’ ਦੇਖ ਕੇ ਸੀਨੇ ’ਚ ਸੱਲ ਹੁੰਦਾ।*
*ਕੁਰਸੀ ‘ਧਨ-ਕੁਬੇਰਾਂ’ ਰਜਵਾੜਿਆਂ ਦੀ,*
*ਬੈਠਾ ‘ਮਾਸਟਰ ਦਾ ਮੁੰਡਾ’ ਨੀ ਝੱਲ ਹੁੰਦਾ!*

*-ਤਰਲੋਚਨ ਸਿੰਘ ‘ਦੁਪਾਲਪੁਰ’, 001-408-915-1268*

# ਗਾਜ਼ਾ: ਜਿਊਣ ਲਈ ਇੱਕ ਸੰਘਰਸ਼

ਇਜ਼ਰਾਈਲ ਦੀ ਬੰਬਾਰੀ ਅਤੇ 12000 ਟਨ ਵਿਸਫੋਟਕ ਸੁੱਟੇ ਜਾਣ ਕਾਰਨ ਗਾਜ਼ਾ ਵਿੱਚ ਹੁਣ ਤੱਕ 6600 ਦੇ ਕਰੀਬ ਲੋਕ ਮਰ ਚੁੱਕੇ ਹਨ, ਜਿਨ੍ਹਾਂ ਵਿੱਚੋਂ 2600 ਦੇ ਕਰੀਬ ਬੱਚੇ ਹਨ। ਇਹ ਗਿਣਤੀ ਹਰ ਰੋਜ਼ ਵਧ ਰਹੀ ਹੈ। ਹਮਾਸ ਦੇ ਹਮਲੇ ਕਾਰਨ ਮਾਰੇ ਗਏ ਇਜ਼ਰਾਈਲੀਆਂ ਦੀ ਗਿਣਤੀ 1400 ਦੇ ਕਰੀਬ ਹੈ। 7 ਅਕਤੂਬਰ ਨੂੰ ਹਮਾਸ ਵੱਲੋਂ ਇਜ਼ਰਾਈਲੀ ਨਾਗਰਿਕਾਂ ’ਤੇ ਕੀਤਾ ਗਿਆ ਹਮਲਾ ਘਿਨੌਣਾ ਅਪਰਾਧ ਸੀ। ਇਸ ਦੀ ਵਿਸ਼ਵਵਿਆਪੀ ਨਿੰਦਾ ਹੋਈ ਸੀ।

ਪਰ ਗਾਜ਼ਾ ’ਤੇ ਅਸਧਾਰਨ ਬੰਬਾਰੀ ਨੇ ਦਿਖਾਇਆ ਹੈ ਕਿ ਇਜ਼ਰਾਈਲੀ ਸ਼ਾਸਨ ਦਾ ਇਰਾਦਾ ਸਿਰਫ ਹਮਾਸ ਨੂੰ ਖਤਮ ਕਰਨਾ ਨਹੀਂ, ਬਲਕਿ ਇਹ ਫਲਸਤੀਨੀਆਂ ਦੀ ਨਸਲੀ ਸਫਾਈ ਦੇ ਉਦੇਸ਼ ਨਾਲ ਅੱਗੇ ਵਧਦਾ ਪ੍ਰਤੀਤ ਹੁੰਦਾ ਹੈ। ਦੂਜੇ ਦੇਸ਼ਾਂ ਦੇ ਟਕਰਾਅ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਜਿਹੀ ਸਥਿਤੀ ਨਾ ਸਿਰਫ ਖੇਤਰ ਲਈ ਖਤਰਨਾਕ ਹੋਵੇਗੀ, ਸਗੋਂ ਇਸ ਦਾ ਵਿਸਵ ਪੱਧਰ ’ਤੇ ਪ੍ਰਭਾਵ ਪਵੇਗਾ।

ਹਮਾਸ ਦੇ ਕਾਡਰ ਦੇ ਮਰਨ ਵਾਲਿਆਂ ਦੀ ਗਿਣਤੀ ਦਾ ਹਵਾਲਾ ਦੇਣ ਲਈ ਕੋਈ ਅੰਕੜੇ ਉਪਲੱਬਧ ਨਹੀਂ ਹਨ, ਪਰ ਆਮ ਨਾਗਰਿਕਾਂ ਦੀ ਗਿਣਤੀ, ਜੋ ਮਾਰੇ ਗਏ ਹਨ ਅਤੇ ਬੇਘਰ ਹੋ ਗਏ ਹਨ, ਜਿਨ੍ਹਾਂ ਵਿਚ ਜ਼ਿਆਦਾਤਰ ਬੱਚੇ, ਔਰਤਾਂ ਅਤੇ ਬਜ਼ੁਰਗ ਹਨ, ਦਿਲ ਦੁਖਾਉਣ ਵਾਲਾ ਹੈ। ਭੋਜਨ, ਪੀਣ ਲਈ ਪਾਣੀ, ਬੁਨਿਆਦੀ ਸਫਾਈ ਸਹੂਲਤਾਂ, ਬਿਜਲੀ ਅਤੇ ਦਵਾਈਆਂ ਦੀ ਘਾਟ ਨਾਲ ਗਾਜ਼ਾ ਦੇ ਲੋਕਾਂ ਦੀ ਜ਼ਿੰਦਗੀ ਨਰਕ ਬਣ ਰਹੀ ਹੈ।

ਸ਼ਰਨਾਰਥੀ ਕੈਂਪਾਂ ਵਿੱਚ ਰਹਿ ਰਹੇ ਲੋਕਾਂ ’ਤੇ ਸਿਹਤ ਦੇ ਪ੍ਰਭਾਵ ਦੀ ਪੁਸ਼ਟੀ ਕਰਨ ਲਈ ਕਈ ਅਧਿਐਨ ਹਨ, ਪਰ ਗਾਜ਼ਾ ਵਿੱਚ ਸਥਿਤੀ ਬਹੁਤ ਮਾੜੀ ਹੈ ਅਤੇ ਨਾਜ਼ੀ ਤਸ਼ੱਦਦ ਕੈਂਪਾਂ ਵਰਗੀ ਹੈ। ਬੱਚਿਆਂ ਵਿੱਚ ਭੁੱਖ ਨਾਲ ਸਬੰਧਤ ਬਿਮਾਰੀਆਂ ਫੈਲਣ ਦਾ ਗੰਭੀਰ ਖਤਰਾ ਹੈ। ਦਸਤ, ਪੇਚਸ, ਛਾਤੀ ਦੀਆਂ ਲਾਗਾਂ, ਵਾਇਰਲ ਇਨਫੈਕਸ਼ਨ ਆਦਿ ਦੇ ਫੈਲਣ ਦਾ ਵੀ ਖਤਰਾ ਹੈ। ਦਿਲ ਦੀਆਂ ਸਮੱਸਿਆਵਾਂ ਅਤੇ ਸ਼ੂਗਰ ਵਰਗੀਆਂ ਗੈਰ-ਸੰਚਾਰੀ ਬਿਮਾਰੀਆਂ ਛਾਲ ਮਾਰਨ ਦੀ ਬਹੁਤ ਸੰਭਾਵਨਾ ਹੈ। ਪੁਰਾਣੀਆਂ ਬਿਮਾਰੀਆਂ ਲਈ ਕੋਈ ਸਹਾਇਤਾ ਦੀ ਅਣਹੋਂਦ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੇ ਮਰਨ ਦੀ ਸੰਭਾਵਨਾ ਹੈ। ਜੰਗ ਜੇਕਰ ਜਾਰੀ ਰਹੀ ਤਾਂ ਜਾਨਾਂ ਦਾ ਭਾਰੀ ਨੁਕਸਾਨ ਹੋਵੇਗਾ।

ਸਰੀਰਕ ਸਮੱਸਿਆਵਾਂ ਅਤੇ ਬਿਮਾਰੀਆਂ ਤੋਂ ਇਲਾਵਾ ਮਾਨਸਕ ਸਮੱਸਿਆਵਾਂ ਹੋਰ ਵੀ ਭਿਆਨਕ ਹਨ। ਪੈਰਾਨੋਇਡ ਵਿਹਾਰ, ਜਿਸ ਵਿਚ ਡਰ ਮਨ ਵਿੱਚ ਪੂਰੀ ਤਰ੍ਹਾਂ ਬੈਠ ਜਾਂਦਾ ਹੈ। ਐਸੇ ਹਾਲਤਾਂ ਵਿੱਚ ਡਰ ਬਹੁਤ ਵਧ ਜਾਂਦਾ ਹੈ। ਬੱਚੇ ਆਪਣੇ ਰਿਸਤੇਦਾਰਾਂ ਨੂੰ ਗੁਆ ਕੇ ਅਤੇ ਚਾਰੇ ਪਾਸੇ ਮੌਤ ਦੇਖ ਕੇ ਬੁਰੀ ਤਰ੍ਹਾਂ ਘਬਰਾ ਜਾਂਦੇ ਹਨ। ਕੋਈ ਵੀ ਦੇਖਭਾਲ ਅਤੇ ਸਹਾਇਤਾ ਵਾਲਾ ਨਾ ਹੋਣ ਦੇ ਕਾਰਨ ਉਹ ਭਾਵਨਾਤਮਕ ਤੌਰ ’ਤੇ ਬੇਸਹਾਰਾ ਅਤੇ ਪ੍ਰੇਸ਼ਾਨੀ ਮਹਿਸੂਸ ਕਰਦੇ ਹਨ, ਜਿਸ ਨਾਲ ਪੋਸਟ ਟਰੋਮੈਟਿਕ ਸਟਰੈੱਸ ਡਿਸਆਰਡਰ ਹੋਣ ਦੀ ਸੰਭਾਵਨਾ ਹੁੰਦੀ ਹੈ। ਲੋਕਾਂ ਦੇ ਮਨਾਂ ਵਿੱਚ ਲਗਾਤਾਰ ਡਰ ਬਣਿਆ ਰਹਿੰਦਾ ਹੈ। ਡਰ, ਕਿ ਕੀ ਉਹ ਜਾਂ ਉਨ੍ਹਾਂ ਦੇ ਬੱਚੇ ਅਗਲੀ ਬੰਬਾਰੀ ਤੋਂ ਬਚ ਜਾਣਗੇ? ਖਬਰਾਂ ਹਨ ਕਿ ਇਜ਼ਰਾਈਲ ਦੁਆਰਾ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਨ ਦੀ ਸੰਭਾਵਨਾ ਹੈ, ਡਰ ਅਤੇ ਪ੍ਰੇਸ਼ਾਨੀ ਵਧਾਉਂਦੀਆਂ ਹਨ। ਆਧੁਨਿਕ ਸਮੇਂ ਵਿਚ ਇਹ ਮੱਧਕਾਲੀ ਯੁੱਗ ਜਿਵੇਂ ਦੀ ਸਥਿਤੀ ਹੈ। ਗਾਜ਼ਾ ਦੇ ਲੋਕਾਂ ਨੂੰ ਭੋਜਨ, ਪਾਣੀ, ਦਵਾਈਆਂ ਸਮੇਤ ਹਰ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ। ਵਿਸ਼ਵ ਭਾਈਚਾਰੇ ਨੂੰ ਉਨ੍ਹਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਇਹ ਬਦਕਿਸਮਤੀ ਦੀ ਗੱਲ ਹੈ ਕਿ ਸਹਾਇਤਾ ਸਮਗਰੀ ਦੇ ਨਾਲ ਸਿਰਫ ਕੁਝ ਟਰੱਕਾਂ ਨੂੰ ਗਾਜ਼ਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ ਹੈ। ਇਸ ਸਥਿਤੀ ਵਿੱਚ ਪਹਿਲੀ ਤਰਜੀਹ ਜਾਨਾਂ ਬਚਾਉਣ ਦੀ ਹੈ, ਨਹੀਂ ਤਾਂ ਅਖੌਤੀ ਸਹਾਇਤਾ ਕਿਸ ਲਈ ਅਤੇ ਕਿਸ ਕੰਮ ਲਈ ਆ ਰਹੀ ਹੈ।



ਡਾ. ਅਰੁਣ ਮਿੱਤਰਾ

ਇਹ ਮੰਦਭਾਗਾ ਹੈ ਕਿ ਵੱਡੀਆਂ ਸ਼ਕਤੀਆਂ ਸ਼ਾਂਤੀ ਬਹਾਲੀ ਦੀ ਗੱਲ ਕਰਨ ਦੀ ਬਜਾਏ ਇਜ਼ਰਾਈਲ ਦੀ ਸਰਕਾਰ ਦੀਆਂ ਕਾਰਵਾਈਆਂ ਦਾ ਪੂਰੀ ਤਰ੍ਹਾਂ ਨਾਲ ਪੱਖ ਪੂਰ ਰਹੀਆਂ ਹਨ ਅਤੇ ਫਲਸਤੀਨੀਆਂ ਨੂੰ ਸਿਰਫ ਬੁੱਲ੍ਹਾਂ ਦੀ ਸੇਵਾ ਅਦਾ ਕਰ ਰਹੀਆਂ ਹਨ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਦੁਆਰਾ ਬਿਆਨ ‘ਹਮਾਸ ਦੁਆਰਾ ਹਮਲਾ ਇੱਕ ਖਲਾਅ ਵਿੱਚ ਨਹੀਂ ਹੋਇਆ ਸੀ। ਫਲਸਤੀਨੀ ਲੋਕ 56 ਸਾਲਾਂ ਤੋਂ ਦਮ ਘੁਟਣ ਵਾਲੇ ਕਬਜ਼ੇ ਦੇ ਅਧੀਨ ਹਨ’ ਇਸ ਮੁੱਦੇ ਦੇ ਸਥਾਈ ਹੱਲ ਲਈ ਉਨ੍ਹਾ ਦੀ ਦਿਲੀ ਇੱਛਾ ਦਾ ਸੰਕੇਤ ਹੈ। ਹਿੰਸਾ ਕਿਸੇ ਵੀ ਸਥਿਤੀ ਦਾ ਹੱਲ ਨਹੀਂ, ਇਸ ਨੂੰ ਤੁਰੰਤ ਖਤਮ ਕਰਨਾ ਚਾਹੀਦਾ ਹੈ। ਅਰਬ ਮੁਲਕਾਂ ਨੂੰ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ ਲਈ ਸਹੀ ਅਰਥਾਂ ਵਿੱਚ ਪਹਿਲਕਦਮੀ ਕਰਨੀ ਚਾਹੀਦੀ ਹੈ।



ਉਨ੍ਹਾਂ ਨੂੰ ਯੂ ਐਨ ਓ ਨੂੰ ਸਕਾਰਾਤਮਕ ਕੰਮ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਐਂਟੋਨੀਓ ਗੁਟੇਰੇਸ ਵਰਗੇ ਵਿਅਕਤੀ ਦੇ ਯੂ ਐੱਨ ਓ ਦੇ ਸਕੱਤਰ ਜਨਰਲ ਵਜੋਂ ਹੁੰਦੇ ਬਹੁਤ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਯੂ ਐਨ ਓ. ’ਤੇ ਵੱਡੀਆਂ ਸ਼ਕਤੀਆਂ ਦਾ ਦਬਦਬਾ ਖਤਮ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਅਸਲ ਸ਼ਾਂਤੀ ਨਿਰਮਾਤਾ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਜੇਕਰ ਸੁਰੱਖਿਆ ਪ੍ਰੀਸ਼ਦ ਇਸ ਮੁੱਦੇ ਨੂੰ ਸੁਲਝਾਉਣ ਦੇ ਯੋਗ ਨਹੀਂ ਤਾਂ ਇਸ ਤੋਂ ਪਹਿਲਾਂ ਕਿ ਬਹੁਤ ਸਾਰੀਆਂ ਹੋਰ ਜਾਨਾਂ ਚਲੀਆਂ ਜਾਣ ਅਤੇ ਹਾਲਾਤ ਹੋਰ ਬਦਤਰ ਹੋ ਜਾਣ ਜਨਰਲ ਅਸੈਂਬਲੀ ਦਾ ਸੈਸਨ ਤੁਰੰਤ ਬੁਲਾਇਆ ਜਾਣਾ ਚਾਹੀਦਾ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨੇ ਸੁਰੂ ਵਿੱਚ ਇਜਰਾਈਲ ਦੀ ਖੁੱਲ੍ਹ ਕੇ ਹਮਾਇਤ ਕਰਕੇ ਆਪਣੀ ਮਨਸਾ ਜਾਹਿਰ ਕਰ ਦਿੱਤੀ। ਪਰ ਬਾਅਦ ਵਿੱਚ ਭਾਰਤ ਸਰਕਾਰ ਨੇ, ਸਾਇਦ ਅੰਤਰਰਾਸਟਰੀ ਅਤੇ ਕੌਮੀ ਦਬਾਅ ਹੇਠ, ਗਾਜਾ ਵਿੱਚ ਸਾਂਤੀ ਅਤੇ ਲੋਕਾਂ ਨੂੰ ਸਹਾਇਤਾ ਦੀ ਗੱਲ ਕਰਨੀ ਸੁਰੂ ਕਰ ਦਿੱਤੀ। ਹੁਣ ਸਮਾਂ ਆ ਗਿਆ ਹੈ ਕਿ ਫਲਸਤੀਨੀਆਂ ਦੇ ਜਾਇਜ ਹੱਕਾਂ ਲਈ ਸਿੱਧੀ ਗੱਲ ਕੀਤੀ ਜਾਵੇ। ਭਾਰਤ ਨੂੰ ਇਜਰਾਈਲ ਅਤੇ ਫਲਸਤੀਨ ਦੇ ਲੋਕਾਂ ਦੀ ਸਾਂਤੀਪੂਰਨ ਸਹਿ-ਹੋਂਦ ਨੂੰ ਯਕੀਨੀ ਬਣਾਉਣ ਲਈ ਸਾਂਤੀ ਅਤੇ ਸਮੱਸਿਆ ਦੇ ਸਥਾਈ ਹੱਲ ਲਈ ਵਧੇਰੇ ਸਰਗਰਮ ਕੂਟਨੀਤਕ ਭੂਮਿਕਾ ਨਿਭਾਉਣੀ ਹੋਵੇਗੀ।

ਗਾਜ਼ਾ ਦੇ ਲੋਕ ਇਸ ਹਮਲੇ ਨੂੰ ਬਹੁਤ ਬਹਾਦਰੀ ਨਾਲ ਝੱਲ ਰਹੇ ਹਨ, ਪਰ ਉਨ੍ਹਾਂ ਦਾ ਜਜ਼ਬਾ ਕਾਇਮ ਰੱਖਣਾ ਹੋਵੇਗਾ। ਧਰਤੀ ’ਤੇ ਰਹਿਣ ਵਾਲੀ ਹਰ ਜੀਵ ਪ੍ਰਣਾਲੀ ਵਿਚ ਜੀਉਂਦੇ ਰਹਿਣ ਦੀ ਇਕ ਪ੍ਰਵਿਰਤੀ ਹੁੰਦੀ ਹੈ। ਇਸੇ ਤਰ੍ਹਾਂ ਇਨਸਾਨ ਵੀ ਹਨ। ਇਸ ਪ੍ਰਵਿਰਤੀ ਨੇ ਮਨੁੱਖ ਨੂੰ ਸਾਰੀਆਂ ਔਕੜਾਂ, ਕੁਦਰਤੀ ਜਾਂ ਮਨੁੱਖ ਦੁਆਰਾ ਬਣਾਈਆਂ ਬਿਪਤਾਵਾਂ ਦੇ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ ਹੈ। ਆਸਟ੍ਰੀਆ ਦੇ ਮਨੋਵਿਗਿਆਨੀ ਵਿਕਟਰ ਫਰੈਂਕਲ, ਜੋ ਨਾਜ਼ੀਆਂ ਦੇ ਤਸ਼ੱਦਦ ਕੈਂਪਾਂ ਵਿੱਚ ਬਚ ਗਿਆ ਸੀ, ਨੇ ਨਾਜ਼ੀ ਨਜ਼ਰਬੰਦੀ ਕੈਂਪਾਂ ਵਿੱਚ ਕੈਦੀਆਂ ਨੂੰ ਬਿਹਤਰ ਭਵਿੱਖ ਦੀ ਉਮੀਦ ਕਦੇ ਨਾ ਗੁਆਉਣ ਲਈ ਪ੍ਰੇਰਿਤ ਕੀਤਾ। ਆਪਣੀਆਂ ਲਗਾਤਾਰ ਕੋਸ਼ਿਸ਼ਾਂ ਨਾਲ ਉਹ ਹਿਟਲਰ ਦੇ ਯੁੱਧ ਹਾਰਨ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੂੰ ਮਰਨ ਤੋਂ ਬਚਾਉਣ ਵਿਚ ਕਾਮਯਾਬ ਹੋਇਆ। ਗਾਜ਼ਾ ਵਿੱਚ ਸਿਹਤ ਪੇਸ਼ੇਵਰ ਬਹੁਤ ਵਧੀਆ ਕੰਮ ਕਰ ਰਹੇ ਹਨ, ਬਹੁਤ ਹੀ ਮੁਸ਼ਕਲ ਹਾਲਤਾਂ ਵਿੱਚ ਅਤੇ ਅਣਥੱਕ ਤਰੀਕੇ ਨਾਲ ਜਾਨਾਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਲੋਕਾਂ ਨੂੰ ਪ੍ਰੇਰਿਤ ਵੀ ਕਰ ਰਹੇ ਹਨ।

ਹਥਿਆਰ ਬਣਾਉਣ ਵਾਲੀਆਂ ਕੰਪਨੀਆਂ (ਮਿਲਟਰੀ ਇੰਡਸਟਰੀਅਲ ਕੰਪਲੈਕਸ) ਹਥਿਆਰ ਵੇਚਣ ਲਈ ਆਪਣੀ ਗੰਦੀ ਭੂਮਿਕਾ ਨਿਭਾਏਗਾ, ਜਿਵੇਂ ਕਿ ਰੂਸ-ਯੂਕਰੇਨ ਯੁੱਧ ਵਿੱਚ ਹੋ ਰਿਹਾ ਹੈ। ਇਤਿਹਾਸ ਉਨ੍ਹਾਂ ਲੋਕਾਂ ਦੀ ਭੂਮਿਕਾ ਨੂੰ ਪਛਾਣੇਗਾ, ਜੋ ਇਸ ਪਰੀਖਿਆ ਦੇ ਸਮੇਂ ਵਿੱਚ ਫਲਸਤੀਨੀਆਂ ਦੇ ਨਾਲ ਖੜੇ ਹਨ। ਉਹ ਸਮਾਂ ਜਲਦੀ ਹੀ ਆਵੇਗਾ, ਜਦੋਂ ਬੱਚਿਆਂ ਦੇ ਕਾਤਲਾਂ ਦਾ ਸਾਥ ਦੇਣ ਵਾਲਿਆਂ ’ਤੇ ਮੁਕੱਦਮੇ ਚਲਾਏ ਜਾਣਗੇ।

**# ਸੰਪਰਕ : 94170-00360**

# ਸਮਾਜਿਕ ਕੋਹੜ ਹੈ ਇਕੱਲਾਪਣ

**ਸੁਖਪਾਲ ਸਿੰਘ ਗਿੱਲ**

ਜਦੋਂ ਕੋਈ ਵੀ ਵਿਸ਼ਾ ਜਾਂ ਚੀਜ਼ ਆਪਣੇ ਨਾਂਹ-ਪੱਖੀ ਪ੍ਰਭਾਵ ਦਿਖਾਉਂਦੇ ਹਨ, ਉਦੋਂ ਅਸੀਂ ਜਾਗਦੇ ਹਾਂ। ਉਸ ਤੋਂ ਬਾਅਦ ਉਸ ਦੇ ਪਿੱਛੇ ਕਾਰਨਾਂ ਦੀ ਪਰਖ-ਪੜਚੋਲ ਕਰਕੇ ਹੱਲ ਕਰਨ ਦੀ ਦੁਹਾਈ ਮਚਾਉਂਦੇ ਹਾਂ। ਅਜਿਹਾ ਵੇਲਾ ਬੀਤਣ ਤੋਂ ਬਾਅਦ ਜਾਗਣ ਦੇ ਸੁਭਾਅ ਕਰਕੇ ਹੁੰਦਾ ਹੈ। ਅੱਜ ਇਸੇ ਲੜੀ ਤਹਿਤ ਇਕੱਲਾਪਣ ਜਾਂ ਇਕੱਲਾ ਰਹਿਣਾ ਭਖਦਾ ਅਤੇ ਖਾਸ ਮਸਲਾ ਹੈ। ਇਸ ਨੇ ਮਨੁੱਖਤਾ ਅਤੇ ਖਾਸ ਤੌਰ ’ਤੇ ਬੁਢਾਪਾ ਰੋਲ ਕੇ ਰੱਖ ਦਿੱਤਾ ਹੈ। ਅੱਜ ਦੀ ਜੀਵਨ ਸ਼ੈਲੀ ਦੀ ਇਹ ਮੁੱਖ ਸਮੱਸਿਆ ਹੈ। ਰੱਦੀ ਸਿਰਫ ਅਖਬਾਰਾਂ, ਕਾਪੀਆਂ ਅਤੇ ਕਾਗਜ਼ਾਂ ਦੀ ਨਹੀਂ ਹੁੰਦੀ, ਬਹੁਤੀ ਵਾਰ ਬੇਕਦਰਿਆਂ ਦੀ ਨਾ-ਸਨਾਸ਼ੀ ਵੀ ਮਹਿੰਗਾ ਮਾਲ ਸਵੱਲੇ ਭਾਅ ਵੇਚ ਦਿੰਦੀ ਹੈ। ਕੋਹੜ ਦਾ ਰੂਪ ਧਾਰਨ ਕਰ ਚੁੱਕਿਆ ਇਕੱਲਾਪਣ ਸ਼ੁਰੂ ਹੋਣ ਦੇ ਵੱਖ-ਵੱਖ ਕਾਰਨ ਹਨ। ਅਜੋਕੇ ਸਮੇਂ ਧਾਰਮਿਕ, ਸਮਾਜਿਕ ਅਤੇ ਸ਼ਿਸ਼ਟਾਚਾਰ ਨੂੰ ਕੀਲੀ ਟੰਗ ਕੇ ਇਕੱਲਾਪਣ ਖੁਦ ਠੋਸਿਆ ਅਤੇ ਖੁਦ ਸਹੇੜਿਆ ਜਾਂਦਾ ਹੈ। ਹਾਂ ਇਕ ਗੱਲ ਹੋਰ ਵੀ ਹੈ ਕਿ ਨਵੀਂ-ਪੁਰਾਣੀ ਪੀੜ੍ਹੀ ਦਾ ਪਾੜਾ ਵਧਣ ਕਰਕੇ ਜਦੋਂ ਖਿਆਲਾਤ ਨਹੀਂ ਮਿਲਦੇ ਤਾਂ ਵੀ ਵੱਖਰੀ ਸੋਚ ਕਰਕੇ ਨਵੀਂ ਪੀੜ੍ਹੀ ਹਾਣਦਿਆਂ ਨਾਲ ਖੁਸ਼ੀਆਂ ਮਨਾਉਂਦੀ ਹੈ, ਪਰ ਬਜ਼ੁਰਗ ਨਵੀਂ ਪੀੜ੍ਹੀ ਨੂੰ ਪਿਆਰ ਕਰਨ ਦੇ ਬਾਵਜੂਦ ਸੰਤਾਪ ਹੰਢਾਉਂਦੇ ਹਨ। ਇਸ ਨਾਲ ਸਮਾਜ ਵੀ ਅੰਦਰੂਨੀ ਨਬਜ਼ ਤੇਜ਼ ਚੱਲ ਕੇ ਕਈ ਸਮਾਜਿਕ ਰੋਗ ਸਹੇੜਦੀ ਹੈ। ਇਕੱਲੇਪਣ ਦਾ ਉਦੈ ਉਦੋਂ ਹੁੰਦਾ ਹੈ, ਜਦੋਂ ਮਨੁੱਖਤਾ ਸਾਰੇ ਪ੍ਰਬੰਧਾਂ, ਵਿਵਸਥਾਵਾਂ ਅਤੇ ਆਦਰਸ਼ਾਂ ਵਿੱਚੋਂ ਵਿਸ਼ਵਾਸ ਗਵਾ ਲੈਂਦੀ ਹੈ। ਜੀਵਨ ਸ਼ੈਲੀ ਦੀ ਇਕੱਲਾਪਣ ਮੁੱਖ ਸਮੱਸਿਆ ਹੈ। ਇਹ ਸਿਗਰਟਨੋਸ਼ੀ ਜਿੰਨਾ ਹੀ ਖਤਰਨਾਕ ਮੰਨਿਆ ਗਿਆ ਹੈ।

ਇਕੱਲਾਪਣ, ਇਕੱਲਤਾ ਅਤੇ ਇਕੱਲਾ ਜੀਵਨ ਬਤੀਤ ਕਰਨਾ ਤੰਦਰੁਸਤੀ ਦਾ ਵੱਡਾ ਦੁਸ਼ਮਣ ਹੈ। ਇਕੱਲਾਪਣ ਮਾਨਸਿਕ ਕਮਜ਼ੋਰੀ ਪੈਦਾ ਕਰਕੇ ਸੰਤੁਲਨ ਵਿਗਾੜਦਾ ਹੈ। ਮਾਹਿਰਾਂ ਨੇ ਤਾਂ ਇਕੱਲੇਪਣ ਨੂੰ ਨਤੀਜੇ ਉੱਤੇ ਪਹੁੰਚਾਉਣ ਲਈ ਯਤਨ ਸ਼ੁਰੂ ਕੀਤੇ ਹੋਏ ਹਨ, ਪਰ ਪੀੜ੍ਹੀ ਦਾ ਪਾੜਾ ਅਤੇ ਬਦਲਦੇ ਹਾਲਾਤ ਪੈਰ ਨਹੀਂ ਲੱਗਣ ਦਿੰਦੇ। ਇੰਗਲੈਂਡ ਨੇ ਤਾਂ ਇਕੱਲੇਪਣ ਦੀ ਸਮੱਸਿਆ ਨਾਲ ਜੂਝਣ ਲਈ 2018 ਵਿੱਚ ਇਕੱਲੇਪਣ ਲਈ ਮੰਤਰਾਲਾ ਸ਼ੁਰੂ ਕੀਤਾ, ਅਜਿਹਾ ਹੀ ਮੰਤਰਾਲਾ 2021 ਵਿੱਚ ਜਾਪਾਨ ਨੇ ਵੀ ਸ਼ੁਰੂ ਕੀਤਾ। ਇਸ ਤੋਂ ਸਪੱਸ਼ਟ ਹੈ ਕਿ ਇਕੱਲੇਪਣ ਦਾ ਘੁਣ ਆਲਮੀ ਪੱਧਰ ’ਤੇ ਲੱਗਿਆ ਹੋਇਆ ਹੈ। ਖੋਜ ਕਰਤਾ ਬਦਲ ਰਹੇ ਸਮਾਜਿਕ ਸਬੰਧ ਅਤੇ ਸੋਚ ਵਿੱਚ ਵੱਡੇ ਖੱਪੇ ਨੂੰ ਹੀ ਇਕੱਲਤਾ ਦੀ ਨੀਂਹ ਦੱਸਦੇ ਹਨ। ਇਕੱਲੇਪਣ ਦੀ ਦਵਾਈ ਨਹੀਂ ਹੁੰਦੀ ਸਿਰਫ ਜੀਵਨ ਵਿੱਚ ਬਦਲਾਓ ਹੀ ਇਸ ਦਾ ਨੁਸਖਾ ਹੈ। ਭਾਵਨਾਵਾਂ ਨੂੰ ਸਮਝ ਕੇ ਹੀ ਇਸ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਸਮਾਜਿਕ ਤਰਾਸਦੀ ਇਹ ਹੁੰਦੀ ਹੈ ਕਿ ਜੋ ਕਿਸੇ ਨੂੰ ਇਸ ਇਕੱਲੇਪਣ ’ਚੋਂ ਕੱਢਣ ਦੀ ਸੋਚਦੇ ਹਨ, ਹੌਲੀ-ਹੌਲੀ ਉਹ ਵੀ ਇਸੇ ਬਿਮਾਰੀ ਵਿੱਚ ਜਾ ਵੜਦੇ ਹਨ, ਕਿਉਂਕਿ ਉਹਨਾਂ ਨੂੰ ਨਕਾਰਨ ਵਾਲੇ ਸਮਝਣ ਵਾਲਿਆਂ ਉੱਤੇ ਭਾਰੂ ਪੈ ਜਾਂਦੇ ਹਨ। ਇਸ ਸਮੱਸਿਆ ਨੇ ‘ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ’ ਦੇ ਵਿਸ਼ੇ ਨੂੰ ਉਲਟਾ ਕਰਨ ਦਾ ਯਤਨ ਵੀ ਕੀਤਾ।

ਪੁਰਾਤਨ ਸਾਂਝੇ ਪਰਵਾਰਾਂ ਵਿੱਚ ਇਕੱਲੇਪਣ ਦਾ ਵਰਕਾ ਹੀ ਨਹੀਂ ਹੁੰਦਾ ਸੀ। ਜਿਵੇਂ-ਜਿਵੇਂ ਛੋਟੇ ਪਰਵਾਰ ਹੁੰਦੇ ਗਏ, ਉਵੇਂ-ਉਵੇਂ ਹੀ ਇਕੱਲਾਪਣ ਜੀਵਨ ਵਿੱਚ ਪਰਵੇਸ਼ ਕਰਦਾ ਗਿਆ। ਦਰਕਿਨਾਰ ਹੋਇਆ ਕਠੇਬਾ ਲੀਰੋ-ਲੀਰ ਹੋ ਕੇ ਆਪਣੀ ਹੋਣੀ ਨੂੰ ਝੂਰ ਰਿਹਾ ਹੈ। ਆਰਜ਼ੀ ਤੌਰ ’ਤੇ ਇਕਾਂਤ ਅਤੇ ਇਕੱਲੇਪਣ ਨੂੰ ਅਲੱਗ-ਅਲੱਗ ਕਰਦੇ ਹੋਏ ਸਰੀਰਕ ਅਤੇ ਸਿੱਖਿਆ ਦੇ ਤੌਰ ’ਤੇ ਠੀਕ ਵੀ ਸਮਝਿਆ ਜਾ ਸਕਦਾ ਹੈ, ਪਰ ਪੱਕੇ ਤੌਰ ’ਤੇ ਇਹ ਮਾਰੂ ਹੈ। ਇਕ ਇਕੱਲਾ ਰਹਿਣਾ ਪਸੰਦ ਕਰਦੇ ਹਨ। ਦੂਜਿਆਂ ਦੀ ਇਕੱਲਾ ਰਹਿਣਾ ਮਜਬੂਰੀ ਬਣ ਜਾਂਦਾ ਹੈ। ਦੋਵੇਂ ਹੀ ਨਕਾਰਾ ਕਰਨ ਦਾ ਸੁਭਾਅ ਰੱਖਦੇ ਹਨ। ਜਿਹੜੇ ਆਦਤ ਦੇ ਤੌਰ ’ਤੇ ਇਕੱਲਾਪਣ ਸਹੀ ਸਮਝਦੇ ਹਨ, ਉਹਨਾਂ ਨੂੰ ਖੁਸ਼ੀ-ਖੁਸ਼ੀ ਆਪਣੇ ਪਰਵਾਰ ਵਿੱਚ ਵਿਚਰਨਾ ਚਾਹੀਦਾ ਹੈ। ਆਮ ਤੌਰ ’ਤੇ ਦੇਖਿਆ ਜਾਂਦਾ ਹੈ ਕਿ ਜੋ ਇਕੱਲਾਪਣ ਹੰਢਾਉਂਦੇ ਹਨ, ਉਹ ਕਿਸੇ ਦੂਜੇ ਨੂੰ ਆਪਣੇ ਨੇੜੇ ਢੁੱਕਣ ’ਤੇ ਚਿੜ-ਚਿੱੜੇ ਫੁੰਕਾਰੇ ਮਾਰਦੇ ਹਨ। ਸਮੱਸਿਆ ਤੋਂ ਡਰ ਕੇ ਮੈਦਾਨ ਵੀ ਛੱਡ ਦਿੰਦੇ ਹਨ। ਆਸ਼ਾਵਾਦੀ ਹੋਣ ਦੀ ਬਜਾਏ ਨਿਰਾਸ਼ਾਬਾਦ ਨੂੰ ਮੰਨ ਵਿੱਚ ਵਸਾ ਲੈਂਦੇ ਹਨ। ਇਹ ਸਥਿਤੀ ਇਕੱਲੇਪਣ ਨੂੰ ਮਾਨਸਿਕ, ਸਮਾਜਿਕ ਅਤੇ ਸਰੀਰਕ ਮੌਤ ਵੱਲ ਧੱਕਦੀ ਹੈ। ਇਕੱਲਾਪਣ ਨਸ਼ੇ ਵੱਲ ਅਤੇ ਨਸ਼ਾ ਇਕੱਲੇਪਣ ਦਾ ਰਾਹ ਦਿਖਾਉਂਦਾ ਹੈ। ਸਵੈਮਾਣ ਕਾਰਨ ਜੋ ਦੂਜਿਆਂ ਦੇ ਮੁਕਾਬਲੇ ਨਹੀਂ ਕਰ ਸਕਦੇ, ਉਹ ਵੀ ਉਦਾਸੀ ਅਤੇ ਇਕੱਲਤਾ ਦੇ ਖਾਤੇ ਪੈ ਜਾਂਦੇ ਹਨ। ਅੱਜ-ਕੱਲ੍ਹ ਇਕੱਲਾਪਣ ਇੱਕ ਬਿਜ਼ਨੈੱਸ ਵੀ ਬਣ ਗਿਆ ਹੈ। ਇਕੱਲੇਪਣ ’ਚੋਂ ਉਪਜੀ ਉਦਾਸੀ ਅਤੇ ਤਣਾਅ ਦਵਾਈਆਂ ਦੀ ਦਲਦਲ ਵਿੱਚ ਫਸਾ ਕੇ ਪੈਸਾ ਬਰਬਾਦ ਕਰਵਾਉਂਦਾ ਹੈ।

ਇਹ ਵਿਸ਼ਾ ਇਕ ਅਜਿਹੀ ਦਰਦਨਾਕ ਸਥਿਤੀ ਹੈ ਕਿ ਇਕੱਲੇਪਣ ਦੇ ਅਸੀਂ ਖੁਦ ਹੀ ਰਾਹੀ ਹੁੰਦੇ ਹਾਂ। ਰਸਤਾ ਵੀ ਅਸੀਂ ਹੀ ਹਾਂ, ਮੰਜ਼ਲ ’ਤੇ ਵੀ ਅਸੀਂ ਪੁੱਜਦੇ ਹਾਂ। ਮੰਜ਼ਲ ਜਿਹੋ ਜਿਹੀ ਹੋਵੇ, ਜ਼ਿਆਦਾਤਰ ਇਕੱਲੇਪਣ ਦੀ ਮੰਜ਼ਲ ਤਬਾਹੀ ਹੁੰਦੀ ਹੈ। ਜਿਹੜੇ ਵਕਤ ਦੇ ਮਾਰੇ ਹੋਏ ਕਰੋਪੀ ਦੇ ਸ਼ਿਕਾਰ ਇਕੱਲਾਪਣ ਝੱਲਦੇ ਹਨ, ਉਹਨਾਂ ਨੂੰ ਸਮਾਜਿਕ, ਮਾਨਸਿਕ ਅਤੇ ਸਰੀਰਕ ਤੌਰ ’ਤੇ ਤੀਹਰੀ ਮਾਰ ਝੱਲਣੀ ਪੈਂਦੀ ਹੈ। ਇਕੱਲੇਪਣ ਕਾਰਨ ਉਹਨਾਂ ਦੀ ਔਲਾਦ ਸਮੇਂ ਦੇ ਅਨੁਸਾਰ ਬਜ਼ੁਰਗਾਂ ਨਾਲ ਮਾੜਾ ਵਤੀਰਾ ਕਰਦੀ ਹੈ। ਅਜੋਕੀ ਪੀੜ੍ਹੀ ਨੂੰ ਸੱਭਿਅਤ ਅਤੇ ਸੰਸਕ੍ਰਿਤੀ ਦੇ ਤੌਰ ’ਤੇ ਆਦਰ, ਸਤਿਕਾਰ ਰਹਿਤ ਪੀੜਾ ਦੇਣ ਵਾਲੀ ਸਾਡੀ ਪਹਿਲੀ ਪੀੜ੍ਹੀ ਹੈ। ਹੁਣ ਤਾਂ ਅਜਿਹੇ ਵਤੀਰਿਆਂ ਨੂੰ ਸਮਾਜਿਕ ਮਾਨਤਾ ਮਿਲਣੀ ਸ਼ੁਰੂ ਹੋ ਚੁੱਕੀ ਹੈ। ਇਸ ਦੀ ਮਿਸਾਲ ਪੰਜਾਬ ਵਰਗੇ ਸੰਪੂਰਨ ਸੂਬੇ ਵਿੱਚ ਬਿਰਧ ਆਸ਼ਰਮ ਖੁੱਲ੍ਹਣਾ ਵੀ ਹੈ। ਦਾਰਸ਼ਨਿਕ ਦੱਸਦੇ ਹਨ ਕਿ ਜਦੋਂ ਸਮਾਜਿਕ ਕਠਿਨਾਈ ਆਉਂਦੀ ਹੈ ਤਾਂ ਕੁਦਰਤ ਬਲ ਬੁੱਧੀ ਬਖਸ਼ ਦਿੰਦੀ ਹੈ, ਪਰ ਇੱਥੇ ਇਕੱਲਾਪਣ ਪੀੜ੍ਹੀ ਦੀ ਪਾੜੇ ਦੀ ਮਾਰ ਹੇਠ ਆਉਂਦਾ ਹੈ। ਇਸ ਨਾਲ ਬਲ ਅਤੇ ਬੁੱਧੀ ਨੂੰ ਜੰਦਰੇ ਲੱਗ ਜਾਂਦੇ ਹਨ, ਮਨੁੱਖਤਾ ਲਾਚਾਰ ਹੋ ਜਾਂਦੀ ਹੈ। ਭੁੱਖ, ਪਿਆਸ ਅਤੇ ਖੁਸ਼ੀ ਨੂੰ ਇਕੱਲਾਪਣ ਖਾ ਜਾਂਦਾ ਹੈ। ਕਈ ਜਮਾਂਦਰੂ ਹੀ ਇਕੱਲੇਪਣ ਦੇ ਆਦਿ ਹੁੰਦੇ ਹਨ, ਖੁਦ ਹੀ ਸਮਾਜਿਕ ਲਾਹਨਤਾਂ ਸੱਦ ਕੇ ਮਨੋਰੋਗੀ ਬਣ ਜਾਂਦੇ ਹਨ। ਇਕੱਲਾਪਣ ਇੱਕ ਜੀਵਨ ਦੀ ਮਾੜੀ ਘਟਨਾ ਹੋ ਨਿਬੜਦੀ ਹੈ। ਇਹ ਅਲਾਮਤ ਖੁਦ ਇਕੱਲੀ ਜਾਨ ਹੀ ਸਮਾਜ ਨਾਲੋਂ ਅਤੇ ਘਰ ਨਾਲੋਂ ਟੁੱਟ ਕੇ ਜੀਵਨ ਬਤੀਤ ਕਰਦੀ ਹੈ। ਇਕੱਲਤਾ ਜਿੱਥੇ ਮਾਨਸਿਕ ਰੋਗਾਂ ਦੀ ਮਾਂ ਹੈ, ਉੱਥੇ ਸਮਾਜਿਕ ਖੁਸ਼ੀਆਂ ਦਾ ਵੈਰੀ ਵੀ ਹੈ।

ਇਕੱਲਤਾ ਰਹਿਤ ਭਾਵ ਇਕੱਠ ਦਾ ਸਮੂਹ ਮਾਨਸਿਕਤਾ ਤਰੋ-ਤਾਜ਼ਾ ਰੱਖਦੀ ਹੈ। ਇਕੱਲੇਪਣ ਵਿਚ ਇੰਦਰੀਆਂ ਬਾਹਰਮੁਖੀ ਹੋ ਕੇ ਸਮਾਜ ਵਿੱਚੋਂ ਸੁਖ ਭਾਲਦੀਆਂ ਹਨ। ਉਹਨਾਂ ਨੂੰ ਫਿਰ ਵੀ ਸੁੱਖ ਨਹੀਂ ਮਿਲਦਾ, ਉਹ ਇਕੱਲੇ ਪੈ ਜਾਂਦੇ ਹਨ। ਸਾਥ ਬਿਨਾਂ ਜੱਗ ਸੁੰਨਾ ਦੇ ਸਿਧਾਂਤ ਅਨੁਸਾਰ ਇਕੱਲੇਪਣ ਵਿੱਚ ਇਕ ਹੱਦ ਤੋਂ ਬਾਅਦ ਬੰਦੇ ਦਾ ਅੰਦਰ ਧੁਖ ਜਾਂਦਾ ਹੈ। ਬੰਦਾ ਸਭ ਕੁੱਝ ਛੱਡ ਦਿੰਦਾ ਹੈ। ਸੋਸ਼ਲ ਮੀਡੀਆ ’ਤੇ ਇਕੱਲਾਪਣ ਦੂਰ ਕਰਨ ਲਈ ਸੁਨੇਹੇ ਭੇਜੇ ਜਾ ਸਕਦੇ ਸਨ, ਪਰ ਵਿਅਕਤੀਗਤ ਮਿਲਣੀ ਨਹੀਂ ਹੁੰਦੀ। ਸਮਾਜ ਦੀ ਕੋਹੜ ਅਤੇ ਨਾਸੂਰ ਰੂਪੀ ਇਕੱਲਤਾ, ਇਕੱਲੇਪਣ ਦੀ ਤਰਾਸਦੀ ਨੂੰ ਸਾਂਭਣ ਲਈ ਧਾਰਮਿਕ, ਸਮਾਜਿਕ ਅਤੇ ਵਿਦਿਅਕ ਖੇਤਰ ਅੱਗੇ ਆਉਣ, ਇਸ ਨਾਲ ਮਨੁੱਖ ਇਕੱਲੇਪਣ ਤੋਂ ਬਾਹਰ ਨਿਕਲ ਸਕੇਗਾ ਅਤੇ ਸਮਾਜ ਵਿੱਚ ਇਕੱਲਪੁਣਾ ਹੰਢਾ ਰਹੇ ਮਨੁੱਖ ਦੀ ਕੀਮਤ ਵਧੇਗੀ। ਇਸ ਨਾਲ ਇਸ ਤਰਾਸਦੀ ਵਾਲਾ ਬੰਦਾ ਸਮਾਜ ਵਿੱਚ ਮਜ਼ਾਕ ਦਾ ਪਾਤਰ ਨਹੀਂ ਬਣੇਗਾ ਅਤੇ ਸਮਾਜ ਵਿੱਚ ਬੋਝ ਬਣਨ ਤੋਂ ਛੁਟਕਾਰਾ ਪਾਵੇਗਾ।

**# ਸੰਪਰਕ : 98781-11445**

# ਝੋਨੇ ਦੀ ਪਰਾਲੀ ਕਈ ਕਿਸਾਨਾਂ ਲਈ ਇੱਕ ਵੱਡੀ ਸਮੱਸਿਆ

ਨਵੀਆਂ ਤਕਨੀਕਾਂ ਦੇ ਆਉਣ ਦੇ ਬਾਵਜੂਦ ਬਹੁਤ ਸਾਰੇ ਕਿਸਾਨਾਂ ਲਈ ਝੋਨੇ ਦੀ ਪਰਾਲੀ ਨੂੰ ਸਾਂਭਣਾ ਇੱਕ ਵੱਡੀ ਮੁਸੀਬਤ ਬਣ ਚੁੱਕੀ ਹੈ। ਝੋਨੇ ਦੀ ਫ਼ਸਲ ਦੀ ਕਟਾਈ ਤੋਂ ਬਾਅਦ ਕਿਸਾਨ ਦੀ ਸਭ ਤੋਂ ਵੱਡੀ ਸਮੱਸਿਆ ਹੁੰਦੀ ਹੈ ਇਸ ਫ਼ਸਲ ਦੀ ਪਰਾਲੀ ਨੂੰ ਸਾਂਭਣਾ। ਇਹ ਪਰਾਲੀ ਕਿਸਾਨ ਲਈ ਇੱਕ ਵੱਡੀ ਪਰੇਸ਼ਾਨੀ ਬਣ ਜਾਂਦੀ ਹੈ, ਜਿਸ ਦਾ ਹੱਲ ਕਰਨ ਲਈ ਉਸ ਨੂੰ ਸਿਵਾਏ ਇਸ ਨੂੰ ਅੱਗ ਲਗਾਉਣ ਦੇ ਕਿਸਾਨਾਂ ਨੂੰ ਹੋਰ ਕੋਈ ਹੱਲ ਨਹੀਂ ਸੁੱਝਦਾ। ਅਖੀਰ ਉਹ ਨਾ ਚਾਹੁੰਦਾ ਹੋਇਆ ਵੀ ਆਪਣੇ ਸੋਨੇ ਰੰਗੇ ਖੇਤਾਂ ਨੂੰ ਪਲਾਂ ਵਿੱਚ ਅੱਗ ਦੀਆਂ ਲਪਟਾਂ ਦੇ ਹਵਾਲੇ ਕਰ ਦਿੰਦਾ ਹੈ ਅਤੇ ਆਪਣੇ ਸਾਰੇ ਖੇਤ ਕੋਲੇ ਰੰਗੇ ਵਾਂਗ ਕਾਲੇ ਕਰ ਬਹਿੰਦਾ ਹੈ। ਕਣਕ ਦੀ ਫ਼ਸਲ ਦੀ ਬਿਜਾਈ ਦਾ ਸਮਾਂ ਵੀ ਬਿਲਕੁਲ ਨੇੜੇ ਹੋਣ ਕਾਰਨ ਅਤੇ ਸਮੇਂ ਦੀ ਘਾਟ ਹੋਣ ਕਰਕੇ ਉਹ ਇਸ ਪਰਾਲੀ ਨੂੰ ਅੱਗ ਲਗਾਉਣਾ ਹੀ ਸਹੀ ਸਮਝਦਾ ਹੈ।

ਝੋਨੇ ਦੀ ਪਰਾਲੀ ਨੂੰ ਸਾੜਨ ਦੇ ਕਰਕੇ ਪਾਣੀ, ਵਾਤਾਵਰਣ ਅਤੇ ਜ਼ਮੀਨ ਦਾ ਪ੍ਰਦੂਸ਼ਣ ਇੱਕਦਮ ਵਧ ਜਾਂਦਾ ਹੈ। ਖੇਤੀਬਾੜੀ ਮਾਹਿਰਾਂ ਅਨੁਸਾਰ 1 ਟਨ ਪਰਾਲੀ ’ਚ 5.5 ਕਿਲੋ ਨਾਈਟ੍ਰੋਜਨ, 1.2 ਕਿਲੋ ਸਲਫ਼ਰ, 2.3 ਕਿਲੋ ਫ਼ਾਸਫ਼ੋਰਸ, 25 ਕਿਲੋ ਪੋਟਾਸ਼, 400 ਕਿਲੋ ਕਾਰਬਨ ਅਤੇ 50 ਤੋਂ 70 ਪ੍ਰਤੀਸ਼ਤ ਛੋਟੇ ਤੱਤ ਮੌਜੂਦ ਹੁੰਦੇ ਹਨ, ਜਿਨ੍ਹਾਂ ਦੀ ਸਾਡੀ ਖੇਤੀਬਾੜੀ ਵਿੱਚ ਬਹੁਤ ਜ਼ਰੂਰਤ ਹੁੰਦੀ ਹੈ। ਜੇਕਰ ਪਰਾਲੀ ਨੂੰ ਅੱਗ ਲਗਾ ਕੇ ਨਸ਼ਟ ਕਰ ਦਿੱਤਾ ਜਾਵੇ ਤਾਂ 80 ਪ੍ਰਤੀਸ਼ਤ ਕਾਰਬਨ, 89 ਪ੍ਰਤੀਸ਼ਤ ਨਾਈਟ੍ਰੋਜਨ, 20 ਪ੍ਰਤੀਸ਼ਤ ਫ਼ਾਸਫ਼ੋਰਸ, 50 ਪ੍ਰਤੀਸ਼ਤ ਸਲਫ਼ਰ ਤੱਤ ਨਸ਼ਟ ਹੋ ਜਾਂਦੇ ਹਨ। ਇਹੋ ਨਹੀਂ ਪੰਜਾਬ ਵਿੱਚ ਹਰ ਸਾਲ ਝੋਨੇ ਦੀ ਪਰਾਲੀ ਨੂੰ ਸਾੜਨ ਕਰਕੇ 200 ਕਰੋੜ ਕੀਮਤ ਦੇ 1.5 ਲੱਖ ਟਨ ਪੋਸ਼ਕ ਤੱਤ ਨਸ਼ਟ ਹੋ ਜਾਂਦੇ ਹਨ। ਜਿੱਥੇ ਇਸ ਪਰਾਲੀ ਨੂੰ ਸਾੜਨ ਦਾ ਸਾਨੂੰ ਬਹੁਤ ਵੱਡਾ ਆਰਥਿਕ ਨੁਕਸਾਨ ਹੁੰਦਾ ਹੈ, ਉੱਥੇ ਹੀ ਇਸ ਦਾ ਸਾਡੇ ਵਾਤਾਵਰਣ ਅਤੇ ਸਾਡੀ ਮਨੁੱਖੀ ਸਿਹਤ ਨੂੰ ਅਥਾਹ ਨੁਕਸਾਨ ਹੁੰਦਾ ਹੈ।



ਦਿਨੇਸ਼ ਦਮਾਥੀਆ

ਖੇਤੀ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਝੋਨੇ ਦੀ 1 ਟਨ ਪਰਾਲੀ ਦੇ ਧੂਏਂ ਵਿੱਚ ਮੌਜੂਦ 1515 ਕਿਲੋਗ੍ਰਾਮ ਕਾਰਬਨ ਡਾਇਆਕਸਾਈਡ, 92 ਕਿਲੋਗ੍ਰਾਮ ਕਾਰਬਨ ਮੋਨੋਆਕਸਾਈਡ, 2.7 ਕਿਲੋਗ੍ਰਾਮ ਮੀਥੇਨ, 3.83 ਕਿਲੋਗ੍ਰਾਮ ਨਾਈਟ੍ਰਿਕ ਆਕਸਾਈਡ ਆਦਿ ਗੈਸਾਂ ਵਾਤਾਵਰਣ ਵਿੱਚ ਇੱਕਦਮ ਫੈਲ ਜਾਂਦੀਆਂ ਹਨ ਅਤੇ ਪ੍ਰਦੂਸ਼ਣ ਦਾ ਮੁੱਖ ਕਾਰਨ ਬਣਦੀਆਂ ਹਨ। ਪਰਾਲੀ ਦੇ ਸੰਘਣੇ ਧੂਏਂ ਕਾਰਨ ਸੜਕਾਂ ਉੱਤੇ ਆਵਾਜਾਈ ਪ੍ਰਭਾਵਿਤ ਹੁੰਦੀ ਹੈ ਅਤੇ ਅਣਸੁਖਾਵੀਆਂ ਦੁਰਘਟਨਾਵਾਂ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਧੂਏਂ ਦੇ ਕਾਰਨ ਮਨੁੱਖਾਂ ਵਿੱਚ ਅੱਖਾਂ ਦੀ ਜਲਨ, ਸਾਹ, ਚਮੜੀ ਅਤੇ ਦਿਲ ਦੇ ਗੰਭੀਰ ਰੋਗ ਹੋ ਜਾਂਦੇ ਹਨ। ਇਸ ਪਰਾਲੀ ਨੂੰ ਸਾੜਨ ਵੇਲੇ ਪੈਦਾ ਹੋਏ ਧੂਏਂ ਦੇ ਲਗਾਤਾਰ ਸਾਡੇ ਸਾਹ ਰਾਹੀਂ ਅੰਦਰ ਜਾਣ ਨਾਲ ਸਾਡੇ ਫੇਫੜਿਆਂ ਨੂੰ ਬਹੁਤ ਨੁਕਸਾਨ ਹੁੰਦਾ ਹੈ ਅਤੇ ਇਸ ਨਾਲ ਅਸਥਮਾ ਵੀ ਹੋ ਸਕਦਾ ਹੈ। ਕਈ ਮਿੱਤਰ ਕੀੜੇ ਵੀ ਸੜ ਕੇ ਨਸ਼ਟ ਹੋ ਜਾਂਦੇ ਹਨ। ਕਈ ਵਾਰ ਨਾਲ ਦੇ ਖੇਤਾਂ ਵਿੱਚ ਵੀ ਝੋਨੇ ਦੀ ਪਰਾਲੀ ਨੂੰ ਅੱਗ ਲੱਗ ਜਾਂਦੀ ਹੈ ਅਤੇ ਬਹੁਤ ਵੱਡਾ ਆਰਥਿਕ ਨੁਕਸਾਨ ਹੋ ਸਕਦਾ ਹੈ। ਪਰਾਲੀ ਦੇ ਧੂਏਂ ਨਾਲ ਦੁਧਾਰੂ ਪਸ਼ੂਆਂ ਦਾ ਦੁੱਧ ਵੀ ਘਟ ਜਾਂਦਾ ਹੈ ਅਤੇ ਉਹਨਾਂ ਨੂੰ ਵੀ ਕਈ ਤਰ੍ਹਾਂ ਦੇ ਅੰਦਰੂਨੀ ਰੋਗ ਲੱਗ ਜਾਂਦੇ ਹਨ। ਹੁਣ ਤਾਂ ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਹੀ ਵਾਹ ਕੇ ਇਸ ਨੂੰ ਸਾਂਭਿਆ ਜਾ ਸਕਦਾ ਹੈ। ਖੇਤੀਬਾੜੀ ਇੰਜੀਨੀਅਰਿੰਗ ਵਿਭਾਗ ਪੰਜਾਬ ਸਰਕਾਰ ਵੱਲੋਂ ਕਈ ਤਰ੍ਹਾਂ ਦੀਆਂ ਮਸ਼ੀਨਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦੇ ਰਾਹੀਂ ਝੋਨੇ ਦੀ ਸਾਰੀ ਦੀ ਸਾਰੀ ਪਰਾਲੀ ਨੂੰ ਖੇਤ ਵਿੱਚ ਹੀ ਵਾਹ ਕੇ ਅਗਲੀ ਫ਼ਸਲ ਦੀ ਬਿਜਾਈ ਬੜੇ ਹੀ ਸੁਚੱਜੇ ਢੰਗ ਨਾਲ ਕੀਤੀ ਜਾ ਸਕਦੀ ਹੈ।

ਪੰਜਾਬ ਦੇ ਕਿਸਾਨਾਂ ਨੂੰ ਅਜਿਹੀ ਖੇਤੀ ਮਸ਼ੀਨਰੀ ਤੋਂ ਪੂਰਾ ਲਾਭ ਲੈਣਾ ਚਾਹੀਦਾ ਹੈ। ਝੋਨੇ ਦੀ ਪਰਾਲੀ ਨੂੰ ਸਾੜਨ ਦੀ ਬਜਾਏ ਹੋਰ ਯੋਗ ਹੱਲ ਕੀਤੇ ਜਾ ਸਕਦੇ ਹਨ ਜਿਵੇਂ ਇਸ ਪਰਾਲੀ ਦੀ ਵਰਤੋਂ ਗੱਤਾ ਮਿੱਲਾਂ, ਬਿਜਲੀ ਦਾ ਉਤਪਾਦਨ ਕਰਨ ਲਈ, ਖੁੰਬਾਂ ਦੀ ਕਾਸ਼ਤ ਕਰਨ ਲਈ, ਪਸ਼ੂਆਂ ਦੇ ਚਾਰੇ ਆਦਿ ਦੇ ਤੌਰ ’ਤੇ ਵੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇਸ ਪਰਾਲੀ ਨੂੰ ਫ਼ੈਕਟਰੀਆਂ ਦੇ ਬਾਲਣ ਬਣਾਉਣ, ਕੱਚ ਦੀਆਂ ਬਣੀਆਂ ਅਤੇ ਹੋਰ ਕਈ ਨਾਜ਼ੁਕ ਵਸਤੂਆਂ ਅਤੇ ਫ਼ਲਾਂ ਆਦਿ ਦੀ ਪੈਕਿੰਗ ਕਰਨ ਲਈ ਵੀ ਵਰਤਿਆ ਜਾ ਸਕਦਾ ਹੈ। ਅਸੀਂ ਇਸ ਸਮੱਸਿਆ ਦਾ ਕੋਈ ਨਾ ਕੋਈ ਹੱਲ ਲੱਭ ਸਕਦੇ ਹਾਂ ਸਿਰਫ਼ ਲੋੜ ਹੈ ਥੋੜ੍ਹੇ ਜਿਹੇ ਉੱਦਮ ਦੀ। ਬਹੁਤ ਸਾਰੇ ਕਿਸਾਨ ਝੋਨੇ ਦੀ ਪਰਾਲੀ ਨੂੰ ਬਿਲਕੁਲ ਵੀ ਅੱਗ ਨਹੀਂ ਲਗਾ ਰਹੇ। ਅਜਿਹੇ ਕਿਸਾਨਾਂ ਕੋਲੋਂ ਸਿੱਖਿਆ ਲੈਣ ਦੀ ਬਹੁਤ ਜ਼ਿਆਦਾ ਲੋੜ ਹੈ। ਹੁਣ ਸਰਕਾਰਾਂ ਵੀ ਆਪਣਾ ਪੂਰਾ ਜ਼ੋਰ ਲਗਾ ਰਹੀਆਂ ਹਨ ਕਿ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਤੋਂ ਬਚਾਇਆ ਜਾਵੇ। ਵਾਤਾਵਰਣ ਵਿੱਚ ਵਧ ਰਿਹਾ ਪ੍ਰਦੂਸ਼ਣ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਸਭ ਲਈ ਅਸੀਂ ਖੁਦ ਹੀ ਜ਼ਿੰਮੇਵਾਰ ਹਾਂ।

ਹੁਣ ਪਰਾਲੀ ਨੂੰ ਖੇਤ ਦੀ ਜ਼ਮੀਨ ਵਿੱਚ ਹੀ ਜਜ਼ਬ ਕਰਨਾ ਕੋਈ ਔਖਾ ਕੰਮ ਨਹੀਂ, ਪਰ ਅਜੇ ਵੀ ਕੁਝ ਢੀਠ ਅਤੇ ਜ਼ਿੱਦੀ ਕਿਸਮ ਦੇ ਕਿਸਾਨ ਹੀ ਪਰਾਲੀ ਨੂੰ ਅੱਗ ਲਗਾ ਰਹੇ ਹਨ, ਬਾਕੀ ਲੱਗਭੱਗ ਸਾਰੇ ਕਿਸਾਨਾਂ ਨੇ ਸਿਆਣਪ ਕੀਤੀ ਹੈ ਅਤੇ ਪਰਾਲੀ ਨੂੰ ਬਿਨਾਂ ਅੱਗ ਲਗਾਏ ਹੀ ਅਗਲੀ ਫ਼ਸਲ ਦੀ ਬਿਜਾਈ ਕਰਨੀ ਸ਼ੁਰੂ ਕਰ ਦਿੱਤੀ ਹੈ। ਕਿਸਾਨ ਬੜੀ ਗੰਭੀਰ ਸਥਿਤੀ ਵਿੱਚੋਂ ਗੁਜ਼ਰਦਾ ਹੈ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦਾ ਫ਼ੈਸਲਾ ਕਰ ਬੈਠਦਾ ਹੈ, ਪਰ ਉਹ ਆਪਣੇ ਪੱਧਰ ’ਤੇ ਇਸ ਪਰਾਲੀ ਦੀ ਸੰਭਾਲ ਕਰ ਸਕਦਾ ਹੈ ਅਤੇ ਲਗਾਤਾਰ ਪ੍ਰਦੂਸ਼ਿਤ ਹੁੰਦੇ ਸਾਡੇ ਵਾਤਾਵਰਣ ਨੂੰ ਸਾਫ਼ ਰੱਖਣ ਲਈ ਯੋਗ ਕੋਸ਼ਿਸ਼ਾਂ ਕਰ ਸਕਦਾ ਹੈ।

**# ਸੰਪਰਕ : 94177-14390**

28-OCT-PAGE-5.qxd 10/27/2023 10:23 PM Page 1



# ਆਲ ਇੰਡੀਆ ਕਿਸਾਨ ਸਭਾ ਦੇ ਜਨਰਲ ਅਜਲਾਸ 'ਚ ਕਿਸਾਨੀ ਬਾਰੇ ਚਿੰਤਨ-ਮੰਥਨ

## ਸਰਬਸੰਮਤੀ ਨਾਲ ਚੁਣੀ ਗਈ ਨਵੀਂ ਟੀਮ




**ਲੁਧਿਆਣਾ, (ਐੱਮ. ਐੱਸ. ਭਾਟੀਆ)**-ਆਲ ਇੰਡੀਆ ਕਿਸਾਨ ਸਭਾ 1936 (ਕੁੱਲ ਹਿੰਦ ਕਿਸਾਨ ਸਭਾ 1936) ਜ਼ਿਲ੍ਹਾ ਲੁਧਿਆਣਾ ਦਾ ਜਨਰਲ ਅਜਲਾਸ ਕਰਨੈਲ ਸਿੰਘ ਈਸੜੂ ਭਵਨ (ਸੀ.ਪੀ.ਆਈ. ਜ਼ਿਲ੍ਹਾ ਦਫਤਰ) ਲੁਧਿਆਣਾ ਵਿਖੇ ਸੂਬਾਈ ਆਗੂ ਸੂਰਤ ਸਿੰਘ ਧਰਮਕੋਟ ਤੇ ਅਵਤਾਰ ਸਿੰਘ ਗਿੱਲ, ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਜਲਾਲਦੀਵਾਲ, ਕਾਰਜਕਾਰੀ ਪ੍ਰਧਾਨ ਜਸਵੀਰ ਝੱਜ, ਵਿੱਤ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਦੀ ਪ੍ਰਧਾਨਗੀ ਹੇਠ ਸੰਪੂਰਨ ਹੋਇਆ, ਜਿਸ ਵਿੱਚ ਡਾ. ਰਜਿੰਦਰਪਾਲ ਸਿੰਘ ਔਲਖ, ਐੱਮ. ਐੱਸ. ਭਾਟੀਆ, ਡਾ. ਅਰੁਣ ਮਿੱਤਰਾ, ਡੀ. ਪੀ. ਮੌੜ, ਰਮੇਸ਼ ਰਤਨ, ਚਰਨ ਸਿੰਘ ਸਰਾਭਾ, ਕੇਵਲ ਸਿੰਘ ਬਨਵੈਤ, ਜੰਗ ਸਿੰਘ ਸਿਰਥਲਾ, ਕੇਵਲ ਮੰਜਾਲੀਆਂ, ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਨੇ ਪੰਜਾਬ ਤੇ ਭਾਰਤ ਦੀ ਦਿਨੋਂ ਦਿਨ ਮੰਦੀ ਹੋ ਰਹੀ ਕਿਸਾਨੀ ਦੀ ਹਾਲਤ ਬਾਰੇ ਦੇਸ਼ ਦੀ ਆਰਥਿਕ, ਰਾਜਨੀਤਕ, ਸਮਾਜਿਕ ਹਾਲਤ ਦੇ ਸੰਧਰਵ ਰਾਹੀਂ ਵਿਸਥਾਰ ਵਿੱਚ ਚਾਨਣਾ ਪਾਉਂਦੇ ਹੋਏ ਆਉਣ ਵਾਲੇ ਸਮੇਂ ਵਿੱਚ ਕੀਤੀ ਜਾਣ ਵਾਲੀ ਬਿਉਂਤਬੰਦੀ ਲਈ ਪੁਖਤਾ ਹੱਲ ਸੁਝਾਏ।

ਆਲ ਇੰਡੀਆ ਕਿਸਾਨ ਸਭਾ ਜ਼ਿਲ੍ਹਾ ਲੁਧਿਆਣਾ ਦੇ ਜਨਰਲ ਸਕੱਤਰ ਚਮਕੌਰ ਸਿੰਘ ਬਰ੍ਹਮੀ ਵੱਲੋਂ 29 ਮਾਰਚ 2018 ਤੋਂ 24 ਅਕਤੂਬਰ 2023 ਤੱਕ ਦੀ ਪੂਰੇ ਵੇਰਵਿਆਂ ਸਹਿਤ ਵਿਸਥਾਰ ਵਿੱਚ ਪੇਸ਼ ਕੀਤੀ ਰਿਪੋਰਟ ਨੂੰ ਵੱਡੀ ਗਿਣਤੀ ਵਿੱਚ ਹੋਏ ਇਕੱਠ ਨੇ ਵਾਧਿਆਂ ਸਮੇਤ ਸਰਬਸੰਮਤੀ ਨਾਲ ਪਾਸ ਕੀਤਾ। ਹਾਜ਼ਰ ਇਕੱਠ ਨੇ ਦਿੱਲੀ ਦਾ ਮੋਰਚਾ ਚੁੱਕਵਾਉਣ ਵੇਲੇ ਕੇਂਦਰ ਸਰਕਾਰ ਵੱਲੋਂ ਕੀਤੇ ਵਾਅਦੇ ਪੂਰੇ ਕਰਨ, ਲਖੀਮਪੁਰ ਖੀਰੀ ਦੇ ਕਾਤਲਾਂ ਨੂੰ ਸਜ਼ਾ ਤੇ ਬੇਦੋਸ਼ੇ ਕਿਸਾਨ ਰਿਹਾਅ ਕਰਨ, ਜ਼ੀਰੀ ਦੇ ਫੂਸ ਨੂੰ ਨਿਪਟਣ ਲਈ ਪੰਜ ਹਜ਼ਾਰ ਰੁਪਏ ਏਕੜ ਦੀ ਮਦਦ, ਕਣਕ ਬਿਜਾਈ ਲਈ ਸਸਤੀ ਮਸ਼ਿਨਰੀ ਤੇ ਡੀ.ਏ.ਪੀ. ਖਾਦ ਦੀ ਪੂਰਤੀ ਕੀਤੀ ਜਾਵੇ ਅਤੇ ਇਹ ਵੀ ਸਪੱਸ਼ਟ ਸਮਝ ਬਣੀ ਕਿ ਪੰਜਾਬ ਪਾਸ ਪਹਿਲਾਂ ਹੀ ਪਾਣੀ ਦੀ ਘਾਟ ਹੋਣ ਕਾਰਨ ਮਸਲਾ ਗੰਭੀਰ ਸੰਕਟ ਦਾ ਰੂਪ ਧਾਰ ਚੁੱਕਾ ਹੈ। ਇਸ ਨੂੰ ਬੇਲੋੜੀਆਂ ਬਹਿਸਾਂ ਛੇੜ ਕੇ ਲੋਕਾਂ ਦਾ ਧਿਆਨ ਲੋਕ ਮੁੱਦਿਆਂ ਤੋਂ ਨਾ ਭਟਕਾਇਆ ਜਾਵੇ, ਸਗੋਂ ਹੜ੍ਹਾਂ ਵਿੱਚ ਆਫਤ ਬਣ ਰਹੇ ਪਾਣੀ ਦਾ ਬਿਹਤਰ ਪ੍ਰਬੰਧ ਕਰਨ ਵੱਲ ਪੰਜਾਬ ਸਰਕਾਰ ਧਿਆਨ ਦੇਵੇ। ਦਿੱਲੀ ਮੋਰਚਾ ਸਮੇਂ ਸੱਤ ਸੌ ਵੱਧ ਸ਼ਹੀਦ ਹੋਏ ਕਿਸਾਨ, ਫਲਸਤੀਨੀ ਤੇ ਇਜ਼ਰਾਈਲ ਜੰਗ ਵਿੱਚ ਮਾਰੇ ਜਾ ਰਹੇ ਬੇਦੋਸ਼ੇ, ਮਨੀਪੁਰ ਵਿੱਚ ਬੇਇੱਜ਼ਤੀ ਕਰਕੇ ਮਾਰੀਆਂ ਨਿਰਦੋਸ਼ ਔਰਤਾਂ, ਕਿਸਾਨ ਹਿਤੈਸ਼ੀ ਸਵਾਮੀਨਾਥਨ ਤੇ ਕਿਸਾਨ ਹਤੈਸ਼ੀ ਚਿੰਤਕ ਸੁਰਜਨ ਸਿੰਘ ਜੀਰਵੀ ਨੂੰ ਸ਼ੋਕ ਮਤਾ ਪਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਸਮੇਂ ਸਰਬਸੰਮਤੀ ਨਾਲ ਹੋਈ ਚੋਣ ਵਿੱਚ ਸਰਪ੍ਰਸਤ ਸੁਰਿੰਦਰ ਸਿੰਘ ਜਲਾਲਦੀਵਾਲ, ਅਵਤਾਰ ਸਿੰਘ ਗਿੱਲ, ਚਰਨ ਸਿੰਘ ਸਰਾਭਾ ਤੇ ਭਰਪੂਰ ਸਿੰਘ ਸਵੱਦੀ, ਤਕਨੀਕੀ ਮਾਹਰ ਡਾ. ਗੁਲਜ਼ਾਰ ਸਿੰਘ ਪੰਧੇਰ ਤੇ ਡਾ. ਰਜਿੰਦਰਪਾਲ ਸਿੰਘ ਔਲਖ, ਪ੍ਰਧਾਨ ਜਸਵੀਰ ਸਿੰਘ ਝੱਜ, ਜਨਰਲ ਸਕੱਤਰ ਚਮਕੌਰ ਸਿੰਘ ਬਰ੍ਹਮੀ, ਵਿੱਤ ਸਕੱਤਰ ਦਾਨ ਸਿੰਘ ਪੀ.ਏ.ਯੂ., ਸੀਨੀਅਰ ਮੀਤ ਪ੍ਰਧਾਨ ਜੰਗ ਸਿੰਘ ਸਿਰਥਲਾ, ਅਮਰ ਸਿੰਘ ਜਲਾਲਦੀਵਾਲ, ਮੀਤ ਪ੍ਰਧਾਨ ਕੁਲਦੀਪ ਸਿੰਘ ਸਾਹਾਬਾਣਾ, ਗੁਰਨਾਮ ਸਿੰਘ ਬਹਾਦਰਕੇ, ਕੇਵਲ ਸਿੰਘ ਮੰਜਾਲੀਆਂ, ਨਛੱਤਰ ਸਿੰਘ ਪੰਧੇਰਖੇੜੀ, ਮਨਜੀਤ ਸਿੰਘ ਮੰਸੂਰਾ, ਤਰਲੋਚਨ ਸਿੰਘ ਝਾਂਡੇ, ਦਲਜੀਤ ਸਿੰਘ ਸੀਹਾਂਦੌਦ, ਸੁਦਾਗਰ ਸਿੰਘ ਸਹਾਰਨਮਾਜਰਾ, ਸਕੱਤਰ ਮਨਜੀਤ ਸਿੰਘ ਗਿੱਲ ਪੌਤ, ਪੱਪੂ ਲੇਲ੍ਹੀ, ਅਮਨਦੀਪ ਸਿੰਘ ਬਹਾਦਰਕੇ, ਗੁਰਮੇਲ ਸਿੰਘ ਮੇਲੀ ਸਿਆੜ, ਕੇਵਲ ਸਿੰਘ ਬਨਵੈਤ, ਜਸਮੇਲ ਸਿੰਘ ਜੱਸਾ ਮੋਹੀ ਅਤੇ ਕਾਰਜਕਾਰਨੀ ਵਿੱਚ ਪਰਮਜੀਤ ਸਿੰਘ ਦੁੱਗਰੀ, ਜਗਜੀਤ ਸਿੰਘ ਬੁਆਣੀ, ਹਰਨੇਕ ਸਿੰਘ, ਗੁਰਮੀਤ ਸਿੰਘ ਗਿੱਲ ਮਕਸੂਦੜਾ, ਮੋਹਣ ਸਿੰਘ ਕਠਾਲਾ, ਰੁਪਿੰਦਰਪਾਲ ਸਿੰਘ ਬੇਗੋਵਾਲ, ਮਨਜੋਤ ਸਿੰਘ ਮਾਨ ਖੈਰਾ, ਸਤਨਾਮ ਸਿੰਘ, ਸੁਰਿੰਦਰ ਸਿੰਘ ਕੈਲੇ ਬੁਟਾਹਰੀ, ਦਰਸ਼ਨ ਸਿੰਘ ਥਰੀਕੇ, ਸੁਖਦੇਵ ਸਿੰਘ ਲਲਤੋਂ, ਨਰਿੰਦਰ ਸਿੰਘ ਮਾਨ, ਮਲਕੀਤ ਸਿੰਘ ਮਾਲੜਾ ਚੁਣੇ ਗਏ।

# 'ਸੰਵਾਦ' ਮੰਚ 'ਤੇ ਵਿਚਾਰੀਆਂ ਹਲਕਾ ਨਾਭਾ ਦੀਆਂ ਸਮੱਸਿਆਵਾਂ

**ਨਾਭਾ (ਵਰਿੰਦਰ ਵਰਮਾ)**-ਹਲਕਾ ਨਾਭਾ ਦੇ ਉੱਘੇ ਬੁੱਧੀਜੀਵੀ ਰਾਜੇਸ਼ ਢੀਂਗਰਾ ਨੇ ਵੱਖਰੇ ਉਪਰਾਲੇ ਨਾਲ 'ਸੰਵਾਦ' ਨਾਮਕ ਸਮਾਜਿਕ ਮੰਚ ਦੀ ਸ਼ੁਰੂਆਤ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਹੈ। ਇਸ ਨਿਵੇਕਲੇ ਮੰਚ 'ਤੇ ਮੁੱਖ ਮਹਿਮਾਨ ਵਜੋਂ ਐਸ ਡੀ ਐਮ ਨਾਭਾ ਤਰਸੇਮ ਚੰਦ ਅਤੇ ਵਿਸ਼ੇਸ਼ ਮਹਿਮਾਨ ਵਜੋਂ ਐਸ ਐਮ ਓ ਡਾ. ਸੰਜੇ ਗੋਇਲ, ਰਿਟਾ. ਪ੍ਰੋਫੈਸਰ ਕੁਲਬੀਰ ਸਿੰਘ, ਉੱਘੇ ਪੱਤਰਕਾਰ ਰਿਸ਼ੀ ਨਾਗਰ ਅਤੇ ਐਸ ਡੀ ਓ ਬਿਜਲੀ ਬੋਰਡ ਮਹਿੰਦਰ ਕੁਮਾਰ ਸਮੇਤ ਵੱਖ-ਵੱਖ ਵਪਾਰਕ ਅਤੇ ਸਮਾਜਿਕ ਸ਼ਖਸੀਅਤਾਂ, ਪੱਤਰਕਾਰਾਂ ਅਤੇ ਬੁੱਧੀਜੀਵੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਮੰਚ ਸੰਚਾਲਨ ਦੌਰਾਨ ਹਲਕਾ ਨਾਭਾ ਦੀਆਂ ਵੱਖ-ਵੱਖ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਦੇ ਉਪਰਾਲਿਆਂ ਨੂੰ ਵਿਚਾਰਿਆ ਗਿਆ, ਜਦ ਕਿ ਸਿਆਸੀ ਧਿਰਾਂ ਨੂੰ ਮੰਚ ਤੋਂ ਦੂਰ ਰੱਖਿਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸੰਵਾਦ ਨਾਮੀ ਮੰਚ ਦੇ ਜਨਮਦਾਤਾ ਰਾਜੇਸ਼ ਢੀਂਗਰਾ ਵੱਲੋਂ ਕੀਤੀ ਗਈ ਜਿਸ ਦੇ ਬਾਅਦ ਉੱਘੇ ਪੱਤਰਕਾਰ ਰਿਸ਼ੀ ਨਾਗਰ ਨੇ ਨਾਭਾ ਸ਼ਹਿਰ ਦੀ ਸਾਫ ਸਫਾਈ, ਸੈਰ ਕਰਨ ਲਈ ਘਟਦੇ ਰਕਬੇ, ਅਵਾਰਾ ਪਸ਼ੂਆਂ ਦੀ ਸਮੱਸਿਆ, ਤਿਉਹਾਰਾਂ ਸਮੇਂ ਮਿਠਾਈਆਂ ਅਤੇ ਖਾਣਯੋਗ ਪਦਾਰਥਾਂ 'ਚ ਮਿਲਾਵਟ ਸਮੇਤ ਟਰੈਫਿਕ ਦੀ ਨਿੱਘਰਦੀ ਜਾ ਰਹੀ ਸਥਿਤੀ ਸੰਬੰਧੀ ਸਮੱਸਿਆਵਾਂ ਨੂੰ ਉਠਾਇਆ। ਇਸ ਮੌਕੇ ਸਾਬਕਾ ਨਾਭਾ ਕੌਂਸਲ ਪ੍ਰਧਾਨ ਜੀ.ਐਸ. ਭੱਟੀ, ਹਰੀ ਸੇਠ, ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ, ਗੁਰਤੇਜ ਸਿੰਘ ਕੌਲ ਅਤੇ ਮੌਜੂਦਾ ਕੌਂਸਲਰ ਬਬਲੂ ਖੋਰਾ ਨਾਲ ਹਾਜ਼ਰੀਨ ਤੇ ਦੂਜੇ ਵਰਗਾਂ ਨਾਲ ਜੁੜੇ ਉੱਘੇ ਆਗੂਆਂ ਵੱਲੋਂ ਸ਼ਹਿਰ ਦੀਆਂ ਉਪਰੋਕਤ ਸਮੱਸਿਆਵਾਂ ਲਈ ਕੀਤੇ ਸਵਾਲਾਂ ਦੇ ਜਵਾਬ ਦਿੰਦਿਆਂ ਐਸ ਡੀ ਐਮ ਨਾਭਾ ਤਰਸੇਮ ਚੰਦ ਨੇ ਕਿਹਾ ਕਿ ਇਹ ਸਮੱਸਿਆਵਾਂ ਅੱਜ ਦੀਆਂ ਨਹੀਂ, ਅਸੀਂ ਖੁਦ ਇਨ੍ਹਾਂ ਸਮੱਸਿਆਵਾਂ ਦੇ ਨਿਰਮਾਤਾ ਹਾਂ। ਉਨ੍ਹਾਂ ਕਿਹਾ ਕਿ ਹਲਕਾ ਨਾਭਾ ਦੇ ਕਿਸੇ ਵੀ ਵਿਭਾਗ ਨਾਲ ਜੁੜੀ ਕਿਸੇ ਵੀ ਤਰ੍ਹਾਂ ਦੀ ਦਿੱਕਤ ਸਮੇਂ ਉਹ ਹਰ ਪ੍ਰਕਾਰ ਦੀ ਸਹਾਇਤਾ ਦੇਣ ਨੂੰ ਤਿਆਰ ਹਨ। ਸਮੱਸਿਆਵਾਂ ਨੂੰ ਸਮਾਪਤ ਕਰਨ ਲਈ ਸਾਨੂੰ ਸਾਰਿਆਂ ਨੂੰ ਹੰਭਲਾ ਮਾਰਨਾ ਪਵੇਗਾ। ਉਨ੍ਹਾਂ ਇਸ ਨਿਵੇਕਲੇ ਮੰਚ ਦੀ ਸ਼ੁਰੂਆਤ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਜੇਕਰ ਇਸੇ ਪ੍ਰਕਾਰ ਸਮਾਜ ਦਾ ਬੁੱਧੀਜੀਵੀ ਵਰਗ ਹਰ ਮਹੀਨੇ ਇੱਕ-ਦੋ ਮੀਟਿੰਗਾਂ ਕਰੇਗਾ ਤਾਂ ਇਨ੍ਹਾਂ ਸਮੱਸਿਆਵਾਂ ਦਾ ਅਸੀਂ ਪੁਖਤਾ ਹੱਲ ਜ਼ਰੂਰ ਕੱਢ ਲਵਾਂਗੇ।

# ਮੀਟਿੰਗਾਂ ਦੇ ਸੱਦੇ ਦੇ ਕੇ ਬੇਰੰਗ ਮੋੜਨਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਜ਼ਲੀਲ ਕਰਨ ਬਰਾਬਰ : ਗਿੱਲ, ਕੁੱਸਾ

## ਗਾਜ਼ਾ ਪੱਟੀ 'ਚ ਸਧਾਰਨ ਲੋਕਾਂ 'ਤੇ ਹਵਾਈ ਹਮਲਿਆਂ ਦੀ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਨਿੰਦਾ



**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਦੀ ਸੂਬਾ ਕਮੇਟੀ ਨੇ ਇੱਕ ਆਨਲਾਈਨ ਮੀਟਿੰਗ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਕਰਦਿਆਂ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ ਦੇ ਸਾਂਝੇ ਫਰੰਟ ਨੂੰ ਵਾਰ ਵਾਰ ਮੀਟਿੰਗਾਂ ਦੇ ਸੱਦੇ ਦੇ ਕੇ ਉਨ੍ਹਾਂ ਦੇ ਆਗੂਆਂ ਨੂੰ ਬੇਰੰਗ ਮੋੜ ਦਿੱਤਾ ਜਾਂਦਾ ਰਿਹਾ ਹੈ, ਜੋ ਕਿ ਪੰਜਾਬ ਦੇ ਛੇ ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਜ਼ਲੀਲ ਕਰਨ ਦੇ ਬਰਾਬਰ ਹੈ, ਜਦੋਂਕਿ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਪੰਜਾਬ ਤੇ ਦੇਸ਼ ਦੀ ਆਰਥਿਕਤਾ ਤੇ ਤਰੱਕੀ ਵਿੱਚ ਅਹਿਮ ਭੂਮਿਕਾ ਨਿਭਾਈ ਹੈ।ਇਨਕਮ ਟੈਕਸ ਤੇ ਹੋਰ ਅਸਿੱਧੇ ਟੈਕਸਾਂ ਰਾਹੀਂ ਪੰਜਾਬ ਦੇ ਖ਼ਜ਼ਾਨੇ ਨੂੰ ਤਰੋ ਤਾਜ਼ਾ ਕੀਤਾ ਹੈ, ਪਰ ਜਦੋਂ ਮੁਲਾਜ਼ਮਾਂ, ਪੈਨਸ਼ਨਰਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਦੀ ਵਾਰੀ ਆਉਂਦੀ ਹੈ ਤਾਂ ਸਾਢੇ ਪੰਜ ਸਾਲ ਦੇ ਛੇਵੇਂ ਪੇ ਕਮਿਸ਼ਨ ਦੇ ਬਕਾਏ, ਡੀ ਏ ਦੀਆਂ ਕਿਸ਼ਤਾਂ ਕੇਂਦਰ ਦੀ ਤਰਜ਼ 'ਤੇ 46% ਕਰਨ, ਮੈਡੀਕਲ ਬਿੱਲਾਂ ਦੇ ਭੁਗਤਾਨ ਲਈ ਕੈਸ਼ਲੈੱਸ ਹੈਲਥ ਸਕੀਮ ਲਾਗੂ ਕਰਨ, ਖੋਹੇ ਹੋਏ ਭੱਤੇ ਬਹਾਲ ਕਰਨ ਤੇ ਪੁਰਾਣੀ ਪੈਨਸ਼ਨ ਬਹਾਲ ਕਰਨ ਤੋਂ ਲਗਾਤਾਰ ਟਾਲਾ ਵੱਟਿਆ ਜਾ ਰਿਹਾ ਹੈ।ਸੂਬਾ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ, ਫਤਿਹਗੜ੍ਹ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ, ਸਕੱਤਰ ਧਰਮ ਪਾਲ ਆਜ਼ਾਦ, ਸੂਬਾ ਕਮੇਟੀ ਮੈਂਬਰ ਹਰਚੰਦ ਸਿੰਘ ਪੰਜੋਲੀ, ਫਾਜ਼ਿਲਕਾ ਦੇ ਪ੍ਰਧਾਨ ਬੂਟਾ ਸਿੰਘ, ਸਕੱਤਰ ਟਹਿਲ ਸਿੰਘ, ਦੇਵ ਰਾਜ ਗਾਂਧੀ, ਫਰੀਦਕੋਟ ਦੇ ਪ੍ਰਧਾਨ ਦਰਸ਼ਨ ਸਿੰਘ ਬਰਾੜ, ਜੋਗਿੰਦਰ ਸਿੰਘ, ਇੰਦਰਜੀਤ ਸਿੰਘ ਖੀਵਾ, ਮੁਕਤਸਰ ਦੇ ਪ੍ਰਧਾਨ ਰਣਜੀਤ ਸਿੰਘ, ਸਕੱਤਰ ਬਾਬੂ ਰਾਮ ਟਿੰਨਾ, ਬਠਿੰਡਾ ਤੋਂ ਆਤਮ ਤੇਜ ਸ਼ਰਮਾ, ਲਾਭ ਸਿੰਘ ਡੋਡ, ਲੁਧਿਆਣਾ ਤੋਂ ਦਰਸ਼ਨ ਸਿੰਘ ਉਟਾਲ ਸਕੱਤਰ ਰਾਜਿੰਦਰ ਸਿੰਘ ਰਾਮਪੁਰ, ਪਠਾਨਕੋਟ ਤੋਂ ਰਾਮਦਾਸ, ਸਕੱਤਰ ਰਤਨ ਲਾਲ, ਕਪੂਰਥਲਾ ਤੋਂ ਸੁੱਚਾ ਸਿੰਘ, ਗੁਰਦੀਪ ਸਿੰਘ ਸਕੱਤਰ, ਫਿਰੋਜ਼ਪੁਰ ਤੋਂ ਖਜਾਨ ਸਿੰਘ, ਅਜੀਤ ਸਿੰਘ ਸੋਢੀ, ਹੁਸ਼ਿਆਰਪੁਰ ਤੋਂ ਨਰਿੰਦਰ ਸਿੰਘ ਗੋਲੀ, ਸਕੱਤਰ ਬ੍ਰਿਜ ਮੋਹਨ ਸੋਨੀ, ਹਰਭਜਨ ਸਿੰਘ ਅਜਨੋਹਾ, ਮਲੇਰਕੋਟਲਾ ਤੋਂ ਕੁਲਵੰਤ ਸਿੰਘ, ਬਾਬਾ ਬਖਤੌਰ ਸਿੰਘ ਤੇ ਮੋਗਾ ਤੋਂ ਸੁਖਮੰਦਰ ਸਿੰਘ, ਜਨਰਲ ਸਕੱਤਰ ਸਰਬਜੀਤ ਦੌਧਰ, ਪ੍ਰੇਮ ਕੁਮਾਰ ਵਿੱਤ ਸਕੱਤਰ ਤੇ ਬਾਕੀ ਸੂਬਾ ਕਮੇਟੀ ਮੈਂਬਰਾਂ ਨੇ ਪੰਜਾਬ ਸਰਕਾਰ ਦੇ ਹਠੀ ਰਵੱਈਏ ਦੀ ਨਿਖੇਧੀ ਕਰਦੇ ਹੋਏ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ।

ਅੰਤ ਵਿੱਚ ਕਮੇਟੀ ਮੈਂਬਰਾਂ ਨੇ ਇਜ਼ਰਾਈਲ ਵੱਲੋਂ ਫਲਸਤੀਨੀ ਲੋਕਾਂ ਤੇ ਗਾਜਾ ਪੱਟੀ 'ਤੇ ਕੀਤੇ ਜਾ ਰਹੇ ਹਵਾਈ ਹਮਲੇ ਤੇ ਸਧਾਰਨ ਲੋਕਾਂ 'ਤੇ ਕੀਤੇ ਜਾ ਰਹੇ ਦਰਿੰਦਗੀ ਭਰੇ ਹਮਲਿਆਂ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦਾ ਇੱਕ ਮਤਾ ਪਾਸ ਕੀਤਾ ਤੇ ਲੋੜਵੰਦ ਲੋਕਾਂ ਤੱਕ ਉਨ੍ਹਾਂ ਨੂੰ ਲੋੜੀਂਦੀਆਂ ਵਸਤਾਂ ਦੀ ਸਪਲਾਈ ਜਾਰੀ ਕੀਤੀ ਜਾਵੇ ਅਤੇ ਮਨੁੱਖ ਜਾਤੀ ਖਿਲਾਫ਼ ਵਿੱਢੀ ਜੰਗ ਬੰਦ ਕੀਤੀ ਜਾਵੇ।ਆਗੂਆਂ ਨੇ ਦੱਸਿਆ ਕਿ ਜੇਕਰ ਪੰਜਾਬ ਸਰਕਾਰ ਨੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਨਿਪਟਾਰਾ ਜਲਦੀ ਨਾ ਕੀਤਾ ਤਾਂ 2 ਨਵੰਬਰ ਨੂੰ ਲੁਧਿਆਣਾ ਵਿਖੇ ਪੈਨਸ਼ਨਰ ਜੁਆਇੰਟ ਫਰੰਟ ਦੀ ਮੀਟਿੰਗ ਵਿੱਚ ਪੈਨਸ਼ਨਰ ਮੰਗਾਂ ਲਈ ਅਗਲੇ ਸੰਘਰਸ਼ ਦੀ ਰੂਪ ਰੇਖਾ ਤਿਆਰ ਕਰਕੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਜਾਵੇਗਾ।

## ਕਾਤਰਾਂ

### ਰਾਜ ਤਿਲਕ ਮੌਕੇ ਸੰਤ ਰਿਸ਼ੀ ਰਾਮ ਨੇ ਦਿੱਤਾ ਆਸ਼ੀਰਵਾਦ



**ਜੈਤੋ (ਸਤੀਸ਼ ਕੁਮਾਰ ਭੀਰੀ)**-ਸ੍ਰੀ ਰਾਮਾ ਕ੍ਰਿਸ਼ਨਾ ਡਰਾਮਾਟਿਕ ਕਲੱਬ ਵੱਲੋਂ ਚੱਲ ਰਹੀ ਸ੍ਰੀ ਰਾਮ ਲੀਲ੍ਹਾ ਦੀ ਲਾਸਟ ਨਾਈਟ ਮੌਕੇ ਪ੍ਰਭੂ ਸ੍ਰੀ ਰਾਮ ਚੰਦਰ ਦਾ ਰਾਜ ਤਿਲਕ ਕੀਤਾ ਗਿਆ ਤੇ ਆਰਤੀ ਦਾ ਗੁਣਗਾਨ ਕੀਤਾ ਗਿਆ। ਰਾਮ ਭਗਤ ਹਨੂਮਾਨ ਨੇ ਪ੍ਰਭੂ ਰਾਮ ਤੇ ਮਾਤਾ ਸੀਤਾ ਦਾ ਗੁਣਗਾਨ ਕੀਤਾ। ਲਵ ਕੁਸ਼ ਨੇ ਭਾਵਨਾਤਮਕ ਪ੍ਰਭੂ ਸ੍ਰੀ ਰਾਮ ਕਥਾ ਦਾ ਵਰਨਣ ਕੀਤਾ। ਇਸ ਮੌਕੇ ਨਾਈਟ ਦੇ ਮੁੱਖ ਮਹਿਮਾਨ ਸੰਤ ਰਿਸ਼ੀ ਰਾਮ ਜਲਾਲ ਵਾਲਿਆਂ ਨੇ ਪ੍ਰਭੂ ਸ੍ਰੀ ਰਾਮ ਨੂੰ ਤਿਲਕ ਲਗਾਇਆ ਤੇ ਆਰਤੀ ਕੀਤੀ ਤੇ ਪ੍ਰਬੰਧਕਾਂ ਨੂੰ ਆਸ਼ੀਰਵਾਦ ਵੀ ਦਿੱਤਾ। ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਸੰਤ ਰਿਸ਼ੀ ਰਾਮ ਤੇ ਵਿਸ਼ੇਸ਼ ਮਹਿਮਾਨ ਮਹੇਸ਼ ਸ਼ਰਮਾ ਸੀ.ਜੇ.ਐਮ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਲੱਬ ਦੇ ਚੇਅਰਮੈਨ ਐਡਵੋਕੇਟ ਸਤੀਸ਼ ਕੁਮਾਰ ਭੀਰੀ, ਪ੍ਰਧਾਨ ਈਸ਼ਵਰ ਜਿੰਦਲ, ਸਰਪ੍ਰਸਤ ਦਰਸ਼ਨ ਚੌਧਰੀ, ਵਾਈਸ ਪ੍ਰਧਾਨ ਸੋਨੂੰ ਸੂਰੀ, ਸੰਗੀਤ ਨਿਰਦੇਸ਼ਕ ਸੋਨੂੰ ਵਰਮਾ-ਵਿੱਕੀ ਸਦਾਵਰਤੀਆ, ਸਕੱਤਰ ਨਰੇਸ਼ ਮਿੱਤਲ, ਕਲੱਬ ਦੇ ਮਾਣਕ ਸ਼ਾਹ, ਨਰੇਂਦਰ ਸ਼ਰਮਾ ਨਿੰਦਾ, ਮੋਨੂੰ ਲੂੰਬਾ, ਸੁਦਰਸ਼ਨ ਗੋਇਲ, ਅਨਿਲ ਮਿੱਤਲ, ਸੁਰਿੰਦਰ ਗਰਗ ਆਰ ਏ, ਵਕੀਲ ਸੰਜੀਵ ਮਿੱਤਲ ਸ਼ਿਆਮ ਰੈਸਟੋਰੈਂਟ ਵਾਲੇ ਆਦਿ ਹਾਜ਼ਰ ਸਨ।

### ਪਲੇਸਮੈਂਟ ਕੈਂਪ ਦੌਰਾਨ 16 ਦੀ ਚੋਣ

**ਸ੍ਰੀ ਮੁਕਤਸਰ ਸਾਹਿਬ, (ਕੁਲਭੂਸ਼ਨ ਚਾਵਲਾ, ਸ਼ਮਿੰਦਰਪਾਲ, ਪੂਜਾ)**-ਸ੍ਰੀ ਗੁਰਤੇਜ ਸਿੰਘ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ ਤੇ ਇਸ ਕੈਂਪ ਵਿੱਚ ਵੱਖ-ਵੱਖ ਕੰਪਨੀਆਂ ਵੱਲੋਂ 400 ਅਸਾਮੀਆਂ ਲਈ ਇੰਟਰਵਿਊ ਲਈ ਗਈ। ਪਲੇਸਮੈਂਟ ਕੈਂਪ ਵਿੱਚ ਕੁੱਲ 32 ਬੇਰੁਜ਼ਗਾਰ ਪ੍ਰਾਥੀਆਂ ਨੇ ਭਾਗ ਲਿਆ ਤੇ ਇੰਟਰਵਿਊ ਸਮਾਪਤ ਹੋਣ ਉਪਰੰਤ ਕੁੱਲ 16 ਯੋਗ ਉਮੀਦਵਾਰਾਂ ਦੀ ਚੋਣ ਹੋਈ।

### ਨਜਾਇਜ਼ ਸ਼ਰਾਬ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਸਵਾ 70 ਬੋਤਲਾਂ ਨਾਜਾਇਜ਼ ਸ਼ਰਾਬ ਤੇ ਐਕਟਿਵਾ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਬੂਟਾ ਸਿੰਘ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਬੱਸ ਅੱਡਾ ਧਰਮੂਵਾਲਾ ਵਿਖੇ ਮੌਜੂਦ ਸੀ ਤਾਂ ਪੁਲਸ ਪਾਰਟੀ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਲਖਵਿੰਦਰ ਸਿੰਘ ਤੇ ਰਕੇਸ਼ ਛਾਬੜਾ ਐਕਟਿਵਾ 'ਤੇ ਸਵਾਰ ਹੋ ਕੇ ਨਾਜਾਇਜ਼ ਸ਼ਰਾਬ ਲੈ ਕੇ ਜਲਾਲਾਬਾਦ ਵੇਚਣ ਜਾ ਰਹੇ ਹਨ, ਜਿਸ 'ਤੇ ਪੁਲਸ ਪਾਰਟੀ ਨੇ ਕਾਰਵਾਈ ਕਰਦੇ ਹੋਏ ਲਖਵਿੰਦਰ ਸਿੰਘ ਨੂੰ ਸਵਾ 70 ਬੋਤਲਾਂ ਨਾਜਾਇਜ਼ ਸ਼ਰਾਬ ਤੇ ਐਕਟਿਵਾ ਸਮੇਤ ਕਾਬੂ ਕਰ ਲਿਆ। ਪੁਲਸ ਨੇ ਲਖਵਿੰਦਰ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਸੁਖੇਰਾ ਬੋਦਲਾ ਤੇ ਰਾਕੇਸ਼ ਛਾਬੜਾ ਵਾਸੀ ਲਮੋਚੜ ਕਲਾਂ ਦੇ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

### ਕਥਾ ਵਿਚਾਰ ਸਮਾਗਮ ਅੱਜ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸਰਬੱਤ ਦੇ ਭਲੇ ਨੂੰ ਸਮਰਪਤ ਕਥਾ ਵਿਚਾਰ ਸਮਾਗਮ 28 ਅਕਤੂਬਰ ਨੂੰ ਰਾਤ 7.30 ਤੋਂ 9.30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰਾਲੇ ਸਦਕਾ ਕਰਵਾਏ ਜਾ ਰਹੇ ਧਾਰਮਿਕ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਹਰਜਤਿੰਦਰ ਸਿੰਘ ਪਵਾਤ ਨੇ ਦੱਸਿਆ ਕਿ ਇਸ ਮੌਕੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ (ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ) ਤੇ ਭਾਈ ਧਕੇਲ ਸਿੰਘ ਜੀ (ਦਿੱਲੀ ਵਾਲੇ) ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ।

### ਮੈਡੀਕਲ ਕੈਂਪ ਭਲਕੇ

**ਬਰਨਾਲਾ (ਰਾਜਿੰਦਰ ਬਰਾੜ)**-ਐੱਸ.ਐੱਸ.ਡੀ ਸਭਾ ਬਰਨਾਲਾ ਦੇ ਜਨਰਲ ਸਕੱਤਰ ਸ਼ਿਵ ਸਿੰਗਲਾ ਦੀ ਸਵ: ਮਾਤਾ ਨਿਰਮਲਾ ਦੇਵੀ ਦੀ ਦੂਸਰੀ ਬਰਸੀ ਨੂੰ ਸਮਰਪਤ 29 ਅਕਤੂਬਰ ਨੂੰ ਇੱਕ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਲਾਇਨਜ਼ ਕਲੱਬ ਬਰਨਾਲਾ ਦੇ ਸਹਿਯੋਗ ਨਾਲ ਇਹ ਵਿਸ਼ਾਲ ਮੈਡੀਕਲ ਕੈਂਪ ਐੱਸ ਡੀ ਸੀਨੀਅਰ ਸੈਕੰਡਰੀ ਸਕੂਲ ਨੇੜੇ ਬਾਲਮੀਕ ਚੌਂਕ, ਬੱਸ ਸਟੈਂਡ ਰੋਡ ਬਰਨਾਲਾ ਵਿਖੇ ਲਗਾਇਆ ਜਾ ਰਿਹਾ ਹੈ, ਜੋ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਚਲੇਗਾ। ਕੈਂਪ ਵਿੱਚ ਪ੍ਰਸਿੱਧ ਡਾਕਟਰ ਸੁਸ਼ੀਲ ਕੋਟਰੂ (ਮੈਕਸ ਹਸਪਤਾਲ ਬਠਿੰਡਾ), ਡਾਕਟਰ ਪੱਲਵ ਜੈਨ (ਮੈਕਸ ਹਸਪਤਾਲ ਬਠਿੰਡਾ), ਡਾ: ਭੁਪਿੰਦਰ ਸਿੰਘ ਬਰਾੜ ਤੇ ਡਾਕਟਰ ਨੀਰਜ (ਮੈਕਸ ਹਸਪਤਾਲ ਬਠਿੰਡਾ), ਡਾਕਟਰ ਪ੍ਰਸ਼ਾਂਤ ਮਿੱਤਲ ਬਰਨਾਲਾ, ਡਾਕਟਰ ਅੰਸ਼ੁਲ ਗਰਗ, ਡਾਕਟਰ ਰੋਹਿਤ ਗਾਰਗੀ ਤੇ ਡਾਕਟਰ ਦੀਪਕ ਮਰੀਜ਼ਾਂ ਦੇ ਚੈੱਕਅੱਪ ਕਰਨਗੇ।

# 150 ਪੇਟੀਆਂ ਨਜਾਇਜ਼ ਸ਼ਰਾਬ ਸਮੇਤ 3 ਗ੍ਰਿਫਤਾਰ




**ਸਮਰਾਲਾ (ਸੁਰਜੀਤ ਸਿੰਘ)**-ਸਮਰਾਲਾ ਪੁਲਸ ਨੇ ਚੰਡੀਗੜ੍ਹ ਵਿੱਚ ਵਿਕਣ ਵਾਲੀ ਤੇ ਪੰਜਾਬ ਵਿੱਚ ਸਮਗਲ ਹੋ ਕੇ ਆਈ ਨਜਾਇਜ਼ ਸ਼ਰਾਬ ਦੀਆਂ 150 ਪੇਟੀਆਂ ਫੜਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਨਜਾਇਜ਼ ਸ਼ਰਾਬ ਸਮੇਤ ਤਿੰਨ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਹੈ। ਪੁਲਸ ਅਨੁਸਾਰ ਕੇਸ ਵਿੱਚ ਤਫਤੀਸ਼ ਦੌਰਾਨ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ। ਜਸਪਿੰਦਰ ਸਿੰਘ ਡੀ ਐੱਸ ਪੀ ਤੇ ਭਿੰਦਰ ਸਿੰਘ ਖੰਗੂੜਾ ਮੁੱਖ ਥਾਣਾ ਅਫਸਰ ਨੇ ਇਥੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਪੁਲਸ ਜ਼ਿਲ੍ਹਾ ਖੰਨਾ ਵੱਲੋਂ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਤੇ ਨਜਾਇਜ਼ ਸ਼ਰਾਬ ਤਸਕਰੀ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਡਾ. ਪ੍ਰੱਗਿਆ ਜੈਨ ਆਈ ਪੀ ਐੱਸ ਪੁਲਸ ਕਪਤਾਨ (ਆਈ) ਦੀ ਅਗਵਾਈ ਵਿੱਚ ਸਮਰਾਲਾ ਪੁਲਸ ਨੂੰ ਮੁਖਬਰ ਵੱਲੋਂ ਇਤਲਾਹ ਮਿਲਣ 'ਤੇ ਫੈਮਿਲੀ ਢਾਬਾ ਹੇਡੋਂ 'ਤੇ ਰੇਡ ਕੀਤੀ ਗਈ ਤਾਂ ਮੌਕੇ 'ਤੇ ਹਰਦੀਪ ਸਿੰਘ ਨੂੰ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰ ਲਿਆ ਗਿਆ, ਜਦਕਿ ਪੁਲਸ ਅਨੁਸਾਰ ਕਥਿਤ ਦੋਸ਼ੀ ਭਿੰਦਾ ਦੀ ਗ੍ਰਿਫਤਾਰੀ ਅਜੇ ਬਾਕੀ ਹੈ। ਜਸਪਿੰਦਰ ਸਿੰਘ ਉਪ ਪੁਲਸ ਕਪਤਾਨ ਨੇ ਦੱਸਿਆ ਕਿ ਕਥਿਤ ਦੋਸ਼ੀ ਪਾਸੋਂ 40 ਪੇਟੀਆਂ ਸ਼ਰਾਬ ਮਾਰਕਾ 999 ਵਿਸਕੀ ਫਾਰ ਸੇਲ ਇਨ ਚੰਡੀਗੜ੍ਹ ਬ੍ਰਾਮਦ ਕੀਤੀ ਗਈ, ਜਿਸ 'ਤੇ ਪੁਲਸ ਵੱਲੋਂ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ। ਇਸੇ ਤਰ੍ਹਾਂ ਇਕ ਹੋਰ ਕੇਸ ਵਿੱਚ ਇਸੇ ਮਾਰਕੇ ਦੀਆਂ ਨਜਾਇਜ਼ 65 ਪੇਟੀਆਂ ਸ਼ਰਾਬ ਸਮੇਤ ਮਨਜਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ, ਜਦਕਿ ਉਸ ਦੇ ਸਾਥੀ ਲਵਕਰਨ ਦੀ ਗ੍ਰਿਫਤਾਰੀ ਅਜੇ ਬਾਕੀ ਹੈ। ਉਕਤ ਕਥਿਤ ਦੋਸ਼ੀਆਂ ਵਿਰੁੱਧ ਵੀ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਤੀਜੇ ਕੇਸ ਵਿੱਚ ਜਦੋਂ ਪੁਲਸ ਗਸ਼ਤੀ ਦਲ ਸ਼ੱਕੀ ਲੋਕਾਂ ਦੀ ਚੈਕਿੰਗ ਵਿੱਚ ਪਿੰਡ ਮੱਲਮਾਜਰਾ ਤੋਂ ਹੇਡੋਂ ਨੂੰ ਜਾ ਰਹੇ ਸਨ ਤਾਂ ਚਿੱਟੇ ਰੰਗ ਦੀ ਸਵਿਫਟ ਕਾਰ ਨੂੰ ਰੋਕਿਆ ਤਾਂ ਉਸ ਵਿੱਚੋਂ 45 ਪੇਟੀਆਂ ਨਜਾਇਜ਼ ਸ਼ਰਾਬ ਬ੍ਰਾਮਦ ਹੋਈ। ਇਸ ਕੇਸ ਵਿੱਚ ਲਵਪ੍ਰੀਤ ਸਿੰਘ ਨੂੰ ਤਫਤੀਸ਼ ਉਪਰੰਤ ਗ੍ਰਿਫਤਾਰ ਕੀਤਾ ਗਿਆ। ਜਦਕਿ ਇਸ ਕੇਸ ਵਿੱਚ ਕਮਲ ਦੀ ਗ੍ਰਿਫਤਾਰੀ ਅਜੇ ਬਾਕੀ ਹੈ। ਇਸ ਕੇਸ ਵਿੱਚ ਪੁਲਸ ਵੱਲੋਂ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਸ ਮੁਤਾਬਕ ਇਨ੍ਹਾਂ ਕਥਿਤ ਦੋਸ਼ੀਆਂ ਤੋਂ ਸ਼ਰਾਬ ਸਮੇਤ ਤਿੰਨ ਗੱਡੀਆਂ ਵੀ ਕਬਜ਼ੇ ਵਿੱਚ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਮੁਕੱਦਮੇ ਦੀ ਤਫਤੀਸ਼ ਜਾਰੀ ਹੈ ਤੇ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਪ ਸ ਸ ਫ ਨੇ ਸਿੱਖਿਆ ਮੰਤਰੀ ਦੀ ਅਰਥੀ ਫੂਕ ਕੇ ਕੀਤਾ ਰੋਸ ਮੁਜ਼ਾਹਰਾ




**ਜ਼ੀਰਾ (ਨਰਿੰਦਰ ਅਨੇਜਾ)**-ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406/22/ਬੀ ਚੰਡੀਗੜ੍ਹ ਜ਼ਿਲ੍ਹਾ ਇਕਾਈ ਫਿਰੋਜ਼ਪੁਰ ਵੱਲੋਂ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਦੀ ਅਗਵਾਈ ਹੇਠ ਖੁਦਕੁਸ਼ੀ ਲਈ ਮਜਬੂਰ ਹੋਈ ਸਹਾਇਕ ਪ੍ਰੋਫੈਸਰ ਬਲਵਿੰਦਰ ਕੌਰ ਨੂੰ ਇਨਸਾਫ ਦਿਵਾਉਣ ਤੇ ਉਸ ਦੀ ਮੌਤ ਲਈ ਜ਼ਿੰਮੇਵਾਰ ਸਿੱਖਿਆ ਮੰਤਰੀ 'ਤੇ ਬਣਦੀ ਕਾਰਵਾਈ ਕਰਾਉਣ ਲਈ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਦਾ ਮੁੱਖ ਚੌਕ ਜ਼ੀਰਾ ਵਿਖੇ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਪਸਸਫ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ, ਬਲਵਿੰਦਰ ਸਿੰਘ ਭੁੱਟੋ ਜ਼ਿਲ੍ਹਾ ਪ੍ਰਧਾਨ ਜੀਟੀਯੂ, ਨਿਸ਼ਾਨ ਸਿੰਘ ਸਹਿਜ਼ਾਦੀ ਜ਼ਿਲ੍ਹਾ ਪ੍ਰਧਾਨ, ਗੁਰਬੀਰ ਸਿੰਘ ਸਹਿਜ਼ਾਦੀ ਸਰਕਲ ਸਕੱਤਰ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ, ਕੌਰ ਸਿੰਘ ਬਲਾਕ ਪ੍ਰਧਾਨ ਪਸਸਫ, ਗੁਰਪ੍ਰੀਤ ਸਿੰਘ ਸਿੱਧੂ ਪ੍ਰਧਾਨ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ, ਨਿਸ਼ਾਨ ਸਿੰਘ ਸਿੱਧੂ ਪ੍ਰਧਾਨ ਦਿਹਾਤੀ ਖੇਤ ਮਜ਼ਦੂਰ ਸਭਾ ਪੰਜਾਬ ਜ਼ੀਰਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਹਾਇਕ ਪ੍ਰੋਫੈਸਰ ਬਲਵਿੰਦਰ ਕੌਰ ਦੇ ਖੁਦਕੁਸ਼ੀ ਨੋਟ ਅਨੁਸਾਰ ਪਰਚੇ ਵਿੱਚ ਸਿੱਖਿਆ ਮੰਤਰੀ ਦਾ ਨਾਂਅ ਨਾਮਜ਼ਦ ਕੀਤਾ ਜਾਵੇ ਤੇ ਬਣਦੀ ਕਾਰਵਾਈ ਕੀਤੀ ਜਾਵੇ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਪੁਲਸ ਸਿੱਖਿਆ ਮੰਤਰੀ 'ਤੇ ਕਾਰਵਾਈ ਕਰਨ ਦੀ ਬਜਾਏ ਬਲਵਿੰਦਰ ਕੌਰ ਦੇ ਪਤੀ ਤੇ ਸਹੁਰੇ 'ਤੇ ਹੀ ਕਾਰਵਾਈ ਕਰ ਰਹੀ ਹੈ।

ਇਸ ਮੌਕੇ ਬਲਜਿੰਦਰ ਸਿੰਘ ਆਗੂ ਮਾਸਟਰ ਕੇਡਰ ਯੂਨੀਅਨ ਪੰਜਾਬ, ਸੁਲੱਖਣ ਸਿੰਘ ਜਨਰਲ ਸਕੱਤਰ ਪੀ ਡਬਲਿਊ ਡੀ ਫੀਲਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ, ਰਣਜੀਤ ਸਿੰਘ, ਜਸਵਿੰਦਰ ਰਾਜ ਰੇਂਜ ਪ੍ਰਧਾਨ ਜ਼ੀਰਾ, ਦਿਆਲ ਸਿੰਘ, ਬਲਜੀਤ ਸਿੰਘ, ਦੇਸਾ ਸਿੰਘ, ਗੁਰਦੀਪ ਸਿੰਘ, ਗੁਰਮੀਤ ਸਿੰਘ, ਗਿਆਨ ਸਿੰਘ, ਬਲਜਿੰਦਰ ਸਿੰਘ, ਮਲੂਕ ਸਿੰਘ, ਗੁਰਪ੍ਰੀਤ ਸਿੰਘ, ਸੁਲੱਖਣ ਸਿੰਘ, ਕਰਮਜੀਤ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਰਾਜ ਕੁਮਾਰ ਬਲਾਕ ਪ੍ਰਧਾਨ ਮੱਖੂ ਆਦਿ ਹਾਜ਼ਰ ਸਨ।

# ਮੋਦੀ ਸਰਕਾਰ ਦੀਆਂ ਮਾੜੀਆਂ ਤੇ ਕਾਰਪੋਰੇਟ ਪੱਖੀ ਨੀਤੀਆਂ ਨੇ ਕੀਤਾ ਦੇਸ਼ ਦਾ ਬੇੜਾ ਗਰਕ : ਸਾਥੀ ਜਟਾਣਾ

**ਦੋਰਾਹਾ (ਹਰਮਿੰਦਰ ਸੇਠ)**-ਦੋਰਾਹਾ ਨਗਰ ਕੌਂਸਲ ਦੇ ਸਫਾਈ ਸੇਵਕਾਂ ਦੀ ਇੱਕ ਮੀਟਿੰਗ ਸਾਥੀ ਕਰਮ ਸਿੰਘ ਜਟਾਣਾ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਸਫਾਈ ਸੇਵਕ ਅਤੇ ਬੀਬੀਆਂ ਸ਼ਾਮਲ ਹੋਈਆਂ।

ਇਸ ਮੀਟਿੰਗ ਦਰਮਿਆਨ ਜਿੱਥੇ ਪੰਜਾਬ ਦੀ ਰਾਜਨੀਤੀ ਦਾ ਜ਼ਿਕਰ ਕੀਤਾ ਨਾਲ ਹੀ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਵੀ ਕਾਰਪੋਰੇਟ ਅਤੇ ਮਜ਼ਦੂਰ ਕਿਸਾਨ ਵਿਰੋਧੀ ਦੱਸਦਿਆਂ ਟਰੇਡ ਯੂਨੀਅਨ ਆਗੂ ਸਾਥੀ ਕਰਮ ਸਿੰਘ ਜਟਾਣਾ ਨੇ ਕਿਹਾ ਕਿ ਅੱਜ ਦੇਸ਼ ਦੇ ਮਾਹੌਲ ਵਿਚ ਫਿਰਕੂ ਜ਼ਹਿਰ ਘੋਲਿਆ ਜਾ ਰਿਹਾ ਹੈ। ਧਰਮਾਂ, ਜਾਤਾਂ, ਮਜ਼ਹਬਾਂ ਦੇ ਨਾਂਅ 'ਤੇ ਦੇਸ਼ ਦੇ ਲੋਕਾਂ ਦਾ ਜੋ ਧਿਆਨ ਇਧਰ ਉਲਝਾ ਕੇ ਦੇਸ਼ ਨੂੰ ਲੁੱਟਿਆ ਜਾ ਰਿਹਾ ਹੈ ਤੇ ਇਸ ਨੂੰ ਫਿਰਕੂ ਰਾਹਾਂ 'ਤੇ ਵੰਡਿਆ ਜਾ ਰਿਹਾ ਹੈ। ਅੱਜ ਸਰਕਾਰ ਨੂੰ ਬਣੀ ਨੂੰ ਸਾਢੇ ਨੌਂ ਸਾਲ ਦੇ ਕਰੀਬ ਹੋ ਗਏ ਹਨ ਉਸ ਲਿਹਾਜ਼ ਨਾਲ 19 ਕਰੋੜ ਲੋਕਾਂ ਨੂੰ ਰੁਜ਼ਗਾਰ ਮਿਲਣਾ ਚਾਹੀਦਾ ਸੀ।

ਅੱਜ ਦੇਸ਼ ਦਾ ਨੌਜਵਾਨ, ਬੀਬੀਆਂ ਭੈਣਾਂ, ਲੜਕੀਆਂ ਪੜ੍ਹੀਆਂ ਲਿਖੀਆਂ ਹੋਣ ਦੇ ਬਾਵਜੂਦ ਰੁਜ਼ਗਾਰ ਪ੍ਰਾਪਤੀ ਲਈ ਦਰ ਦਰ ਧੱਕੇ ਖਾ ਰਹੀਆਂ ਹਨ। ਲੋਕਾਂ ਨੂੰ ਫੋਕੇ ਭਾਸ਼ਣ ਭਰੋਸੇ ਜਾ ਰਹੇ ਹਨ। ਨਾਲ ਹੀ ਪੰਜਾਬ ਸਰਕਾਰ ਦੀ ਨਿੰਦਿਆ ਕਰਦਿਆਂ ਸਾਥੀ ਜਟਾਣਾ ਨੇ ਕਿਹਾ ਕਿ ਅੱਜ ਬਿਜਲੀ ਮਾਫੀ ਹੋਣ ਦੇ ਬਾਵਜੂਦ ਲੋਕਾਂ ਨੂੰ ਹਜ਼ਾਰਾਂ ਰੁਪਏ ਦੇ ਬਿੱਲ ਆ ਰਹੇ ਹਨ। ਉਹ ਭਗਵੰਤ ਮਾਨ ਦਾ ਵਾਅਦਾ ਕਿੱਥੇ ਗਿਆ।

ਇਸ ਸਮੇਂ ਪੰਜਾਬ ਸਰਕਾਰ ਤੋਂ ਸਾਥੀ ਜਟਾਣੇ ਨੇ ਮੰਗ ਕਰਦਿਆਂ ਕਿਹਾ ਕਿ ਸਰਕਾਰ ਨੂੰ ਲੋਕਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦੇਣਾ ਚਾਹੀਦਾ ਹੈ। ਹਰੇਕ ਮਜ਼ਦੂਰ ਦੀ ਘੱਟ ਘੱਟ 25000 ਤਨਖਾਹ ਹੋਣੀ ਚਾਹੀਦੀ ਹੈ। ਇਸ ਮੌਕੇ ਤੇ ਸਾਥੀ ਕਿਹਾ ਕਿ ਜੋ ਸਫਾਈ ਸੇਵਕ ਕਾਫੀ ਸਾਲਾਂ ਤੋਂ ਕੰਮ ਕਰ ਰਹੇ ਹਨ ਉਹ ਹਾਲੇ ਤੱਕ ਵੀ ਕੱਚੇ ਹਨ। ਸਰਕਾਰ ਨੂੰ ਤੁਰੰਤ ਉਨ੍ਹਾਂ ਨੂੰ ਪੱਕੇ ਕਰਨਾ ਚਾਹੀਦਾ ਹੈ। ਇਸ ਮੌਕੇ ਸਫਾਈ ਸੇਵਕ ਨਗਰ ਕੌਂਸਲ ਸਫਾਈ ਯੂਨੀਅਨ ਦੇ ਪ੍ਰਧਾਨ ਧਰਮਪਾਲ, ਅਨਿਲ ਕੁਮਾਰ ਮੇਟ, ਰਮੇਸ਼ ਕੁਮਾਰ, ਰਕੇਸ਼ ਕੁਮਾਰ, ਸੋਨੀ, ਰੋਕੀ ਸਹੋਤਾ, ਦਰਬਾਰਾ ਸਿੰਘ ਪੀ ਐਨ ਬੀ, ਕਰਨੈਲ ਸਿੰਘ ਪੀ ਆਰ ਟੀ ਸੀ, ਅਮਰਜੀਤ ਸਿੰਘ, ਅਮਰਜੀਤ ਸਿੰਘ ਜਟਾਣਾ, ਆਗੂ ਸਵਰਨ ਸਿੰਘ ਮਣਕੂ, ਹਰਪਾਲ ਸਿੰਘ, ਕਰਨੈਲ ਸਿੰਘ, ਭਜਨ ਸਿੰਘ ਤੋਂ ਇਲਾਵਾ ਹੋਰ ਬਹੁਤ ਸਾਰੇ ਲੀਡਰ ਤੇ ਵਰਕਰ ਸ਼ਾਮਲ ਹੋਏ।

# ਅਲਾਇੰਸ ਇੰਟਰਨੈਸ਼ਨਲ ਸਕੂਲ ਬਨੂੜ 'ਚ ਵਾਲੀਬਾਲ ਟੂਰਨਾਮੈਂਟ ਸ਼ੁਰੂ

**ਰਾਜਪੁਰਾ (ਰਮੇਸ਼ ਕਟਾਰੀਆ)**-ਸੀ.ਬੀ.ਐਸ.ਸੀ.ਅੰਡਰ 19 ਵਾਲੀਬਾਲ ਕਲੱਸਟਰ 17 ਲਈ ਅਲਾਇੰਸ ਇੰਟਰਨੈਸ਼ਨਲ ਸਕੂਲ, ਬਨੂੜ ਨੂੰ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ। 26 ਅਕਤੂਬਰ ਤੋਂ 28 ਅਕਤੂਬਰ ਤੱਕ ਮੁੰਡੇ ਅਤੇ ਕੁੜੀਆਂ ਦੇ ਮੁਕਾਬਲਿਆਂ ਦੀ ਅੱਜ ਸ਼ੁਰੂਆਤ ਹੋਈ। ਜਿਸ ਵਿੱਚ ਮੁੱਖ ਮਹਿਮਾਨ ਹਰਪਿੰਦਰ ਸਿੰਘ ਜ਼ਿਲ੍ਹਾ ਸਪੋਰਟਸ ਅਫਸਰ ਪਟਿਆਲਾ, ਚੇਅਰਮੈਨ ਅਸ਼ਵਨੀ ਗਰਗ, ਐਸ.ਵੀ.ਜੀ.ਓ.ਆਈ., ਪ੍ਰੈਜ਼ੀਡੈਂਟ ਅਸ਼ੋਕ ਗਰਗ, ਵਿਸ਼ਾਲ ਗਰਗ, ਡਾਇਰੈਕਟਰ ਸਕੱਤਰ,ਐਮ.ਡੀ. ਅੰਕੁਰ ਗੁਪਤਾ, ਸਾਹਿਲ ਗਰਗ, ਪ੍ਰੋਜੈਕਟ ਡਾਇਰੈਕਟਰ, ਸ਼ੁਭਮ ਗਰਗ ਮੈਨੇਜਮੈਂਟ ਮੈਂਬਰ ਅਤੇ ਸ੍ਰੀਮਤੀ ਸ਼ਾਲਿਨੀ ਖੁੱਲਰ ਪ੍ਰਿੰਸੀਪਲ ਸੀ.ਬੀ.ਐਸ.ਸੀ., ਅਬਜ਼ਰਵਰ ਅਮਿਤ ਸਿੰਘ (ਮੇਰਠ), ਮਿਸ ਨੀਤਾ ਗੋਇਲ ਅਕਾਦਮਿਕ ਹੈਡ, ਐਨ. ਆਈ.ਐਸ. ਦੇ ਅਧਿਕਾਰੀਆਂ ਸੁਰਿੰਦਰ ਸਿੰਘ, ਪਰਮਜੀਤ ਸਿੰਘ, ਸਿਮਰਨਦੀਪ ਸਿੰਘ, ਹਰਦੀਪ ਸਿੰਘ ਸਪੋਰਟਸ ਇੰਚਾਰਜ, ਵੱਖ ਵੱਖ ਸਕੂਲਾਂ ਦੇ ਕੋਚ, ਸਟਾਫ ਅਤੇ ਬੱਚੇ ਹਾਜ਼ਰ ਹੋਏ। ਇਸ ਟੂਰਨਾਮੈਂਟ ਵਿੱਚ ਰਾਜਪੁਰਾ, ਮਾਨਸਾ, ਪਾਤੜਾਂ, ਮੋਹਾਲੀ, ਡੇਰਾਬੱਸੀ, ਪੰਚਕੂਲਾ, ਮੁਕਤਸਰ, ਨਾਭਾ, ਲਾਲੜੂ, ਸੰਗਰੂਰ, ਬਠਿੰਡਾ ਆਦਿ 45 ਸਕੂਲਾਂ ਦੀਆਂ ਟੀਮਾਂ ਨੇ ਹਿੱਸਾ ਲਿਆ। ਅੱਜ ਦੇ ਮੁਕਾਬਲਿਆਂ ਵਿੱਚ ਮੁੰਡਿਆ ਦੇ 'ਚ ਐਨੀ ਪਬਲਿਕ ਸਕੂਲ ਖਰੜ ਨੇ ਸ਼ਿਵਾਲਿਕ ਪਬਲਿਕ ਸਕੂਲ ਪਟਿਆਲਾ ਨੂੰ, ਲਾਰਡ ਮਹਾਂਵੀਰ ਸਕੂਲ ਡੇਰਾਬੱਸੀ ਨੇ ਸੇਂਟ ਸੋਲਜਰ ਪੈਰਾਡਾਈਜ਼ ਢਕੋਲੀ ਨੂੰ, ਅਲਪਾਈਨ ਵੈਲੀ ਨੇ ਸੇਂਟ ਜੈਵੀਅਰ ਪਾਤੜਾਂ ਨੂੰ, ਦਾ ਪੈਰਾਡਾਈਜ਼ ਸਕੂਲ ਨੇ ਸ਼ਿਵਾਲਿਕ ਪਬਲਿਕ ਸਕੂਲ ਫੇਸ 6 ਨੂੰ ਹਰਾਇਆ। ਲੜਕੀਆਂ 'ਚ ਨਿਸ਼ਾਨ ਅਕੈਡਮੀ ਨੇ ਪੈਰਾਡਾਈਜ਼ ਸਕੂਲ ਨੂੰ ਹਰਾਇਆ। ਮੁੱਖ ਮਹਿਮਾਨ ਨੇ ਬੱਚਿਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ। ਚੇਅਰਮੈਨ ਅਸ਼ਵਨੀ ਗਰਗ ਅਤੇ ਪ੍ਰੈਜ਼ੀਡੈਂਟ ਅਸ਼ੋਕ ਗਰਗ ਨੇ ਮੁੱਖ ਮਹਿਮਾਨ ਨੂੰ ਯਾਦਗਾਰ ਚਿੰਨ੍ਹ ਦੇ ਕੇ ਸਨਮਾਨਤ ਕੀਤਾ।



# ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਸੱਦੇ 'ਤੇ ਬਿਜਲੀ ਕਾਮਿਆਂ ਵੱਲੋਂ ਰੋਸ ਧਰਨਾ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਰਾਜ ਬਿਜਲੀ ਬੋਰਡ, ਸੂਬਾ ਕਮੇਟੀ ਦੇ ਸੱਦੇ 'ਤੇ ਰੋਸ ਧਰਨਾ ਦਿੱਤਾ ਗਿਆ। ਇਸ ਵਿੱਚ ਸਰਕਲ ਆਗੂ ਸਹਾਇਕ ਸਕੱਤਰ ਬਚਿੱਤਰ ਸਿੰਘ, ਡਵੀਜ਼ਨ ਪ੍ਰਧਾਨ ਪਰਮਿੰਦਰ ਸਿੰਘ ਬਿੱਟੂ ਤੇ ਸਾਬਕਾ ਆਗੂ ਜਗਜੀਤ ਸਿੰਘ ਲਹਿਰਾ ਇੰਪਲਾਈਜ਼ ਫੈਡਰੇਸ਼ਨ ਪਹਿਲਵਾਨ ਦੇ ਆਗੂ ਜਗਦੀਸ ਰਾਮਪੁਰਾ ਤੇ ਐਮ ਐਸ ਯੂ ਆਗੂ ਗੁਰਜੰਟ ਸਿੰਘ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਵਰਕੌਮ ਦੀ ਮੈਨੇਜਮੈਂਟ ਨੇ ਸੀ.ਆਰ.ਏ. 295 ਤਹਿਤ 2019 ਵਿੱਚ ਲਾਈਨਮੈਨ ਦੀ ਯੋਗਤਾ ਰੱਖਦੇ ਕਾਮਿਆਂ ਨੂੰ ਸਹਾਇਕ ਲਾਈਨਮੈਨ ਭਰਤੀ ਕੀਤਾ ਗਿਆ ਸੀ। ਭਰਤੀ ਕਰਨ ਸਮੇਂ ਉਨ੍ਹਾਂ 'ਤੇ ਤਿੰਨ ਸਾਲ ਦੇ ਪਰਖਕਾਲ ਸਮੇਂ ਦੀ ਸ਼ਰਤ ਲਗਾਈ ਗਈ ਸੀ। ਉਨ੍ਹਾਂ ਕਾਮਿਆਂ ਨੇ ਤਿੰਨ ਸਾਲ ਦਾ ਪਰਖਕਾਲ ਸਮਾਂ ਸਫਲਤਾ ਪੂਰਵਕ ਪੂਰਾ ਕਰ ਲਿਆ ਹੈ। ਪਰ ਪਾਵਰਕੌਮ ਮੈਨੇਜਮੈਂਟ ਵੱਲੋਂ ਜਾਣ ਬੁੱਝ ਕੇ ਉਹਨਾਂ ਨੂੰ ਰੈਗੂਲਰ ਕਰਕੇ ਪੂਰਾ ਤਨਖਾਹ ਸਕੇਲ ਨਹੀਂ ਦਿੱਤਾ ਜਾ ਰਿਹਾ। ਇਸ ਦੇ ਰੋਸ ਵਜੋਂ ਟੈਕਨੀਕਲ ਸਰਵਿਸਜ਼ ਯੂਨੀਅਨ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕਰਦੀ ਆ ਰਹੀ ਹੈ ਸੀ.ਆਰ.ਏ. 295/19 ਤਹਿਤ ਭਰਤੀ ਕਾਮਿਆਂ ਨੂੰ ਰੈਗੂਲਰ ਕਰਕੇ ਪੂਰਾ ਤਨਖਾਹ ਸਕੇਲ ਦੇਣ ਦੀ ਵਜਾਏ ਕੋਰਟ ਕੇਸਾਂ ਉਲਝਾ ਕੇ ਉਨ੍ਹਾਂ ਕਾਮਿਆਂ ਦੀ ਲੁੱਟ ਕੀਤੀ ਜਾ ਰਹੀ ਹੈ। ਸੰਘਰਸ਼ ਦੀ ਬਦੌਲਤ ਹੀ ਪਾਵਰਕਾਮ ਮੈਨੇਜਮੈਂਟ ਨੇ ਇੱਕ ਪੱਤਰ ਜਾਰੀ ਕਰਕੇ ਇਸ ਮਸਲੇ ਨੂੰ ਹੱਲ ਕਰਨ ਲਈ ਪੰਜਾਬ ਦੇ ਸਮੂਹ ਕਾਰਜਕਾਰੀ ਇੰਜੀਨੀਅਰਾਂ ਨੂੰ ਆਪਣੇ ਪੱਧਰ 'ਤੇ ਫੈਸਲਾ ਲੈਣ ਲਈ ਲਿਖਿਆ ਗਿਆ ਸੀ, ਪਰ ਕਾਰਜਕਾਰੀ ਇੰਜਨੀਅਰਾਂ ਵੱਲੋਂ ਉਨ੍ਹਾਂ ਕਾਮਿਆਂ ਨੂੰ ਰੈਗੂਲਰ ਨਹੀਂ ਕੀਤਾ ਗਿਆ। ਟੈਕਨੀਕਲ ਸਰਵਿਸਜ਼ ਯੂਨੀਅਨ ਮੰਗ ਕਰਦੀ ਹੈ ਕਿ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਕੇਸ ਵਿੱਚ ਉਲਝਾਉਣ ਦੀ ਬਜਾਏ ਸੀ.ਆਰ.ਏ. 295/19 ਤਹਿਤ ਭਰਤੀ ਪੀੜਤ ਮੁਲਾਜ਼ਮਾਂ ਦੇ ਦੁੱਖ ਨੂੰ ਸਮਝਦੇ ਹੋਏ ਉਨ੍ਹਾਂ ਨੂੰ ਫੌਰੀ ਰੈਗੂਲਰ ਕਰਕੇ ਪੂਰੇ ਤਨਖਾਹ ਸਕੇਲ ਮੁਤਾਬਕ ਤਨਖਾਹ ਦੀ ਅਦਾਇਗੀ ਕੀਤੀ ਜਾਵੇ। ਇਸ ਸਮੇਂ ਹਾਜ਼ਰ ਹਰਬੰਸ ਸਿੰਘ, ਬਲੌਰ ਸਿੰਘ, ਪਰਸਨ ਸਿੰਘ, ਹਰਜਸ ਮਹਿਰਾਜ, ਬਲਦੇਵ ਸਿੰਘ, ਕਰਮਜੀਤ ਸਿੰਘ ਸਿੱਧੂ, ਸਮੇਤ ਵੱਡੀ ਗਿਣਤੀ ਵਿੱਚ ਬਿਜਲੀ ਕਾਮੇ ਸ਼ਾਮਲ ਹੋਏ।

# ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਦੇ ਪ੍ਰਧਾਨ ਪਾਲਾ ਮੱਲ ਨਹੀਂ ਰਹੇ



**ਸੰਗਰੂਰ (ਪ੍ਰਵੀਨ ਸਿੰਘ)**-ਸੀਨੀਅਰ ਸਿਟੀਜਨ ਭਲਾਈ ਸੰਸਥਾ ਦੇ ਪ੍ਰਧਾਨ ਤੇ ਫੂਡ ਸਪਲਾਈ ਵਿਭਾਗ ਦੇ ਸੇਵਾ ਮੁਕਤ ਇੰਸਪੈਕਟਰ ਪਾਲਾ ਮੱਲ ਸਿੰਗਲਾ ਸੰਖੇਪ ਜਿਹੀ ਬਿਮਾਰੀ ਕਰਕੇ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਅਚਾਨਕ ਅਕਾਲ ਚਲਾਣਾ 'ਤੇ ਪੰਜਾਬ ਪ੍ਰੈੱਸ ਕਲੱਬ ਦੇ ਪ੍ਰਧਾਨ ਤੇ ਸੀਨੀਅਰ ਸਿਟੀਜਨ ਭਲਾਈ ਸੰਸਥਾ ਦੇ ਸਾਬਕਾ ਜਰਨਲ ਸਕੱਤਰ ਫਤਿਹ ਪ੍ਰਭਾਕਰ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇੱਕ ਵਧੀਆ ਦੋਸਤ, ਸਮਾਜ ਸੇਵੀ ਤੇ ਵਾਤਾਵਰਨ ਪ੍ਰੇਮੀ ਪਾਲਾ ਮੱਲ ਸਿੰਗਲਾ ਦੇ ਅਚਾਨਕ ਚਲੇ ਜਾਣ 'ਤੇ ਸਮਾਜ ਤੇ ਪਰਵਾਰ ਨੂੰ ਨਾ-ਸਹਿਣਯੋਗ ਘਾਟਾ ਪਿਆ ਹੈ। ਪਾਲਾ ਮੱਲ ਸਿੰਗਲਾ ਦੇ ਇਸ ਦੁਨੀਆ ਵਿੱਚੋਂ ਚਲੇ ਜਾਣ 'ਤੇ ਗੁਰਪਾਲ ਸਿੰਘ ਗਿੱਲ ਸਰਪ੍ਰਸਤ ਸੀਨੀਅਰ ਸਿਟੀਜਨ ਭਲਾਈ ਸੰਸਥਾ, ਡਾ. ਨਰਵਿੰਦਰ ਕੌਸ਼ਲ ਸਾਬਕਾ ਡੀਨ ਕਰੁਕਸ਼ੇਤਰ ਯੂਨੀਵਰਸਿਟੀ, ਡਾ. ਪਵਨ ਮਿੱਤਲ ਸਾਬਕਾ ਡਿਪਟੀ ਡਾਇਰੈਕਟਰ ਪਸ਼ੂ ਪਾਲਣ, ਨਵਾਂ ਜ਼ਮਾਨਾ ਦੇ ਪੱਤਰਕਾਰ ਪ੍ਰਵੀਨ ਸਿੰਘ, ਗ੍ਰਾਮੀਣ ਬੈਂਕ ਦੇ ਸੀਨੀਅਰ ਮੈਨੇਜਰ ਪਾਲੀ ਬਾਂਸਲ ਤੇ ਹੋਰਨਾਂ ਨੇ ਪਾਲਾ ਮੱਲ ਸਿੰਗਲਾ ਦੇ ਅਕਾਲ ਚਲਾਣਾ 'ਤੇ ਜਿੱਥੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ, ਉਥੇ ਹੀ ਪ੍ਰੀਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਪ੍ਰੀਵਾਰ ਹਰ ਸਮੇਂ ਸਾਥ ਦੇਣ ਦਾ ਵੀ ਭਰੋਸਾ ਦਿਵਾਇਆ।

# ਡੀ ਏ ਵੀ ਸਕੂਲ ਦੀਆਂ ਖਿਡਾਰਨਾਂ ਨੇ ਮੈਡਲ ਜਿੱਤ ਕੇ ਸਕੂਲ ਦਾ ਨਾਂਅ ਕੀਤਾ ਰੋਸ਼ਨ

**ਜਗਰਾਉਂ (ਅਮਿਤ ਖੰਨਾ)**-ਖੇਡਾਂ ਵਤਨ ਪੰਜਾਬ ਦੀਆਂ ਤਹਿਤ ਤੀਰਅੰਦਾਜ਼ੀ ਸਟੇਟ ਟੂਰਨਾਮੈਂਟ ਪੋਲੋ ਗਰਾਊਂਡ ਪਟਿਆਲਾ ਵਿੱਖੇ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਡੀ ਏ ਵੀ ਸਕੂਲ ਦੀਆਂ ਖਿਡਾਰਨਾਂ ਨੇ ਮੈਡਲ ਜਿੱਤ ਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ । ਪ੍ਰਿੰਸੀਪਲ ਵੇਦ ਵ੍ਰਤ ਪਲਾਹ ਨੇ ਦੱਸਿਆ ਇੰਡੀਅਨ ਰਾਊਂਡ ਤੀਰਅੰਦਾਜ਼ੀ ਵਿੱਚ ਅਨੁਸ਼ਕਾ ਸ਼ਰਮਾ ਨੇ 20 ਮੀਟਰ, 30 ਮੀਟਰ ਤੇ ਤੀਰ ਚਲਾਉਂਦੇ ਹੋਏ ਤਿੰਨ ਕਾਂਸੀ ਦੇ ਤਗਮੇ ਪ੍ਰਾਪਤ ਕੀਤੇ ਤੇ 15000 ਰਕਮ ਦੀ ਇਨਾਮੀ ਰਾਸ਼ੀ ਵੀ ਹਾਸਲ ਕੀਤੀ । ਕੰਪਾਊਂਡ ਰਾਊਂਡ ਵਿੱਚ ਨੂਰ ਸ਼ਰਮਾ ਤੇ ਰੀਕਰਵ ਰਾਊਂਡ ਵਿੱਚ ਅੰਕੁਰਪ੍ਰੀਤ ਕੌਰ ਨੇ ਵੀ ਕਾਂਸੀ ਦਾ ਤਗਮਾ ਜਿੱਤ ਕੇ 5000 ਰੁਪਏ ਦੀ ਇਨਾਮੀ ਰਾਸ਼ੀ ਵੀ ਪ੍ਰਾਪਤ ਕੀਤੀ । ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਵੇਦ ਵ੍ਰਤ ਪਲਾਹਾ ਤੇ ਸਕੂਲ ਸਟਾਫ ਨੇ ਜੇਤੂ ਖਿਡਾਰਨਾਂ ਦਾ ਜ਼ੋਰਦਾਰ ਸਵਾਗਤ ਕੀਤਾ । ਖੇਡਾਂ ਵਿੱਚ ਆ ਰਹੀਆਂ ਜਿੱਤਾਂ ਲਈ ਪ੍ਰਿੰਸੀਪਲ ਨੇ ਡੀ ਪੀ ਈ ਹਰਦੀਪ ਸਿੰਘ ਬਿੰਜਲ, ਡੀ ਪੀ ਈ ਸੁਰਿੰਦਰ ਪਾਲ ਵਿੱਜ ਤੇ ਡੀ ਪੀ ਜਗਦੀਪ ਸਿੰਘ ਨੂੰ ਵੀ ਵਧਾਈ ਦੇ ਪਾਤਰ ਦੱਸਿਆ ।

# ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਸੰਬੰਧੀ ਭਾਈ ਲੌਂਗੋਵਾਲ ਨੇ ਕੀਤੀ ਮੀਟਿੰਗ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)** : ਸਿੱਖ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀਆਂ ਅਗਾਮੀ ਚੋਣਾਂ ਸਬੰਧੀ ਵੋਟਾਂ ਬਣਾਉਣ ਨੂੰ ਲੈ ਕੇ ਹਲਕਾ ਲੌਂਗੋਵਾਲ ਤੋਂ ਮੈਂਬਰ ਸ਼੍ਰੋਮਣੀ ਕਮੇਟੀ ਤੇ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਸਰਕਲ ਲੌਂਗੋਵਾਲ ਦੇ ਵਰਕਰਾਂ ਦੀ ਇੱਕ ਭਰਵੀਂ ਮੀਟਿੰਗ ਗੁਰਦੁਆਰਾ ਚੁੱਲ੍ਹੇ ਬਾਬਾ ਆਲਾ ਸਿੰਘ ਜੀ ਲੌਂਗੋਵਾਲ ਵਿਖੇ ਹੋਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਭਾਈ ਲੌਂਗੋਵਾਲ ਨੇ ਸਮੂਹ ਵਰਕਰਾਂ ਨੂੰ ਵੱਧ ਤੋਂ ਵੱਧ ਵੋਟਾਂ ਬਣਾਉਣ ਲਈ ਪ੍ਰੇਰਿਤ ਕੀਤਾ ਤੇ ਵੱਖ-ਵੱਖ ਵਾਰਡਾਂ, ਪਿੰਡੀਆਂ ਤੇ ਪਿੰਡਾਂ 'ਚ ਡਿਊਟੀਆਂ ਵੀ ਲਗਾਈਆਂ ਗਈਆਂ ਅਤੇ ਫਾਰਮ ਵੀ ਵੰਡੇ ਗਏ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਜਥੇਦਾਰ ਉਦੈ ਸਿੰਘ, ਬਾਬਾ ਬਲਵਿੰਦਰ ਸਿੰਘ ਕੈਂਬੋਵਾਲ, ਕਾਕਾ ਨਵਇੰਦਰ ਸਿੰਘ ਲੌਂਗੋਵਾਲ, ਪਰਮਜੀਤ ਸਿੰਘ ਸਿੱਧੂ, ਗੁਰਮੀਤ ਸਿੰਘ ਲੱਲੀ, ਨੰਬਰਦਾਰ ਰਘਬੀਰ ਸਿੰਘ ਬਹਾਦਰਪੁਰ, ਬਲਕਾਰ ਸਿੰਘ ਸੰਗਾਲਾ, ਪ੍ਰਿਥੀ ਸਿੰਘ ਲੋਹਾਖੇੜਾ, ਸਿੰਗਾਰਾ ਸਿੰਘ ਲੋਹਾਖੇੜਾ, ਬਲਵਿੰਦਰ ਸਿੰਘ ਮੰਡੇਰ, ਮਾਨ ਸਿੰਘ ਦਿਆਲਗੜ੍ਹ, ਹਾਕਮ ਸਿੰਘ ਬੜਿੰਗ, ਕੇਵਲ ਸਿੰਘ ਤੋਗਾਵਾਲ, ਸੁਰਜੀਤ ਸਿੰਘ ਢੱਡਰੀਆਂ, ਬਲਵਿੰਦਰ ਸਿੰਘ ਢੱਡਰੀਆਂ, ਗੁਰਚਰਨ ਸਿੰਘ ਦਰਾਕਾ, ਬਾਬਾ ਕੁਲਵੰਤ ਸਿੰਘ ਕਾਂਤੀ, ਮੈਨੇਜਰ ਮਨਪ੍ਰੀਤ ਸਿੰਘ, ਰਣਜੀਤ ਸਿੰਘ ਕੁੱਕਾ ਮੀਤ ਪ੍ਰਧਾਨ, ਧੰਨਾ ਸਿੰਘ ਕਿਲਾ ਭਰੀਆਂ, ਅਵਤਾਰ ਸਿੰਘ ਦੁੱਲਟ, ਜਵਾਲਾ ਸਿੰਘ ਰੱਤੋਕੇ, ਸੁਖਵਿੰਦਰ ਸਿੰਘ ਚਹਿਲ ਸਰਕਲ ਪ੍ਰਧਾਨ, ਕੁਲਦੀਪ ਸਿੰਘ ਦੂਲੋਂ, ਪ੍ਰਧਾਨ ਗੁਰਜੰਟ ਸਿੰਘ, ਜਸਵਿੰਦਰ ਸਿੰਘ ਦੁੱਲਟ, ਸੁਖਦੇਵ ਸਿੰਘ ਪ੍ਰਧਾਨ, ਮਹਿਮਾ ਸਿੰਘ ਸਿੱਧੂ, ਜੀਤ ਸਿੰਘ ਰੰਧਾਵਾ, ਬਲਵਿੰਦਰ ਸਿੰਘ ਪ੍ਰਚਾਰਕ, ਭੋਲਾ ਸਿੰਘ ਸਾਬਕਾ ਸਰਪੰਚ, ਪਿਆਰਾ ਸਿੰਘ ਭੁੱਲਰ, ਤਰਸੇਮ ਸਿੰਘ ਗੁਜਰਾਂ ਸੋਸ਼ਲ ਮੀਡੀਆ ਇੰਚਾਰਜ ਆਦਿ ਹਾਜ਼ਰ ਸਨ। ਜਸਵੀਰ ਸਿੰਘ ਲੌਂਗੋਵਾਲ ਨੇ ਸਟੇਜ ਦੀ ਭੂਮਿਕਾ ਬਾਖੂਬੀ ਨਿਭਾਈ।

# 76ਵਾਂ ਨਿਰੰਕਾਰੀ ਸੰਤ ਸਮਾਗਮ ਅੱਜ ਤੋਂ, ਤਿਆਰੀਆਂ ਮੁਕੰਮਲ



**ਸਮਾਣਾ (ਇਕਬਾਲ ਸਿੰਘ ਬੱਲ)**-76ਵੇਂ ਸਾਲਾਨਾ ਤਿੰਨ ਰੋਜ਼ਾ ਨਿਰੰਕਾਰੀ ਸੰਤ ਸਮਾਗਮ ਦੀਆਂ ਤਿਆਰੀਆਂ ਯੋਜਨਾਬੱਧ ਤਰੀਕੇ ਨਾਲ ਵੱਡੇ ਪੱਧਰ 'ਤੇ ਮੁਕੰਮਲ ਹੋ ਚੁੱਕੀਆਂ ਹਨ। ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਨਿਰੰਕਾਰੀ ਰਾਜਪਿਤਾ ਜੀ ਦੀ ਸਰਪ੍ਰਸਤੀ ਹੇਠ ਇਹ ਨਿਰੰਕਾਰੀ ਸੰਤ ਸਮਾਗਮ 28, 29 ਤੇ 30 ਅਕਤੂਬਰ ਨੂੰ ਸੰਤ ਨਿਰੰਕਾਰੀ ਅਧਿਆਤਮਕ ਸਥੱਲ ਸਮਾਲਖਾ ਵਿਖੇ ਸ਼ਰਧਾਪੂਰਵਕ ਢੰਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਪਵਿੱਤਰ ਸੰਤ ਸਮਾਗਮ ਵਿੱਚ ਦੇਸ਼, ਵਿਦੇਸ਼ ਤੇ ਦੂਰ-ਦੁਰਾਡੇ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਸ਼ਮੂਲੀਅਤ ਕਰਕੇ ਸਤਿਗੁਰੂ ਦੇ ਇਲਾਹੀ ਦਰਸ਼ਨ ਤੇ ਉਨ੍ਹਾਂ ਦੇ ਪਾਵਨ ਪ੍ਰਵਚਨਾਂ ਦਾ ਲਾਭ ਉਠਾਉਣਗੀਆਂ। ਸਮਾਗਮ ਵਾਲੀ ਥਾਂ 'ਤੇ ਸਾਰੇ ਮੈਦਾਨਾਂ ਵਿੱਚ ਦਰਸ਼ਕਾਂ ਲਈ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਇਸ ਥਾਂ 'ਤੇ ਵਿਸ਼ਾਲ ਸਤਿਸੰਗ ਸਮਾਗਮ ਦਾ ਪੰਡਾਲ ਵੀ ਸਜਾਇਆ ਗਿਆ ਹੈ, ਜਿਸ 'ਚ ਲੱਖਾਂ ਸ਼ਰਧਾਲੂਆਂ ਦੇ ਬੈਠਣ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ।

# ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਰਕਾਰਾਂ ਗੰਭੀਰ ਹੋਣ : ਬਰਜਿੰਦਰ ਬਰਾੜ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਸ਼੍ਰੋਮਣੀ ਅਕਾਲੀ ਦਲ ਹਲਕਾ ਧਰਮਕੋਟ ਦੇ ਇੰਚਾਰਜ ਤੇ ਜਨਰਲ ਸਕੱਤਰ ਬਰਜਿੰਦਰ ਸਿੰਘ ਬਰਾੜ ਨੇ ਦਾਣਾ ਮੰਡੀ ਚੁੱਘਾ ਖੁਰਦ ਵਿੱਚ ਕਿਸਾਨਾਂ ਦੀਆਂ ਮੁਸ਼ਕਲਾਂ ਸੁਣਦਿਆਂ ਕਿਹਾ ਕਿ ਇਸ ਵਾਰ ਕੁਦਰਤੀ ਆਫਤਾਂ ਦੇ ਨਾਲ ਮਸਾਂ ਝੋਨੇ ਦੀ ਫਸਲ ਸਿਰੇ ਲੱਗੀ। ਬਹੁਤ ਥਾਵਾਂ 'ਤੇ ਹੜ੍ਹਾਂ ਦੀ ਮਾਰ ਕਾਰਨ ਇਸ ਵਾਰ ਕਿਸਾਨਾਂ ਦੇ ਹੱਥ ਖਾਲੀ ਰਹਿ ਗਏ ਹਨ, ਉਨ੍ਹਾਂ ਲਈ ਦਿਵਾਲੀਆਂ, ਦੁਸਹਿਰਿਆਂ ਦੇ ਤਿਉਹਾਰ ਇਸ ਵਾਰ ਫਿੱਕੇ ਰਹਿਣਗੇ। ਉਨ੍ਹਾ ਕੇਂਦਰ ਤੇ ਰਾਜ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਿਨ੍ਹਾਂ ਕਿਸਾਨਾਂ ਨੂੰ ਅਜੇ ਹੜ੍ਹਾਂ ਦੇ ਨਾਲ ਪ੍ਰਭਾਵਿਤ ਕੋਈ ਫਸਲ ਦਾ ਮੁਆਵਜ਼ਾ ਨਹੀਂ ਮਿਲਿਆ, ਉਹ ਤੁਰੰਤ ਮਿਲਣਾ ਚਾਹੀਦਾ। ਇਸ ਮੌਕੇ ਕਿਸਾਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਫਸਲਾਂ ਦੇ ਉਸ ਕਦਰ ਭਾਅ ਨਹੀਂ ਵਧਾਏ ਜਾ ਰਹੇ, ਜਿਸ ਕਦਰ ਕਿਸਾਨਾਂ ਦੀਆਂ ਫਸਲਾਂ ਦੇ ਲਾਗਤ ਖਰਚੇ ਵਧਾਏ ਜਾਂਦੇ ਹਨ। ਉਨ੍ਹਾਂ ਆਪਣੇ ਬਿਆਨ ਵਿੱਚ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਹਾਲ ਹੀ ਵਿੱਚ ਐਲਾਨਿਆ ਗਿਆ ਕਣਕ ਦਾ ਭਾਅ ਬਹੁਤ ਹੀ ਘੱਟ ਹੈ, ਜੋ ਕਿਸਾਨਾਂ ਦੇ ਲਾਗਤ ਖਰਚੇ ਵੀ ਪੂਰੇ ਕਰਨ ਵਾਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਵੀ ਸਮੇਂ ਦਾ ਸੱਚ ਹੈ ਕਿ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾ ਰਹੀਆਂ ਹਨ, ਉਨ੍ਹਾਂ ਨੇ ਦੁਸਹਿਰੇ ਤੋਂ ਪਹਿਲਾਂ ਹੀ ਇੱਕ ਦਿਨ ਕਾਰਪੋਰੇਟ ਘਰਾਣਿਆਂ ਦੇ ਪੁਤਲੇ ਫੂਕੇ ਹਨ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਜਿਹੜੀਆਂ ਮੁਸ਼ਕਲਾਂ ਹਨ, ਉਹ ਤੁਰੰਤ ਹੱਲ ਕੀਤੀਆਂ ਜਾਣ ਤੇ ਪੰਜਾਬ ਸਰਕਾਰ ਕਿਸਾਨਾਂ ਨੂੰ ਮੰਡੀਕਰਨ ਦੀ ਵਿਵਸਥਾ ਵਧੀਆ ਤੇ ਪਾਰਦਰਸ਼ਤਾ ਨਾਲ ਦੇਵੇ। ਇਸ ਮੌਕੇ ਉਨ੍ਹਾਂ ਨਾਲ ਗੁਰਮੇਲ ਸਿੰਘ ਸਿੱਧੂ ਸਰਕਲ ਪ੍ਰਧਾਨ, ਪਰਮਪਾਲ ਸਿੰਘ ਚੁੱਗਾ ਯੂਥ ਪ੍ਰਧਾਨ, ਲਖਬੀਰ ਸਿੰਘ ਲੱਖਾ ਚੁੱਗਾ ਸਾਬਕਾ ਸਰਪੰਚ, ਨਿਸ਼ਾਨ ਸਿੰਘ ਮੂਸੇਵਾਲਾ ਸਰਕਲ ਪ੍ਰਧਾਨ ਬੋੜ ਸਿੰਘ ਕਾਵਾਂ, ਲਖਜਿੰਦਰ ਸਿੰਘ ਪੱਪੂ, ਪਰਮਜੀਤ ਸਿੰਘ ਵਿਰਕ ਸਰਕਲ ਪ੍ਰਧਾਨ ਭਿੰਡਰ ਕਲਾਂ ਤੋਂ ਇਲਾਵਾ ਕਈ ਪਾਰਟੀ ਦੇ ਆਗੂ ਤੇ ਵਰਕਰ ਹਜ਼ਜਰ ਸਨ।

# ਅਨਾਜ ਮੰਡੀ 'ਚ ਝੋਨੇ ਦੀ ਫਸਲ ਲੈ ਕੇ ਆਏ ਕਿਸਾਨ ਪ੍ਰੇਸ਼ਾਨ

*** ਸਰਕਾਰ ਦੇ ਸਾਰੇ ਦਾਅਵੇ ਹੋ ਰਹੇ ਖੋਖਲੇ ਸਾਬਤ * ਕਿਸਾਨਾਂ ਵੱਲੋਂ ਅਧਿਕਾਰੀਆਂ ਤੇ ਸ਼ੈਲਰ ਮਾਲਕਾਂ ਵਿਚਾਲੇ ਮਿਲੀਭੁਗਤ ਦੇ ਦੋਸ਼**



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਸਰਕਾਰ ਵੱਲੋਂ ਅਨਾਜ ਮੰਡੀਆਂ ਵਿੱਚ ਕਿਸਾਨਾਂ ਵੱਲੋਂ ਲਿਆਂਦੀ ਗਈ ਝੋਨੇ ਦੀ ਫਸਲ ਨੂੰ ਤੁਰੰਤ ਖ੍ਰੀਦਣ ਤੇ ਹੋਰ ਸਾਰੀਆਂ ਸਹੂਲਤਾਂ ਦੇਣ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ, ਪਰ ਇਹ ਸਾਰੇ ਦਾਅਵੇ ਬਿਲਕੁਲ ਖੋਖਲੇ ਸਾਬਿਤ ਹੋ ਰਹੇ ਹਨ। ਇਸੇ ਤਰ੍ਹਾਂ ਫਾਜ਼ਿਲਕਾ ਦੀ ਅਨਾਜ ਮੰਡੀ ਵਿੱਚ ਕਿਸਾਨਾਂ ਦੀ ਝੋਨੇ ਦੀ ਫਸਲ ਦੀ ਤੁਰੰਤ ਖਰੀਦ ਕਰਨ ਦੇ ਪ੍ਰਸ਼ਾਸਨ ਤੇ ਸਰਕਾਰ ਦੇ ਸਾਰੇ ਦਾਅਵੇ ਪੂਰੀ ਤਰ੍ਹਾਂ ਖੋਖਲੇ ਸਾਬਿਤ ਹੋ ਰਹੇ ਹਨ। ਇੱਥੇ ਇੱਕ ਹਫਤੇ ਤੋਂ ਵੱਧ ਸਮੇਂ ਤੋਂ ਆਪਣੀ ਝੋਨੇ ਦੀ ਫਸਲ ਲੈ ਕੇ ਮੰਡੀ ਵਿੱਚ ਬੈਠੇ ਕਿਸਾਨ ਝੋਨੇ ਦੀ ਖਰੀਦ ਨਾ ਹੋਣ ਕਾਰਨ ਦਿਨ-ਰਾਤ ਮੰਡੀ ਵਿੱਚ ਰੁਲਣ ਲਈ ਮਜਬੂਰ ਹੋ ਰਹੇ ਹਨ।

ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਨੇ ਆਪਣਾ ਰੋਸ ਜ਼ਾਹਰ ਕੀਤਾ ਹੈ। ਉਨ੍ਹਾ ਹਾਈਵੇਅ ਜਾਮ ਕਰਨ ਦੀ ਚਿਤਾਵਨੀ ਵੀ ਦਿੱਤੀ ਹੈ। ਇਸ ਸਬੰਧੀ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਜੋਗਿੰਦਰ ਸਿੰਘ ਤੇ ਬਲਾਕ ਪ੍ਰਧਾਨ ਜਸਪਾਲ ਸਿੰਘ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਅਨਾਜ ਮੰਡੀ ਫਾਜ਼ਿਲਕਾ ਵਿੱਚ ਕਿਸਾਨਾਂ ਦੀ ਝੋਨੇ ਦੀ ਫਸਲ ਨੂੰ ਤੁਰੰਤ ਖ੍ਰੀਦਣ ਦੇ ਸਾਰੇ ਸਰਕਾਰੀ ਦਾਅਵੇ ਝੂਠੇ ਸਾਬਿਤ ਹੋ ਰਹੇ ਹਨ।

ਉਨ੍ਹਾਂ ਦੱਸਿਆ ਕਿ ਇੱਥੋਂ ਦੇ ਕਈ ਕਿਸਾਨ ਕਰੀਬ 10-12 ਦਿਨਾਂ ਤੋਂ ਆਪਣੀ ਝੋਨੇ ਦੀ ਫ਼ਸਲ ਵੇਚਣ ਦੀ ਉਡੀਕ ਕਰ ਰਹੇ ਹਨ ਤੇ ਕੁਝ ਕਿਸਾਨ ਇਸ ਤੋਂ ਵੀ ਵੱਧ ਸਮੇਂ ਤੋਂ ਝੋਨੇ ਦੇ ਵਿਕਣ ਦੀ ਉਡੀਕ ਵਿੱਚ ਹਨ। ਉਨ੍ਹਾਂ ਕਿਹਾ ਕਿ ਝੋਨੇ ਦੀ ਫਸਲ ਦੀ ਵਿੱਕਰੀ ਨਾ ਹੋਣ ਕਾਰਨ ਕਿਸਾਨਾਂ ਨੂੰ ਕਈ ਦਿਨਾਂ ਤੋਂ ਮੰਡੀਆਂ ਵਿੱਚ ਰਹਿਣਾ ਪੈ ਰਿਹਾ ਹੈ, ਜਿਸ ਕਾਰਨ ਉਨ੍ਹਾਂ ਦਾ ਪਿੱਛੇ ਸਾਰਾ ਕੰਮਕਾਜ ਠੱਪ ਹੋ ਕੇ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਤੇ ਸੈਲਰ ਮਾਲਕਾਂ ਦੀ ਆਪਸੀ ਮਿਲੀਭੁਗਤ ਕਾਰਨ ਕਿਸਾਨਾਂ ਦਾ ਝੋਨਾ ਸਮੇਂ ਸਿਰ ਨਹੀਂ ਖਰੀਦਿਆ ਜਾ ਰਿਹਾ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨ 100 ਰੁਪਏ ਪ੍ਰਤੀ ਕੁਇੰਟਲ ਜਾਂ ਇਸ ਤੋਂ ਵੱਧ ਦੀ ਛੋਟ ਦੇ ਕੇ ਫਸਲ ਵੇਚਣ ਲਈ ਸਹਿਮਤ ਹੁੰਦੇ ਹਨ ਤਾਂ ਸੈਲਰ ਮਾਲਕ ਉਨ੍ਹਾਂ ਦਾ ਝੋਨਾ ਤੁਰੰਤ ਖਰੀਦ ਲੈਣਗੇ। ਕੁਝ ਕਿਸਾਨ ਕਈ-ਕਈ ਦਿਨ ਅਨਾਜ ਮੰਡੀ ਵਿੱਚ ਖੜ ਕੇ ਆਪਣੀ ਝੋਨੇ ਦੀ ਫਸਲ ਛੋਟ ਦੇ ਕੇ ਵੇਚਣ ਲਈ ਮਜਬੂਰ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦਾ ਝੋਨਾ ਨਾ ਚੁੱਕਿਆ ਗਿਆ ਤਾਂ ਉਹ ਫਾਜ਼ਿਲਕਾ ਓਵਰ ਬ੍ਰਿਜ 'ਤੇ ਹਾਈਵੇਅ ਜਾਮ ਕਰਕੇ ਧਰਨਾ ਦੇਣ ਲਈ ਮਜਬੂਰ ਹੋਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਪ੍ਰਸ਼ਾਸਨ ਤੇ ਸਰਕਾਰ ਦੀ ਹੋਵੇਗੀ।

## ਲੁਧਿਆਣਾ ਸਟਾਕ ਤੇ ਕੈਪੀਟਲ ਲਿਮਟਿਡ ਦਾ ਇੱਕ ਦਿਨਾ ਵਿੱਦਿਅਕ ਦੌਰਾ ਕਰਵਾਇਆ

**ਦੋਰਾਹਾ (ਹਰਮਿੰਦਰ ਸੇਠ)**-ਸਥਾਨਕ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਦੇ ਪੋਸਟ ਗ੍ਰੈਜੂਏਟ ਕਾਮਰਸ ਅਤੇ ਬਿਜ਼ਨਸ ਐਡਮਨਿਸਟ੍ਰੇਸ਼ਨ ਵਿਭਾਗ ਵਲੋਂ ਪ੍ਰੋ. ਰਣਜੀਤ ਕੌਰ, ਪ੍ਰੋ. ਦੀਪਿਕਾ ਅਤੇ ਪ੍ਰੋ. ਗੁਰਪ੍ਰੀਤ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਲੁਧਿਆਣਾ ਸਟਾਕ ਅਤੇ ਕੈਪੀਟਲ ਲਿਮਿਟਡ ਵਿਖੇ ਇੱਕ ਦਿਨਾ ਵਿੱਦਿਅਕ ਦੌਰਾ ਕੀਤਾ, ਜਿਸ ਵਿੱਚ ਬੀ.ਬੀ.ਏ, ਬੀ.ਕਾਮ ਅਤੇ ਐਮ ਕਾਮ ਦੇ 54 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਵਿੱਦਿਅਕ ਦੌਰੇ ਵਿੱਚ ਮੁੱਖ ਪ੍ਰਵਕਤਾ ਅਤੁਲ ਚਿਕਰਸਲ ਨੇ ਸ਼ੇਅਰ ਬਜ਼ਾਰ ਵਿੱਚ ਨਿਵੇਸ਼, ਸ਼ੇਅਰ ਬਜ਼ਾਰ ਦੇ ਜੋਖਮਾਂ ਅਤੇ ਨਿਫਟੀ ਤੇ ਸਨਸੈਕਸ ਆਦਿ ਬਾਰੇ ਵਿਸਥਾਰ ਵਿੱਚ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਸ਼ੇਅਰ ਬਜ਼ਾਰ ਵਿੱਚ ਹੋਣ ਵਾਲੀਆਂ ਤਬਦੀਲੀਆਂ ਬਾਰੇ ਵੀ ਜਾਣਕਾਰੀ ਦਿੱਤੀ। ਇਸੇ ਗਤੀਵਿਧੀ ਵਿੱਚ ਮੈਡਮ ਸੁਰਿੰਦਰ ਕੌਰ ਨੇ ਵੀ ਸ਼ੇਅਰ ਬਜ਼ਾਰ ਵਿੱਚ ਲੈਣ ਦੇਣ ਦੀ ਪ੍ਰਕਿਰਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਆਨਲਾਈਨ ਸ਼ੇਅਰ ਟ੍ਰੇਡਿੰਗ ਬਾਰੇ ਦੱਸਿਆ। ਉਨ੍ਹਾ ਵਿਦਿਆਰਥੀਆਂ ਨੂੰ ਸ਼ੇਅਰ ਖ੍ਰੀਦਣ ਅਤੇ ਵੇਚਣ ਦੇ ਢੰਗਾਂ ਤੋਂ ਵੀ ਜਾਣੂ ਕਰਵਾਇਆ। ਇਸ ਵਿੱਦਿਅਕ ਦੌਰੇ ਦੇ ਸਫਲਤਾਪੂਰਵਕ ਆਯੋਜਨ ਲਈ ਕਾਲਜ ਦੀ ਪ੍ਰਬੰਧਕੀ ਕਮੇਟੀ ਅਤੇ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਕਾਮਰਸ ਵਿਭਾਗ ਦਾ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਵਿੱਦਿਅਕ ਉਪਰਾਲਿਆਂ ਨੂੰ ਉਲੀਕਣ ਲਈ ਪ੍ਰੇਰਿਤ ਕੀਤਾ।

## ਆਈ ਟੀ ਆਈ (ਲੜਕੀਆਂ) ਵਿਖੇ ਉੱਦਮੀ ਜਾਗਰੂਕਤਾ ਪ੍ਰੋਗਰਾਮ

**ਸੰਗਤ ਮੰਡੀ (ਰਾਜਦੀਪ ਜੋਸ਼ੀ)** : ਡਾਇਰੈਕਟਰ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਥਾਨਕ ਆਈ.ਟੀ.ਆਈ. (ਲੜਕੀਆਂ) ਵਿਖੇ ਪ੍ਰਿੰਸੀਪਲ ਹਰਵਿੰਦਰ ਕੁਮਾਰ ਭਾਰਦਵਾਜ ਦੀ ਰਹਿਨੁਮਾਈ ਹੇਠ ਸਿਖਿਆਰਥੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਐੱਮ.ਐੱਸ.ਐੱਮ.ਈ. ਲੁਧਿਆਣਾ ਵੱਲੋਂ ਸਵੈ-ਰੁਜ਼ਗਾਰ ਦੇ ਮੌਕਿਆਂ 'ਤੇ ਉੱਦਮੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਜਨਰਲ ਮੈਨੇਜਰ ਐਮ.ਐਸ.ਐਮ.ਈ. ਲੁਧਿਆਣਾ ਪ੍ਰੀਤ ਮਹਿੰਦਰ ਸਿੰਘ ਬਰਾੜ ਨੇ ਸਿਖਿਆਰਥੀਆਂ ਨੂੰ ਸਵੈ-ਰੁਜ਼ਗਾਰ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਪੰਜਾਬ ਦੇ ਐੱਮ.ਐੱਸ.ਐੱਮ.ਈ. ਸੈਕਟਰ ਲਈ ਪੰਜਾਬ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।



ਇਸ ਦੌਰਾਨ ਸਹਾਇਕ ਡਾਇਰੈਕਟਰ ਐੱਮ.ਐੱਸ.ਐੱਮ.ਈ. ਲੁਧਿਆਣਾ ਸ਼੍ਰੀ ਵਜੀਰ ਸਿੰਘ ਨੇ ਸਿਖਿਆਰਥੀਆਂ ਨੂੰ ਪ੍ਰੋਗਰਾਮ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਐੱਮ.ਐੱਸ.ਐੱਮ.ਈ. ਤੇ ਡੀ ਸੀ (ਐੱਮ.ਐੱਸ.ਐੱਮ.ਈ) ਮੰਤਰਾਲੇ ਦੀਆਂ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਸਹਾਇਕ ਡਾਇਰੈਕਟਰ ਐੱਮ.ਐੱਸ.ਐੱਮ.ਈ. ਲੁਧਿਆਣਾ ਕ੍ਰਿਸ਼ਨ ਕੁਮਾਰ ਨੇ ਨਵੇਂ ਤੇ ਮੌਜੂਦਾ ਉੱਦਮੀਆਂ ਲਈ ਭਾਰਤ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਬਾਰੇ ਦੱਸਿਆ। ਲੀਡ ਜ਼ਿਲ੍ਹਾ ਮੈਨੇਜਰ ਬਠਿੰਡਾ ਸ਼੍ਰੀਮਤੀ ਮੰਜੂ ਗਲੋਹਤਰਾ ਨੇ ਸਵੈ-ਰੁਜ਼ਗਾਰ/ਨਵੇਂ ਉਦਯੋਗਾਂ ਦੇ ਨਾਲ-ਨਾਲ ਮੌਜੂਦਾ ਉੱਦਮੀਆਂ ਨੂੰ ਸਥਾਪਤ ਕਰਨ ਲਈ ਬੈਂਕਾਂ ਤੇ ਵਿੱਤੀ ਸੰਸਥਾਵਾਂ ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸਕੀਮਾਂ ਤੇ ਕ੍ਰੈਡਿਟ ਸਹਾਇਤਾ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਪੀ.ਐੱਸ.ਆਰ.ਐੱਲ.ਐੱਮ. ਬਠਿੰਡਾ ਸੁਖਵਿੰਦਰ ਸਿੰਘ, ਫੈਕਲਟੀ ਆਰ.ਐੱਸ.ਈ.ਟੀ.ਆਈ. ਬਠਿੰਡਾ ਪਰਵਿੰਦਰ ਕੌਰ ਤੋਂ ਇਲਾਵਾ ਅਪਰਪਾਲ ਸਿੰਘ ਮਾਹਲ ਨੇ ਵੀ ਆਪਣੇ ਤਜਰਬੇ ਸਾਂਝੇ ਕੀਤੇ। ਪ੍ਰੋਗਰਾਮ ਦੇ ਅੰਤ ਵਿੱਚ ਸਰਕਾਰੀ ਆਈ.ਟੀ.ਆਈ. (ਲੜਕੀਆਂ) ਅਮਨਪ੍ਰੀਤ ਕੌਰ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਥਾਨਕ ਆਈ.ਟੀ.ਆਈ (ਲੜਕੀਆਂ) ਦੇ ਪਲੇਸਮੈਂਟ ਇੰਚਾਰਜ ਜਸਵਿੰਦਰ ਕੌਰ ਤੇ ਹੋਰ ਸਟਾਫ ਆਦਿ ਹਾਜ਼ਰ ਸੀ।

## ਕਾਤਰਾਂ

### ਬਾਬਾ ਖੇਤਰਪਾਲ ਮੰਦਰ ਵਿਖੇ ਭਲਕੇ ਚੌਕੀ, ਕਾਰਡ ਜਾਰੀ



**ਬਾਘਾ ਪੁਰਾਣਾ, (ਮਨੀ ਸਿੰਗਲਾ)**-ਬਾਬਾ ਖੇਤਰਪਾਲ ਜੀ ਸੇਵਾ ਸੰਮਤੀ ਦੇ ਪ੍ਰਧਾਨ ਸੰਜੀਵ ਗਰਗ, ਰਾਕੇਸ਼ ਜਿੰਦਲ ਨੇ ਦੱਸਿਆ ਕਿ ਬਾਬਾ ਖੇਤਰਪਾਲ ਜੀ ਜਨਮ ਦਿਹਾੜੇ 'ਤੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ 29 ਸਤੰਬਰ ਨੂੰ ਰਾਤ 7.30 ਵਜੇ ਬੜੀ ਸ਼ਰਧਾ ਤੇ ਧੂਮ-ਧਾਮ ਦੇ ਨਾਲ ਬਾਬਾ ਖੇਤਰਪਾਲ ਜੀ ਦੇ ਮੰਦਰ ਵਿਖੇ ਬਾਬਾ ਜੀ ਦੀ ਚੌਂਕੀ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਚੌਂਕੀ ਲਈ ਬਾਬਾ ਜੀ ਦੀ ਜੋਤ ਰਾਵਤਸਰ (ਰਾਜਸਥਾਨ) ਤੋਂ ਲਿਆਂਦੀ ਜਾਵੇਗੀ ਤੇ ਚੌਂਕੀ ਵਾਲੇ ਦਿਨ ਸਵੇਰੇ 9 ਵਜੇ ਹਵਨ, ਪੂਜਨ 6 ਵਜੇ ਪੁਜਾਰੀ ਮੁਕੇਸ਼ ਸ਼ਰਮਾ ਕਰਨਗੇ, ਜਿਸ ਵਿੱਚ ਧਾਰਮਿਕ ਗਾਇਕ ਲੱਕੀ ਸ਼ੇਖਾਵਤ ਜਲਾਲਾਬਾਦੀ ਵਾਲੇ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕਰਨਗੇ। ਉਨ੍ਹਾਂ ਕਿਹਾ ਕਿ ਬਾਬਾ ਜੀਦਾ ਭੰਡਾਰਾ ਅਤੁੱਟ ਵਰਤਾਇਆ ਜਾਵੇਗਾ। ਇਹ ਸਮਾਗਮ ਮਹਿੰਦਰਾ ਪੈਲੇਸ ਵਾਲੀ ਗਲੀ ਬਾਘਾ ਪੁਰਾਣਾ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਬਾਬਾ ਖੇਤਰਪਾਲ ਜੀ ਸੇਵਾ ਸੰਮਤੀ ਦੇ ਆਗੂਆਂ ਵੱਲੋਂ ਚੌਂਕੀ ਸੰਬੰਧੀ ਕਾਰਡ ਵੀ ਜਾਰੀ ਕੀਤਾ ਗਿਆ।

### ਗਲੋਬਲ ਫਲਾਇਰਜ਼ ਦੀ ਸਟੂਡੈਂਟ ਨੇ 6.5 ਬੈਂਡ ਲਏ



**ਬੱਧਨੀ ਕਲਾ/ਅਜੀਤਵਾਲ, (ਨਛੱਤਰ ਸੰਧੂ)**-ਗਲੋਬਲ ਫਲਾਇਰਜ਼ ਆਈਲਟਸ ਤੇ ਇਮੀਗ੍ਰੇਸ਼ਨ ਸੰਸਥਾ, ਜੋ ਮਿੰਨੀ ਬੱਸ ਸਟੈਂਡ ਲੋਪੋ ਰੋਡ ਬੱਧਨੀ ਕਲਾਂ (ਮੋਗਾ) ਵਿਖੇ ਸਥਿਤ ਹੈ, ਵੱਲੋਂ ਲਗਾਤਾਰ ਵਿਦੇਸ਼ ਵਿੱਚ ਪੜ੍ਹਾਈ ਕਰਨ ਵਾਲੇ ਬੱਚਿਆਂ ਲਈ ਵਰਦਾਨ ਸਾਬਿਤ ਹੋ ਰਹੀ ਹੈ, ਉਥੇ ਹੀ ਓਪਨ ਵਰਕ ਪਰਮਿਟ ਵੀਜ਼ਾ ਤੇ ਵਿਜ਼ਿਟਰ ਵੀਜ਼ੇ 'ਚ ਮੁਹਾਰਤ ਹਾਸਲ ਕਰ ਚੁੱਕੀ ਇਸ ਸੰਸਥਾ ਵਿੱਚ ਆਈਲਟਸ ਦੀ ਤਿਆਰੀ ਵੀ ਬਹੁਤ ਵਧੀਆ ਤਰੀਕੇ ਨਾਲ ਕਰਵਾਈ ਜਾ ਰਹੀ ਹੈ। ਸਟਾਫ ਤੇ ਬੱਚਿਆਂ ਦੀ ਮਿਹਨਤ ਸਦਕਾ ਗਗਨਦੀਪ ਸਿੰਘ ਨੇ ਓਵਰਆਲ 6.5 ਬੈਂਡ ਹਾਸਲ ਕੀਤੇ। ਗਲੋਬਲ ਫਲਾਇਰਜ਼ ਦੇ ਚੇਅਰਮੈਨ ਰਜਤ ਪਲਤਾ ਨੇ ਦੱਸਿਆ ਕਿ ਸੰਸਥਾ ਵਿੱਚ ਬਹੁਤ ਹੀ ਤਜਰਬੇਕਾਰ ਤੇ ਮਿਹਨਤੀ ਸਟਾਫ਼ ਦੁਆਰਾ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ ਤਾਂ ਜੋ ਬੱਚੇ ਬਹੁਤ ਹੀ ਘੱਟ ਸਮੇਂ ਵਿੱਚ ਲੋੜੀਂਦੇ ਬੈਂਡ ਪ੍ਰਾਪਤ ਕਰ ਸਕਣ। ਇਸ ਮੌਕੇ ਗਗਨਦੀਪ ਸਿੰਘ ਨਾਲ ਖੁਸ਼ੀ ਜ਼ਾਹਰ ਕਰਦਿਆਂ ਐੱਮ ਡੀ ਰਜਤ ਪਲਤਾ ਨੇ ਪੂਰੇ ਸਟਾਫ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਦੇ ਆਉਣ ਵਾਲੇ ਸੁਨਹਿਰੀ ਭਵਿੱਖ ਲਈ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

### ਬਾਬਾ ਨਾਮਦੇਵ ਦੇ ਜਨਮ ਦਿਹਾੜੇ ਸੰਬੰਧੀ ਧਾਰਮਿਕ ਸਮਾਗਮ ਸ਼ੁਰੂ

**ਬਰਨਾਲਾ (ਰਾਜਿੰਦਰ ਬਰਾੜ)**-ਬਾਬਾ ਨਾਮਦੇਵ ਜੀ ਦੇ 753ਵੇਂ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ 18 ਅਕਤੂਬਰ ਤੋਂ ਸ੍ਰੀ ਅਖੰਡ ਪਾਠ ਦੀ ਲੜੀ ਸ਼ੁਰੂ ਹੈ ਤੇ ਵਿਸ਼ੇਸ਼ ਸਮਾਗਮ 27, 28, 29 ਅਕਤੂਬਰ 2023 ਨੂੰ ਗੁਰਦੁਆਰਾ ਬਾਬਾ ਨਾਮਦੇਵ ਜੀ ਬਰਨਾਲਾ ਵਿਖੇ ਮਨਾਏ ਜਾ ਰਹੇ ਹਨ। ਉਕਤ ਜਾਣਕਾਰੀ ਦਿੰਦਿਆਂ ਗੁਰਦਵਾਰਾ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦੇ ਪ੍ਰੈੱਸ ਸਕੱਤਰ ਗੁਰਜੰਟ ਸਿੰਘ ਸੋਨਾ ਨੇ ਦੱਸਿਆ ਕਿ ਅੱਜ ਸ਼ੁੱਕਰਵਾਰ ਸਕੂਲਾਂ/ਕਾਲਜਾਂ ਦੇ ਧਾਰਮਿਕ ਮੁਕਾਬਲੇ ਕਰਵਾਏ ਗਏ ਤੇ ਸ਼ਨੀਵਾਰ ਨੂੰ ਸਵੇਰੇ 7;30 ਵਜੇ ਨਗਰ ਕੀਰਤਨ, ਪ੍ਰਭਾਤ ਫੇਰੀ ਦੇ ਰੂਪ ਵਿੱਚ ਪੈਦਲ ਯਾਤਰਾ ਸ਼ੁਰੂ ਹੋਵੇਗੀ। ਉਨ੍ਹਾਂ ਦੱਸਿਆ ਕਿ 29 ਅਕਤੂਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ ਤੇ ਰਾਤ ਸਮੇਂ ਵੀ ਮਹਾਨ ਗੁਰਮਿਤ ਸਮਾਗਮ ਹਵੇਗਾ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

### ਖਰਾਦ ਮਿਸਤਰੀ ਦੀ ਦੁਕਾਨ 'ਤੇ ਚੋਰੀ

**ਮੁਕਤਸਰ (ਸ਼ਮਿੰਦਰਪਾਲ /ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਜਲਾਲਾਬਾਦ ਰੋਡ 'ਤੇ ਖਰਾਦ ਮਿਸਤਰੀ ਦੀ ਦੁਕਾਨ 'ਤੇ ਚੋਰੀ ਦਾ ਮਾਮਲਾ ਸਾਹਮਣੇ ਆਇਆ ਹੈ। ਚੋਰਾਂ ਵੱਲੋਂ ਦੁਕਾਨ ਦੇ ਤਾਲੇ ਵੱਢ ਕੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਦੁਕਾਨਦਾਰ ਅਨੁਸਾਰ ਇਸ ਚੋਰੀ ਦੀ ਘਟਨਾ 'ਚ ਉਸ ਦਾ ਲਗਭਗ 60 ਤੋਂ 70 ਹਜ਼ਾਰ ਰੁਪਏ ਦਾ ਨੁਕਸਾਨ ਹੋਇਆ ਹੈ। ਜਾਣਕਾਰੀ ਅਨੁਸਾਰ ਜਲਾਲਾਬਾਦ ਰੋਡ 'ਤੇ ਸਥਿਤ ਸੋਨੀ ਇੰਜ. ਵਰਕਰਸ ਸ਼ਾਪ 'ਤੇ ਚੋਰਾਂ ਨੇ ਚੋਰੀ ਦੀ ਘਟਨਾ ਨੂੰ ਅੰਜਾਮ ਦਿੱਤਾ। ਦੁਕਾਨਦਾਰ ਸੋਨੂੰ ਨੂੰ ਚੋਰੀ ਦੀ ਘਟਨਾ ਦਾ ਸਵੇਰੇ ਛੇ ਵਜੇ ਪਤਾ ਲੱਗਿਆ। ਜਦੋਂ ਕੁਝ ਲੋਕਾਂ ਨੂੰ ਉਸ ਨੂੰ ਫੋਨ ਕਰਕੇ ਦੱਸਿਆ ਕਿ ਉਸ ਦੀ ਦੁਕਾਨ ਦੇ ਤਾਲੇ ਵੱਢੇ ਪਏ ਹਨ। ਚੋਰ ਦੁਕਾਨ ਦੇ ਅੰਦਰ ਪਏ ਗਿਮ, ਪਲੇਟਾਂ, ਐਕਸਲ ਸਮੇਤ ਹੋਰ ਸਮਾਨ ਲੈ ਗਏ। ਉਸ ਵੱਲੋਂ ਪੁਲਸ ਨੂੰ ਸੂਚਨਾ ਦੇ ਦਿੱਤੀ ਗਈ।

## ਕੁੱਟਮਾਰ ਦੇ ਦੋਸ਼ 'ਚ 11 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਪਿੰਡ ਲਮੋਚੜ ਕਲਾਂ ਵਿਖੇ ਬੀਤੇ ਦਿਨ ਹੋਈ ਲੜਾਈ ਦੇ ਸਬੰਧ ਵਿੱਚ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 11 ਲੋਕਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਹਰਨੇਕ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਫੱਤੂਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਮਿਤੀ 24-10-2023 ਨੂੰ ਸ਼ਾਮ ਕਰੀਬ 5 ਵਜੇ ਉਹ (ਮੁਦੱਈ) ਆਪਣੀ ਭੂਆ ਇਸ਼ਰੋ ਬਾਈ ਪਤਨੀ ਗੁਰਦੀਪ ਸਿੰਘ ਵਾਸੀ ਲਮੋਚੜ ਕਲਾਂ ਦੇ ਘਰ ਘਰੇਲੂ ਕੰਮਕਾਰ ਲਈ ਆਇਆ ਸੀ ਤੇ ਦੇਰ ਸ਼ਾਮ ਉਸ ਨੂੰ ਦੋਸਤ ਅਮਨਦੀਪ ਕੌਰ ਦਾ ਫੋਨ ਆਇਆ, ਜਿਸ 'ਤੇ ਫੋਨ ਸੁਣਨ ਲਈ ਗਲੀ ਵਿੱਚ ਚਲਾ ਗਿਆ ਤੇ ਉਹ ਫੋਨ 'ਤੇ ਗੱਲ ਕਰ ਰਿਹਾ ਸੀ ਤਾਂ ਇਸ ਦੌਰਾਨ ਸ਼ਿੰਦਰ ਸਿੰਘ ਵਗੈਰਾ ਆਏ ਤੇ ਉਸ ਦੀ (ਮੁਦੱਈ) ਦੀ ਕੁੱਟਮਾਰ ਕਰਨ ਲੱਗੇ ਅਤੇ ਸੱਟਾਂ ਮਾਰੀਆਂ, ਜਿਸ 'ਤੇ ਪੁਲਸ ਨੇ ਮੁਦੱਈ ਹਰਨੇਕ ਸਿੰਘ ਦੇ ਬਿਆਨਾਂ 'ਤੇ ਸ਼ਿੰਦਰ ਸਿੰਘ, ਬੱਬੂ ਸਿੰਘ ਪੁੱਤਰ ਬਲਵੀਰ ਸਿੰਘ, ਕਰਨੈਲ ਸਿੰਘ ਪੁੱਤਰ ਨਿਰੰਜਨ ਸਿੰਘ, ਸੰਨੀ ਸਿੰਘ ਪੁੱਤਰ ਕਰਨੈਲ ਸਿੰਘ, ਸਾਜਨ ਸਿੰਘ ਪੁੱਤਰ ਜਸਵੀਰ ਸਿੰਘ ਤੇ 5-6 ਅਣਪਛਾਤੇ ਵਿਅਕਤੀ ਵਾਸੀਆਨ ਲਮੋਚੜ ਕਲਾਂ ਖਿਲਾਫ ਮੁਕੱਦਮਾ ਦਰਜ ਕੀਤਾ ਹੈ।

## ਮੋਹਾਲੀ ਰੈਲੀ ਮਾਨ ਸਰਕਾਰ ਦੀਆਂ ਜੜ੍ਹਾਂ ਹਿਲਾ ਦੇਵੇਗੀ : ਐਡਵੋਕੇਟ ਉੱਡਤ

***12 ਘੰਟਿਆਂ ਵਾਲੇ ਕੰਮ ਦੇ ਨੋਟੀਫਿਕੇਸ਼ਨ ਵਿਰੁੱਧ ਅਲੀਸ਼ੇਰ ਕਲਾਂ ਤੇ ਖੁਰਦ 'ਚ ਪ੍ਰਦਰਸ਼ਨ***



**ਮਾਨਸਾ, (ਪਮਾਰ)**-ਮਨਰੇਗਾ ਸਕੀਮ ਤਹਿਤ ਸਾਲ ਵਿੱਚ ਦੋ ਸੌ ਦਿਨ ਕੰਮ ਦੇਣ, 46ਵੀ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਮੁਤਾਬਕ ਘੱਟੋ-ਘੱਟ ਉਜ਼ਰਤ 26000 ਪ੍ਰਤੀ ਮਹੀਨਾ ਕਰਨ, 12 ਘੰਟਿਆਂ ਵਾਲੇ ਨੋਟੀਫਿਕੇਸ਼ਨ ਨੂੰ ਰੱਦ ਕਰਵਾਉਣ, ਔਰਤਾਂ ਨੂੰ 1000 ਪ੍ਰਤੀ ਮਹੀਨਾ ਦਿਵਾਉਣ, ਬੁਢਾਪਾ ਵਿਧਵਾ ਪੈਨਸ਼ਨ ਪੰਜ ਹਜ਼ਾਰ ਰੁਪਏ ਕਰਨ ਆਦਿ ਮੰਗਾਂ ਨੂੰ ਲੈ ਕੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਵੱਲੋਂ 3 ਨਵੰਬਰ ਦੀ ਮੋਹਾਲੀ ਰੋਸ ਰੈਲੀ ਆਪ ਸਰਕਾਰ ਦੀਆਂ ਜੜ੍ਹਾਂ ਹਿਲਾ ਕੇ ਰੱਖ ਦੇਵੇਗੀ ਤੇ ਮਜ਼ਦੂਰ ਸੰਘਰਸ਼ ਦੇ ਇਤਿਹਾਸ ਵਿੱਚ ਮੀਲ ਪੱਥਰ ਸਾਬਿਤ ਹੋਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇਥੋਂ ਥੋੜ੍ਹੀ ਦੂਰ ਪਿੰਡ ਅਲੀਸ਼ੇਰ ਕਲਾਂ ਤੇ ਅਲੀਸ਼ੇਰ ਖੁਰਦ ਵਿਖੇ 12 ਘੰਟਿਆਂ ਵਾਲੇ ਦਿਹਾੜੀ ਦੇ ਨੋਟੀਫਿਕੇਸ਼ਨ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਉਪਰੰਤ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਵੱਲੋਂ ਕੀਤਾ ਗਿਆ। ਉਨ੍ਹਾ ਕਿਹਾ ਕਿ ਮਾਨ ਸਰਕਾਰ ਵੀ ਮੋਦੀ ਸਰਕਾਰ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਧੜਾਧੜ ਮਜ਼ਦੂਰ ਵਿਰੋਧੀ ਫੈਸਲੇ ਲੈ ਰਹੀ ਹੈ।

ਇਸ ਮੌਕੇ ਸੰਬੋਧਨ ਕਰਦਿਆਂ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਏਟਕ ਦੇ ਸੀਨੀਅਰ ਆਗੂ ਕਰਨੈਲ ਸਿੰਘ ਭੀਖੀ ਤੇ ਰੂਪ ਸਿੰਘ ਢਿੱਲੋਂ ਨੇ ਕਿਹਾ ਕਿ 3 ਨਵੰਬਰ ਦੀ ਮੋਹਾਲੀ ਰੈਲੀ ਵਿੱਚ ਮਾਨਸਾ ਜ਼ਿਲ੍ਹੇ ਵਿੱਚੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ, ਜਿਸ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨੈਲ ਸਿੰਘ, ਮੇਜਰ ਸਿੰਘ, ਸੁਖਦੇਵ ਸਿੰਘ ਅਲੀਸ਼ੇਰ, ਨਿਰਮਲ ਸਿੰਘ ਬੱਪੀਆਣਾ, ਸੁਖਦੇਵ ਸਿੰਘ ਪੰਧੇਰ, ਮਲਕੀਤ ਕੌਰ ਅਲੀਸ਼ੇਰ, ਰਾਜ ਕੌਰ, ਪੂਜਾ ਦੇਵੀ ਤੇ ਛਿੰਦਰਪਾਲ ਕੌਰ ਨੇ ਵੀ ਵਿਚਾਰ ਸਾਂਝੇ ਕੀਤੇ।

## ਮਾਲਵਾ ਸਕੂਲ ਦੇ ਵਿਦਿਆਰਥੀਆਂ ਵੱਲੋਂ ਵਿੱਦਿਅਕ ਟੂਰ

**ਸਰਦੂਲਗੜ੍ਹ (ਅਵਤਾਰ ਜਟਾਣਾ)**-ਮਾਲਵਾ ਪਬਲਿਕ ਹਾਈ ਸਕੂਲ ਖਿਆਲਾ ਕਲਾਂ ਦੇ ਵਿਦਿਆਰਥੀਆਂ ਨੇ ਸਕੂਲ ਮੁਖੀ ਹਰਦੀਪ ਸਿੰਘ ਜਟਾਣਾ ਦੀ ਅਗਵਾਈ ਵਿੱਚ ਸਾਇੰਸ ਸਿਟੀ ਕਪੂਰਥਲਾ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਦੋ ਦਿਨਾਂ ਵਿੱਦਿਅਕ ਟੂਰ ਲਗਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਸੁਲਤਾਨਪੁਰ ਲੋਧੀ ਵਿਖੇ ਕਾਲੀ ਬੇਈਂ ਤੇ ਹੋਰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਬਾਅਦ ਟੂਰ ਕਪੂਰਥਲਾ ਦੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਪੁੱਜਾ, ਜਿੱਥੇ ਵਿਦਿਆਰਥੀਆਂ ਨੇ ਕਰੋੜਾਂ ਸਾਲ ਪਹਿਲਾਂ ਧਰਤੀ 'ਤੇ ਮੌਜੂਦ ਡਾਇਨਾਸੌਰ ਤੋਂ ਲੈ ਕੇ ਅਧੁਨਿਕ ਵਿਗਿਆਨਕ ਮਾਡਲਾਂ ਨੂੰ ਵੇਖਿਆ। ਸਾਇੰਸ ਸਿਟੀ ਵਿੱਚ ਬਣਾਈਆਂ ਗੈਲਰੀਆਂ ਵਿੱਚ ਵਿਦਿਆਰਥੀਆਂ ਨੇ ਮਸਨੂਈ ਹਵਾਈ ਸਫਰ, ਲੇਜਰ ਸ਼ੋਅ, ਸਿਮੂਲੇਟਰ ਜਰੀਏ ਵਿਗਿਆਨਕ ਜਾਣਕਾਰੀਆਂ ਹਾਸਲ ਕੀਤੀਆਂ। ਧਰਤੀ 'ਤੇ ਜੀਵ ਤੇ ਮਨੁੱਖੀ ਵਿਕਾਸ ਦੀ ਕਹਾਣੀ ਨੂੰ ਵੱਡ ਅਕਾਰੀ ਮਾਡਲਾਂ ਦੁਆਰਾ ਹਾਸਲ ਕੀਤਾ। ਕਲਾਈਮੇਟ ਚੇਂਜ ਗੈਲਰੀ ਜ਼ਰੀਏ ਵਿਦਿਆਰਥੀਆਂ ਨੂੰ ਧਰਤੀ ਦੇ ਬਦਲ ਰਹੇ ਤਾਪਮਾਨ ਦੇ ਕਾਰਨ, ਨੁਕਸਾਨ ਤੇ ਹੱਲ ਬਾਰੇ ਜਾਣਕਾਰੀ ਦਿੱਤੀ ਗਈ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਟੂਰ ਦੌਰਾਨ ਵਿਦਿਆਰਥੀਆਂ ਨੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਮੱਥਾ ਟੇਕਿਆ। ਸ੍ਰੀ ਦਰਬਾਰ ਸਾਹਿਬ ਸਥਿਤ ਸਿੱਖ ਅਜਾਇਬਘਰ ਵਿੱਚ ਲੱਗੀਆਂ ਤਸਵੀਰਾਂ ਰਾਹੀਂ ਸਿੱਖ ਇਤਿਹਾਸ ਨਾਲ ਸੰਬੰਧਤ ਜਾਣਕਾਰੀ ਲਈ। ਇਸੇ ਦੌਰਾਨ ਵਿਦਿਆਰਥੀਆਂ ਨੇ ਅਜ਼ਾਦੀ ਸੰਘਰਸ਼ ਦੀ ਯਾਦਗਾਰ ਜਲ੍ਹਿਆਂਵਾਲਾ ਬਾਗ ਦੇ ਦਰਸ਼ਨ ਕੀਤੇ। ਸਕੂਲ ਮੁਖੀ ਹਰਦੀਪ ਸਿੰਘ ਨੇ ਕਿਹਾ ਕਿ ਵਿਦਿਆਰਥੀ ਜੀਵਨ ਵਿੱਚ ਵਿੱਦਿਅਕ ਦੌਰਿਆਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਉਨ੍ਹਾ ਕਿਹਾ ਇਤਿਹਾਸਕ ਥਾਵਾਂ ਸਾਡੇ ਲਈ ਸਾਡੇ ਪੁਰਖਿਆਂ ਵੱਲੋਂ ਪਾਏ ਯੋਗਦਾਨ ਤੇ ਦਿੱਤੀਆਂ ਕੁਰਬਾਨੀਆਂ ਦੀ ਗਵਾਹੀ ਭਰਦੀਆਂ ਹਨ। ਇਸ ਟੂਰ ਵਿੱਚ ਹੋਰਨਾਂ ਤੋਂ ਇਲਾਵਾ ਅਧਿਆਪਕ ਕੁਲਦੀਪ ਸਿੰਘ, ਮਨਦੀਪ ਕੌਰ, ਬਿਆਸ ਕੌਰ, ਕੁੰਵਰਦੀਪ ਸਿੰਘ, ਹਰਪ੍ਰੀਤ ਸਿੰਘ ਤੇ ਵਿਦਿਆਰਥੀ ਸ਼ਾਮਲ ਸਨ।



## ਫਰੈਂਡਜ਼ ਜਿੰਮ ਵੱਲੋਂ ਕੌਮੀ ਬਾਡੀ ਬਿਲਡਿੰਗ ਚੈਂਪੀਅਨਸ਼ਿਪ



**ਧੂਰੀ (ਸੁਖਦੇਵ ਧੂਰੀ)**-ਧੂਰੀ ਦੀ ਪ੍ਰਸਿੱਧ ਫਰੈਂਡਜ਼ ਜਿੰਮ ਵੱਲੋਂ ਜੂਨੀਅਰ ਤੇ ਸੀਨੀਅਰ ਮਿਸਟਰ ਇੰਡੀਆ, ਮਿਸਟਰ ਪੰਜਾਬ ਤੇ ਸੰਗਰੂਰ ਬਾਡੀ ਬਿਲਡਿੰਗ ਅਤੇ ਮੁੱਖ ਫਿਜੀਕਲ ਚੈਂਪੀਅਨਸ਼ਿਪ ਲੰਘੇ ਦਿਨੀਂ ਮਹੇਸ਼ ਬਿਰਧ ਆਸ਼ਰਮ ਧੂਰੀ ਵਿਖੇ ਕਰਵਾਈ ਗਈ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਫਰੈਂਡਜ਼ ਜਿੰਮ ਦੇ ਮਾਲਕ ਰਮੇਸ਼ ਕੁਮਾਰ ਪੱਪੂ ਤੇ ਵਲਜੋਤ ਭੀਮ ਨੇ ਦੱਸਿਆ ਕਿ ਇਸ ਚੈਂਪੀਅਨਸ਼ਿਪ ਵਿੱਚ ਭਾਰਤ ਦੇ ਵੱਖ ਵੱਖ ਸਟੇਟਾਂ ਵਿੱਚੋਂ 300 ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ, ਜਿਸ ਵਿੱਚ ਓਵਰਅਲ ਮਿਸਟਰ ਇੰਡੀਆ ਰਵੀ ਕੁਮਾਰ ਦਿੱਲੀ ਚੁਣਿਆ ਗਿਆ ਤੇ ਓਵਰਆਲ ਮਿਸਟਰ ਪੰਜਾਬ ਕ੍ਰਿਸ਼ਨਾ ਸੰਧੂ ਹੁਸ਼ਿਆਰਪੁਰ ਚੁਣਿਆ ਗਿਆ ਅਤੇ ਓਵਰਆਲ ਮਿਸਟਰ ਸੰਗਰੂਰ ਵਿਵੇਕ ਸੂਰੀ ਸੁਨਾਮ ਚੁਣਿਆ ਗਿਆ। ਇਸ ਚੈਂਪੀਅਨਸ਼ਿਪ ਦਾ ਉਦਘਾਟਨ ਰਾਜਵੰਤ ਸਿੰਘ ਵਿਰਕ (ਘੁੱਲੀ) ਚੇਅਰਮੈਨ ਮਾਰਕੀਟ ਕਮੇਟੀ ਧੂਰੀ ਤੇ ਡਾ. ਅਨਵਰ ਭਸੌੜ ਪ੍ਰਧਾਨ ਘੱਟ ਗਿਣਤੀਆਂ ਵਿੰਗ ਜ਼ਿਲ੍ਹਾ ਸੰਗਰੂਰ, ਆਮ ਆਦਮੀ ਪਾਰਟੀ ਯੂਥ ਆਗੂ ਅਮਰਦੀਪ ਸਿੰਘ ਧਾਂਦਰਾ, ਵਰਿੰਦਰ ਧਾਲੀਵਾਲ, ਜਸਵਿੰਦਰ ਸਿੰਘ ਖੁਰਮੀ ਤੇ ਉਨ੍ਹਾਂ ਦੀ ਟੀਮ ਵੱਲੋਂ ਕੀਤਾ ਗਿਆ, ਜਿਸ ਦੀ ਜਜਮੈਂਟ ਮਿਸਟਰ ਵਿਜੇ ਕੁਮਾਰ ਮਿਸਟਰ ਇੰਡੀਆ, ਨਿਰਪਾਲ ਸਿੰਘ ਮਿਸਟਰ ਇੰਡੀਆ, ਜਸਵੰਤ ਸਿੰਘ ਮਿਸਟਰ ਇੰਡੀਆ, ਜਤਿੰਦਰ ਯਾਦਵ ਦਿੱਲੀ, ਮਨਿੰਦਰ ਸਿੰਘ ਸੰਟੀ ਬਠਿੰਡਾ, ਸੋਨੂੰ ਨੰਗਲ, ਫਿਰੋਜ਼ ਫੌਜੀ ਮਾਲੇਰਕੋਟਲਾ ਟੀਮ ਵੱਲੋਂ ਕੀਤੀ ਗਈ। ਇਸ ਮੌਕੇ ਫਰੈਂਡਜ਼ ਜਿੰਮ ਧੂਰੀ ਦੇ ਮਾਲਕ ਰਮੇਸ਼ ਕੁਮਾਰ ਪੱਪੂ, ਵਲਜੋਤ ਭੀਮ, ਰਾਹੁਲ ਵਲਜੋਤ, ਗੁਰੀ ਘੁਮਾਣ, ਗੱਗੀ ਧੀਮਾਨ, ਸੁੱਖ ਸਿੱਧੂ, ਪ੍ਰਭ, ਪਰਮਿੰਦਰ ਸਿੰਘ, ਅਮਿਤ ਮਹਿਤਾ, ਅਮਿਤ ਗਰਗ, ਸ਼ੁਭਮ ਗਰਗ, ਧਰਮਿੰਦਰ ਸਿੰਘ ਦਿਓਲ ਤੇ ਹੋਰ ਹਾਜ਼ਰ ਸਨ।

## ਨੇਕੀ ਫਾਊਂਡੇਸ਼ਨ ਦੇ ਕੈਂਪ 'ਚ ਅਲਿਮਕੋ ਨੇ ਇਲੈਕਟ੍ਰਿਕ ਟਰਾਈਸਾਈਕਲ ਤੇ ਸਮਾਰਟ ਫ਼ੋਨ ਵੰਡੇ

**ਬੁਢਲਾਡਾ/ਬਰੇਟਾ (ਅਸ਼ੋਕ ਲਾਕੜਾ/ਗੋਬਿੰਦ ਸ਼ਰਮਾ)**-ਜ਼ਿਲ੍ਹਾ ਮਾਨਸਾ ਦੀ ਸਮਾਜ ਸੇਵੀ ਸੰਸਥਾ ਨੇਕੀ ਫਾਉਂਡੇਸ਼ਨ ਬੁਢਲਾਡਾ ਵੱਲੋਂ ਸਥਾਨਕ ਕ੍ਰਿਸ਼ਨਾ ਕਾਲਜ ਰੱਲੀ ਵਿਖੇ ਸਮਾਜਿਕ ਨਿਆਂ ਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਦੇ ਦਿਵਿਆਂਗਜਨ ਸਸ਼ਕਤੀਕਰਨ ਵਿਭਾਗ ਦੀ ਐਪਿਡ ਯੋਜਨਾ ਅਧੀਨ ਭਾਰਤੀਯ ਕਰਿਤ੍ਰਮ ਅੰਗ ਨਿਰਮਾਣ ਨਿਗਮ (ਅਲਿਮਕੋ) ਮੋਹਾਲੀ ਦੁਆਰਾ ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਤੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਮਾਨਸਾ ਅਤੇ ਕੰਨਫੈਡਰੇਸ਼ਨ ਫ਼ਾਰ ਚੈਲੰਜਡ ਪਰਸਨਜ਼ ਪੰਜਾਬ ਦੇ ਸਹਿਯੋਗ ਨਾਲ ਦਿਵਿਅੰਗਜਨ ਸਹਾਇਕ ਉਪਕਰਨ ਵੰਡ ਸਮਾਰੋਹ ਕੀਤਾ ਗਿਆ, ਜਿੱਥੇ 310 ਦਿਵਿਅੰਗ ਵਿਅਕਤੀਆਂ ਨੂੰ ਵੱਖ ਵੱਖ ਤਰ੍ਹਾਂ ਦੇ ਸਹਾਇਕ ਉਪਕਰਨ ਮੁਫ਼ਤ ਵੰਡੇ ਗਏ। ਗੱਲਬਾਤ ਕਰਦਿਆਂ ਨੇਕੀ ਫਾਉਂਡੇਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਕੈਂਪ ਵਿੱਚ ਲੱਗਭੱਗ 1.5 ਕਰੋੜ ਰੁਪਏ ਕੀਮਤ ਦੇ ਇਲੈਕਟ੍ਰਿਕ ਟਰਾਈਸਾਈਕਲ, ਟਰਾਈਸਾਈਕਲ, ਵਹੀਲ ਚੇਅਰ, ਸਮਾਰਟ ਫ਼ੋਨ, ਕੈਲੀਪਰ, ਫੋਹੜੀਆਂ, ਕੰਨਾਂ ਦੀਆਂ ਮਸ਼ੀਨਾਂ, ਨਕਲੀ ਅੰਗ ਆਦਿ ਅਲਿਮਕੋ ਵੱਲੋਂ ਵੰਡੇ ਗਏ। ਅਲਿਮਕੋ ਮੋਹਾਲੀ ਦੇ ਮੈਨੇਜਰ ਇਸ਼ਵਿੰਦਰ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਪੂਰੇ ਮਾਨਸਾ ਜ਼ਿਲ੍ਹੇ ਸਮੇਤ ਪੰਜਾਬ ਭਰ ਤੋਂ ਲਾਭਪਾਤਰੀ ਪਹੁੰਚੇ ਹਨ। ਇਸ ਮੌਕੇ ਪਹੁੰਚੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ ਨੇ ਕਿਹਾ ਕਿ ਨੇਕੀ ਫਾਉਂਡੇਸ਼ਨ ਦਾ ਇਹ ਇੱਕ ਵੱਡਾ ਉਪਰਾਲਾ ਹੈ, ਜੋ ਇਲਾਕੇ ਲਈ ਮਾਣ ਦੀ ਗੱਲ ਹੈ। ਕੈਂਪ ਵਿੱਚ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਅਫਸਰ ਜਸਵੀਰ ਕੌਰ ਨੇ ਕੈਂਪ 'ਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਸਿਟੀ ਥਾਣਾ ਮੁਖੀ ਐੱਸ ਐੱਚ ਓ ਮੇਲਾ ਸਿੰਘ, ਯੁਵਕ ਸੇਵਾਵਾਂ ਵਿਭਾਗ ਤੋਂ ਸਹਾਇਕ ਡਰੈਕਟਰ ਦਿਲਵਰ ਸਿੰਘ, ਸੁਭਾਸ਼ ਨਾਗਪਾਲ, ਸਤੀਸ਼ ਗੋਇਲ ਸੁਨਾਮ, ਪ੍ਰਵੀਨ ਸੁਨਾਮ ਤੇ ਹੋਰ ਪਤਵੰਤੇ ਵਿਸ਼ੇਸ਼ ਤੌਰ ਉੱਤੇ ਪਹੁੰਚੇ। ਨੇਕੀ ਫਾਉਂਡੇਸ਼ਨ ਵੱਲੋਂ ਕ੍ਰਿਸ਼ਨਾ ਕਾਲਜ ਰੱਲੀ ਦੇ ਚੇਅਰਮੈਨ ਕਮਲ ਸਿੰਗਲਾ ਤੇ ਮੈਨੇਜਮੈਂਟ ਦਾ ਕੈਂਪ ਦੇ ਪ੍ਰਬੰਧਾਂ ਵਿੱਚ ਪੂਰਨ ਸਹਿਯੋਗ ਦੇਣ ਉੱਤੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।



## ਲੁੱਟ-ਖੋਹ ਕਰਨ ਵਾਲੇ ਗਰੋਹ ਦੇ 3 ਵਿਅਕਤੀ 12 ਮੋਬਾਇਲਾਂ ਸਮੇਤ ਗ੍ਰਿਫਤਾਰ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ/ਕੁਲਭੂਸ਼ਣ ਚਾਵਲਾ)**-ਭਾਗੀਰਥ ਸਿੰਘ ਮੀਨਾ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹੇ ਅੰਦਰ ਚਲਾਈ ਗਈ ਸ਼ਰਾਰਤੀ ਅਨਸਰਾਂ ਖਿਲਾਫ ਮੁਹਿੰਮ ਤਹਿਤ ਸੰਜੀਵ ਗੋਇਲ ਡੀ.ਐੱਸ.ਪੀ. (ਡੀ) ਦੀ ਨਿਗਰਾਨੀ ਹੇਠ ਇੰਸਪੈਕਟਰ ਗੁਰਵਿੰਦਰ ਸਿੰਘ ਇੰਚਾਰਜ ਸੀ.ਆਈ.ਏ. ਤੇ ਪੁਲਸ ਪਾਰਟੀ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ 3 ਵਿਅਕਤੀਆਂ ਨੂੰ ਵੱਖ-ਵੱਖ ਥਾਵਾਂ ਤੋਂ ਖੋਹ ਕੀਤੇ 12 ਮੋਬਾਇਲ ਫੋਨਾਂ ਸਮੇਤ ਕਾਬੂ ਕੀਤਾ। ਜਾਣਕਾਰੀ ਅਨੁਸਾਰ ਗੁਰਭਗਵੰਤ ਸਿੰਘ ਸੀ.ਆਈ.ਏ. ਸਟਾਫ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਮੌੜ ਰੋਡ ਮੌਜੂਦ ਸੀ ਤਾਂ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸੰਨੀ ਪੁੱਤਰ ਰਣਜੀਤ ਕੁਮਾਰ ਵਾਸੀ ਰਘੂਨਾਥ ਮੰਦਰ ਦੇ ਸਾਹਮਣੇ ਨੇੜੇ ਨੀਲੇ ਦੀ ਚੱਕੀ ਸ੍ਰੀ ਮੁਕਤਸਰ ਸਾਹਿਬ, ਮੁਨੀਸ਼ ਕੁਮਾਰ ਪੁੱਤਰ ਉਮੇਸ਼ ਕੁਮਾਰ ਉਰਫ ਬਾਬੂ ਵਾਸੀ ਮੌੜ ਰੋਡ ਆਰੇ ਵਾਲੀ ਗਲੀ ਸ੍ਰੀ ਮੁਕਤਸਰ ਸਾਹਿਬ, ਅਜੈ ਕੁਮਾਰ ਪੁੱਤਰ ਗੋਪੀ ਰਾਮ ਵਾਸੀ ਮੌੜ ਰੋਡ, ਮਦਾਨ ਕਲੋਨੀ, ਗਲੀ ਨੰ: 04, ਸ੍ਰੀ ਮੁਕਤਸਰ ਸਾਹਿਬ ਤੇ ਹੈਪੀ ਪੁੱਤਰ ਰਜੇਸ਼ ਵਾਸੀ ਗਲੀ ਨੰ: 05, ਸ ਏ ਸ ਨਗਰ, ਸ੍ਰੀ ਮੁਕਤਸਰ ਸਾਹਿਬ ਦੇ ਰਹਿਣ ਵਾਲੇ ਹਨ, ਜੋ ਆਉਂਦੇ-ਜਾਂਦੇ ਰਾਹਗੀਰਾਂ ਨੂੰ ਰੋਕ ਕੇ ਮਾਰੂ ਹਥਿਆਰ ਦਿਖਾ ਕੇ ਡਰਾ ਧਮਕਾ ਕੇ ਉਨ੍ਹਾਂ ਪਾਸੋਂ ਮੋਬਾਇਲ ਫੋਨ ਜਾਂ ਹੋਰ ਨਗਦੀ ਖੋਹ ਕੇ ਮੋਟਰਸਾਈਕਲਾਂ 'ਤੇ ਭਜ ਜਾਂਦੇ ਹਨ। ਉਪਰੰਤ ਪੁਲਸ ਪਾਰਟੀ ਨੇ ਮੌੜ ਰੋਡ ਪੁਲ ਸੂਆ ਜਲਾਲਾਬਾਦ ਰੋਡ 'ਤੇ ਨਾਕਾਬੰਦੀ ਕਰਕੇ ਉਕਤਾਨ ਦੋਸ਼ੀਆਂ ਵਿੱਚੋਂ ਸੰਨੀ, ਮੁਨੀਸ਼ ਕੁਮਾਰ ਤੇ ਅਜੈ ਕੁਮਾਰ ਨੂੰ ਸਮੇਤ ਮੋਟਰਸਾਈਕਲ ਨੰਬਰੀ ਪੀ ਬੀ 30 ਸ 7335 ਮਾਰਕਾ ਡੀਲਕਸ ਦੇ ਕਾਬੂ ਕੀਤਾ। ਇਨ੍ਹਾਂ ਨੂੰ ਉਕਤ ਮੁਕੱਦਮੇ ਵਿੱਚ ਗ੍ਰਿਫਤਾਰ ਕਰਕੇ ਮੌਕੇ 'ਤੇ ਖੋਹੇ ਹੋਏ 12 ਮੋਬਾਇਲ ਫੋਨ ਵੱਖ-ਵੱਖ ਕੰਪਨੀਆਂ ਦੇ ਬ੍ਰਾਮਦ ਕੀਤੇ ਗਏ।

## ਵਿਧਾਇਕ ਡਾ. ਅਰੋੜਾ ਨੇ 11 ਕੇਵੀ ਫੀਡਰ ਦੇ ਬ੍ਰੇਕਰ ਦਾ ਕੀਤਾ ਉਦਘਾਟਨ

**ਮੋਗਾ (ਅਮਰਜੀਤ ਬੱਬਰੀ)**-ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ 132 ਕੇਵੀ ਸਬ ਸਟੇਸ਼ਨ ਮੋਗਾ-1 ਤੋਂ ਨਵੇਂ ਪ੍ਰਤਾਪ ਰੋਡ 'ਤੇ ਉਸਾਰੇ ਫੀਡਰ 11 ਕੇਵੀ ਬ੍ਰੇਕਰ ਦਾ ਉਦਘਾਟਨ ਕੀਤਾ।ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਇਸ ਨਵੇਂ ਉਸਾਰੇ ਫੀਡਰ ਤੋਂ ਪਹਿਲਾਂ ਚੱਲ ਰਹੇ ਮੋਗਾ-2 ਤੇ ਜਵਾਹਰ ਨਗਰ ਫੀਡਰਾਂ ਦੀ ਲੋਡਿੰਗ ਘੱਟ ਹੋ ਜਾਵੇਗੀ।ਉਨ੍ਹਾ ਕਿਹਾ ਕਿ ਜਵਾਹਰ ਨਗਰ, ਮੇਨ ਬਾਜ਼ਾਰ, ਨਿਊ ਟਾਉਨ, ਪ੍ਰਤਾਪ ਰੋਡ ਆਦਿ ਇਲਾਕਿਆਂ ਦੀ ਬਿਜਲੀ ਸਪਲਾਈ ਵਿੱਚ ਸੁਧਾਰ ਹੋ ਜਾਵੇਗਾ ਤੇ ਇਸ ਫੀਡਰ ਤੋਂ 41 ਲੱਖ ਰੁਪਏ ਦਾ ਖਰਚਾ ਹੋਇਆ ਹੈ।ਇਸ ਮੌਕੇ ਪੀਸੀਐੱਲ ਸਰਕਲ ਫਰੀਦਕੋਟ ਦੇ ਇੰਜੀ. ਸੰਦੀਪ ਗਰਗ ਮੰਡਲ ਸ਼ਹਿਰੀ ਮੋਗਾ ਦੇ ਐਕਸੀਅਨ ਰਾਜਿੰਦਰ ਸਿੰਘ, ਐੱਸ ਡੀ ਓ ਮੋਗਾ ਬਲਦੇਵ ਸਿੰਘ, ਮਨਦੀਪ ਸਿੰਘ ਤੇ ਜੇ ਈ ਸ਼ੁਭਮ ਹਾਜ਼ਰ ਸਨ।

## ਮਲੋਟ ਹਲਕੇ ਦੇ ਪਿੰਡਾਂ 'ਚੋਂ ਪਾਣੀ ਦੀ ਨਿਕਾਸੀ ਲਈ ਪਾਈਪ ਲਾਈਨ ਮਨਜ਼ੂਰ : ਬਲਜੀਤ ਕੌਰ

***ਪਿੰਡਾਂ ਦੇ ਨੀਵੇਂ ਇਲਾਕਿਆਂ 'ਚ ਮੀਂਹ ਦਾ ਪਾਣੀ ਭਰਨ ਦੀ ਸਮੱਸਿਆ ਤੋਂ ਮਿਲੇਗੀ ਰਾਹਤ***



**ਮਲੋਟ, (ਗੁਰਮੀਤ ਸਿੰਘ ਮੱਕੜ)** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮਲੋਟ ਹਲਕੇ ਦੇ ਪਿੰਡਾਂ ਵਿੱਚੋਂ ਬਾਰਸ਼ਾਂ ਦੇ ਪਾਣੀ ਦੀ ਤੇਜ਼ੀ ਨਾਲ ਨਿਕਾਸੀ ਲਈ 1286822 ਲੱਖ ਰੁਪਏ ਨਾਲ 47 ਹਜ਼ਾਰ 300 ਫੁੱਟ ਲੰਬੀ ਪਾਈਪ ਲਾਈਨ ਪਾਉਣ ਦਾ ਪ੍ਰੋਜੈਕਟ ਮਨਜ਼ੂਰ ਕੀਤਾ ਗਿਆ ਹੈ। ਇਹ ਜਾਣਕਾਰੀ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਅਤੇ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਹਲਕੇ ਦੇ ਕਈ ਪਿੰਡਾਂ ਦੀ ਆਬਾਦੀ ਨੀਵੇਂ ਥਾਵਾਂ 'ਤੇ ਹੈ ਅਤੇ ਅਕਸਰ ਬਾਰਿਸ਼ਾਂ ਸਮੇਂ ਇੱਥੇ ਪਾਣੀ ਭਰ ਜਾਂਦਾ ਹੈ, ਜਦਕਿ ਗੰਦੇ ਪਾਣੀ ਦੀ ਨਿਕਾਸੀ ਲਈ ਵੀ ਢੁੱਕਵਾਂ ਪ੍ਰਬੰਧ ਨਹੀਂ ਸੀ, ਜਿਸ ਕਾਰਨ ਅਜਿਹੇ ਪਿੰਡਾਂ ਦੇ ਲੋਕਾਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਮੀਂਹ ਦਾ ਪਾਣੀ ਕਈ ਕਈ ਦਿਨ ਤੱਕ ਖੜ੍ਹਾ ਰਹਿੰਦਾ ਸੀ, ਜਿਸ ਨਾਲ ਬਿਮਾਰੀ ਫੈਲਣ ਦੇ ਡਰ ਦੇ ਨਾਲ ਨਾਲ ਇਸ ਨਾਲ ਘਰਾਂ ਨੂੰ ਵੀ ਨੁਕਸਾਨ ਹੋਣ ਦਾ ਖਤਰਾ ਬਣਿਆ ਰਹਿੰਦਾ ਸੀ, ਪਰ ਹੁਣ ਪੰਜਾਬ ਸਰਕਾਰ ਨੇ ਇਨ੍ਹਾਂ ਪਿੰਡਾਂ ਤੋਂ ਪਾਈਪ ਲਾਈਨ ਪਾ ਕੇ ਪਾਣੀ ਦੀ ਨਿਕਾਸੀ ਕਰਨ ਦਾ ਪ੍ਰੋਜੈਕਟ ਪ੍ਰਵਾਨ ਕਰ ਦਿੱਤਾ ਗਿਆ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਤੇ ਕੰਮ ਝੋਨੇ ਦੀ ਵਾਢੀ ਤੋਂ ਬਾਅਦ ਸ਼ੁਰੂ ਕਰਵਾ ਦਿੱਤਾ ਜਾਵੇਗਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪਿੰਡ ਚਿੱਬੜਾਂਵਾਲੀ ਤੇ ਖੁੰਨਣ ਖੁਰਦ ਵਿੱਚੋਂ ਪਾਣੀ ਦੀ ਨਿਕਾਸੀ ਲਈ 486843 ਲੱਖ ਰੁਪਏ ਨਾਲ 18000 ਫੁੱਟ ਲੰਬੀ ਪਾਈਪ ਪਾਈ ਜਾਵੇਗੀ। ਇਸੇ ਤਰ੍ਹਾਂ ਪਿੰਡ ਲਖਮੀਰੇਆਣਾ ਵਿੱਚ 390852 ਲੱਖ ਰੁਪਏ ਨਾਲ 14000 ਫੁੱਟ ਲੰਬੀ ਪਾਈਪ ਲਾਈਨ ਵਿਛਾਈ ਜਾਵੇਗੀ।ਪਿੰਡ ਬਾਮ ਵਿੱਚ 218837 ਲੱਖ ਰੁਪਏ ਨਾਲ 6300 ਫੁੱਟ ਲੰਬੀ ਪਾਈਪ ਲਾਈਨ ਵਿਛਾਈ ਜਾਵੇਗੀ। ਪਿੰਡ ਰੱਥੜੀਆਂ ਵਿੱਚ 218837 ਲੱਖ ਰੁਪਏ ਨਾਲ 9000 ਫੁੱਟ ਲੰਬੀ ਪਾਈਪ ਲਾਈਨ ਪਾਈ ਜਾਵੇਗੀ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਇਨ੍ਹਾਂ ਪ੍ਰੋਜੈਕਟਾਂ ਲਈ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਲਕੇ ਦੇ ਵਿਕਾਸ ਲਈ ਨਿਰੰਤਰ ਪ੍ਰੋਜੈਕਟ ਬਣਾ ਕੇ ਲਾਗੂ ਕੀਤੇ ਜਾ ਰਹੇ ਹਨ। ਇਹ ਪਾਈਪ ਲਾਈਨ ਪਾਉਣ ਦਾ ਕੰਮ ਜਲ ਸ੍ਰੋਤ ਵਿਭਾਗ ਦੀ ਡ੍ਰੇਨਜ਼ ਕਮ ਮਾਈਨਿੰਗ ਐਂਡ ਜਿਓਲੋਜੀ ਡਵੀਜ਼ਨ ਵੱਲੋਂ ਕਰਵਾਇਆ ਜਾਵੇਗਾ।

## ਐੱਸ ਡੀ ਕਾਲਜ ਫਾਰ ਵੂਮੈਨ 'ਚ ਮਨਾਇਆ ਖਾਦੀ ਮਹਾਂਉਤਸਵ

**ਮੋਗਾ (ਅਮਰਜੀਤ ਬੱਬਰੀ)**-ਐੱਸ ਡੀ ਕਾਲਜ ਫਾਰ ਵੂਮੈਨ ਮੋਗਾ ਵਿਖੇ ਐੱਨ ਐੱਸ ਐੱਸ ਯੂਨਿਟ ਵੱਲੋਂ ਭਾਰਤ ਸਰਕਾਰ ਦੇ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਖਾਦੀ ਫਾਰ ਨੇਸ਼ਨ, ਖਾਦੀ ਫਾਰ ਫੈਸ਼ਨ ਥੀਮ ਤਹਿਤ ਵਿਸਥਾਰ ਭਾਸ਼ਣ ਦਾ ਆਯੋਜਨ ਕੀਤਾ ਗਿਆ।ਕਾਲਜ ਪਿੰਸੀਪਲ ਡਾ. ਨੀਨਾ ਅਨੇਜਾ ਨੇ ਐੱਨ ਐੱਸ ਐੱਸ ਦੇ ਵਲੰਟੀਅਰਜ਼ ਨੂੰ ਮਹਾਤਮਾ ਗਾਂਧੀ ਦੀ ਖਾਦੀ ਵਿਰਾਸਤ ਸੰਭਾਲਣ ਤੇ ਉਨ੍ਹਾ ਦੇ ਆਦਰਸ਼ਾਂ 'ਤੇ ਚੱਲਣ ਲਈ ਪ੍ਰੇਰਿਆ।



ਫੈਸ਼ਨ ਡਿਜ਼ਾਈਨਿੰਗ ਵਿਭਾਗ ਦੇ ਮੁਖੀ ਮਿਸਿਜ਼ ਮਨਦੀਪ ਸ਼ਰਮਾ ਵਿਸਥਾਰ ਭਾਸ਼ਣ ਦੇ ਮੁੱਖ ਵਕਤਾ ਸਨ।ਉਨ੍ਹਾ ਵਲੰਟੀਅਰਜ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਦੌਰ ਵਿੱਚ ਖਾਦੀ ਦੇ ਕੱਪੜਿਆਂ ਨੂੰ ਲੈ ਕੇ ਨਵੀਂ ਕ੍ਰਾਂਤੀ ਆਈ ਹੈ, ਕਿਉਂਕਿ ਹੁਣ ਖਾਦੀ ਦੀਆਂ ਹੱਥ ਕਲਾ ਵਸਤਾਂ ਨੂੰ ਆਨਲਾਈਨ ਤੇ ਸਟੋਰਾਂ ਵਿੱਚ ਵਧੀਆ ਹੁੰਗਾਰਾ ਮਿਲ ਰਿਹਾ ਹੈ ਅਤੇ ਗਾਹਕਾਂ ਦੀ ਗਿਣਤੀ ਦਿਨ-ਬ-ਦਿਨ ਵਧ ਰਹੀ ਹੈ।ਖਾਦੀ ਦੇ ਉਦਯੋਗ ਦਾ ਮੰਤਵ ਹੀ ਪੇਂਡੂ ਖੇਤਰ ਦੇ ਲੋਕਾਂ ਨੂੰ ਆਤਮ ਨਿਰਭਰ ਕਰਨਾ ਹੈ।ਮਹਾਤਮਾਂ ਗਾਂਧੀ ਨੇ ਭਾਰਤੀ ਲੋਕਾਂ ਨੂੰ ਵਿਦੇਸ਼ਾਂ 'ਤੇ ਨਿਰਭਰ ਰਹਿਣ ਦੀ ਬਜਾਏ ਖਾਦੀ ਦੇ ਨਿਰਮਾਣ ਤੇ ਉਦਯੋਗ ਉੱਤੇ ਜ਼ੋਰ ਦਿੱਤਾ। ਉਨ੍ਹਾ ਕਿਹਾ ਕਿ ਹਰ ਵਿਅਕਤੀ ਚਰਖਾ ਚਲਾਵੇ ਤੇ ਖਾਦੀ ਪਹਿਨੇ। ਅੱਜ ਖਾਦੀ ਉਦਯੋਗ ਨਾਲ ਕਈ ਸੰਸਥਾਵਾਂ ਕੰਮ ਕਰ ਰਹੀਆਂ ਹਨ।ਖਾਦੀ ਬਣਾਉਣ ਵਾਲੇ ਵਪਾਰੀਆਂ ਨੂੰ ਵਿਸ਼ੇਸ਼ ਸਹਾਇਤਾ ਵੀ ਦਿੱਤੀ ਜਾਂਦੀ ਹੈ ਅਤੇ ਨਾਲ ਹੀ ਉਨ੍ਹਾਂ ਨੇ ਖਾਦੀ ਕੱਪੜੇ ਪਹਿਨਣ ਬਾਰੇ ਦੱਸਿਆ। ਅੰਤ 'ਚ ਐੱਨ ਐੱਸ ਐੱਸ ਯੂਨਿਟ ਦੇ ਪ੍ਰੋਗਰਾਮ ਅਫਸਰ ਡਾ. ਬਲਜੀਤ ਕੌਰ ਤੇ ਮੈਡਮ ਊਸ਼ਾ ਨੇ ਮੁੱਖ ਵਕਤਾ ਦਾ ਧੰਨਵਾਦ ਕੀਤਾ ਤੇ ਵਲੰਟੀਅਰਜ਼ ਨੂੰ ਸਵਦੇਸ਼ੀ ਵਸਤਾਂ ਵਰਤਣ ਲਈ ਪ੍ਰੇਰਿਆ।

## ਇਜ਼ਰਾਈਲ ਦੁਆਰਾ ਫਲਸਤੀਨ 'ਤੇ ਹਮਲਿਆਂ ਦੀ ਜਮੂਹਰੀ ਅਧਿਕਾਰ ਸਭਾ ਵੱਲੋਂ ਸਖ਼ਤ ਨਿੰਦਾ

**ਮੋਗਾ (ਅਮਰਜੀਤ ਬੱਬਰੀ)**-ਜਮੂਹਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲ੍ਹਾ ਇਕਾਈ ਮੋਗਾ ਦੀ ਵਿਸ਼ੇਸ਼ ਮੀਟਿੰਗ ਨੇਚਰ ਪਾਰਕ ਵਿਖੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਦਾਉਧਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਤੂਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਮੀਟਿੰਗ ਦੇ ਸ਼ੁਰੂ ਵਿੱਚ ਇਜ਼ਰਾਈਲ ਦੁਆਰਾ ਫਲਸਤੀਨੀ ਲੋਕਾਂ 'ਤੇ ਕੀਤੇ ਜਾ ਰਹੇ ਹਮਲਿਆਂ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਤੇ ਬੇਦੋਸ਼ੇ ਲੋਕਾਂ 'ਤੇ ਕੀਤੇ ਜਾ ਰਹੇ ਹਮਲੇ ਬੰਦ ਕੀਤੇ ਜਾਣ ਅਤੇ ਫਲਸਤੀਨੀ ਲੋਕਾਂ ਦੀ ਸੁਰੱਖਿਆ ਯਕੀਨੀ ਬਣਾ ਕੇ ਉਨ੍ਹਾਂ ਨੂੰ ਜ਼ਰੂਰੀ ਵਸਤਾਂ ਤੇ ਖਾਣ-ਪੀਣ ਦਾ ਸਾਮਾਨ ਬਿਨਾਂ ਕਿਸੇ ਭੇਦਭਾਵ ਦੇ ਸਪਲਾਈ ਕੀਤਾ ਜਾਵੇ।ਇੱਕ ਹੋਰ ਮਤੇ ਰਾਹੀਂ ਜਮੂਹਰੀ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲੀ ਅਰੁੰਧਤੀ ਰਾਏ ਨੂੰ ਯੂ ਏ ਪੀ ਏ ਐਕਟ ਤਹਿਤ ਜੇਲ੍ਹ ਡੱਕਣ ਦੀ ਵੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਕਿਹਾ ਕਿ ਬਿਨਾਂ ਸ਼ਰਤ ਅਰੁੰਧਤੀ ਰਾਏ ਨੂੰ ਰਿਹਾਅ ਕੀਤਾ ਜਾਵੇ।ਮੀਟਿੰਗ ਵਿੱਚ ਸੂਬਾ ਕਮੇਟੀ ਦੀ ਪਿਛਲੇ ਦਿਨੀਂ ਹੋਈ ਮੀਟਿੰਗ ਦੇ ਵੇਰਵੇ ਸਾਂਝੇ ਕੀਤੇ ਗਏ, ਜਿਸ ਅਨੁਸਾਰ ਜਮੂਹਰੀ ਅਧਿਕਾਰਾਂ 'ਤੇ ਹੋ ਰਹੇ ਹਮਲਿਆਂ ਦੇ ਵਿਰੋਧ ਵਿੱਚ ਸੂਬਾ ਕਮੇਟੀ ਵੱਲੋਂ ਵੱਡੀ ਪੱਧਰ 'ਤੇ ਪੰਜਾਬ ਵਿੱਚ ਵੱਖ ਵੱਖ ਥਾਵਾਂ 'ਤੇ ਵੰਡਣ ਲਈ ਪੈਂਫਲਿਟ ਛਪਵਾ ਕੇ ਭੇਜੇ ਜਾਣਗੇ, ਜਿਸ ਸਬੰਧੀ ਤਿਆਰੀ ਕਰਨ ਲਈ 10 ਦਸੰਬਰ ਤੋਂ ਮਨੁੱਖੀ ਅਧਿਕਾਰਾਂ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।ਪਹਿਲੀ ਜਨਵਰੀ 2024 ਤੋਂ 15 ਜਨਵਰੀ ਤੱਕ ਜਥੇਬੰਦੀ ਦੀ ਮੈਂਬਰਸ਼ਿਪ ਕੀਤੀ ਜਾਵੇਗੀ। ਸੂਬਾ ਕਮੇਟੀ ਮੈਂਬਰ ਭਿੰਦਰ ਪਾਲ ਨੇ ਦੱਸਿਆ ਕਿ 15 ਫਰਵਰੀ ਨੂੰ ਜ਼ਿਲ੍ਹਾ ਪੱਧਰ 'ਤੇ ਜਮੂਹਰੀ ਅਧਿਕਾਰ ਸਭਾ ਦਾ ਅਜਲਾਸ ਕੀਤਾ ਜਾਵੇਗਾ ਤੇ ਸੂਬਾ ਅਜਲਾਸ ਦੀ ਤਿਆਰੀ ਕੀਤੀ ਜਾਵੇਗੀ।ਮੀਟਿੰਗ ਵਿੱਚ ਸੁਰਜੀਤ ਸਿੰਘ ਮੀਤ ਪ੍ਰਧਾਨ, ਪ੍ਰੇਮ ਕੁਮਾਰ, ਲਖਬੀਰ ਚੰਦ, ਸੁਰਿੰਦਰ ਸਿੰਘ ਮੀਨੀਆਂ, ਵਿਜੈ ਕੁਮਾਰ, ਸੁਖਦੇਵ ਸਿੰਘ ਰਾਊਕੇ ਤੇ ਮੋਹਣ ਸਿੰਘ ਸਮੇਤ ਹੋਰ ਕਾਰਕੁਨਾਂ ਨੇ ਭਾਗ ਲਿਆ।



## ਲੁਧਿਆਣਾ ਰੇਲਵੇ ਪਾਰਸਲ ਗੋਦਾਮ ਬਣਿਆ ਖੇਡ ਦਾ ਮੈਦਾਨ

***ਅਧਿਕਾਰੀਆਂ ਨੇ ਬੰਦ ਕੀਤੀਆਂ ਅੱਖਾਂ***

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਡਵੀਜ਼ਨ ਦੇ ਲੁਧਿਆਣਾ ਰੇਲਵੇ ਸਟੇਸ਼ਨ ਦੀ ਹਾਲਤ ਤਰਸਯੋਗ ਹੋ ਗਈ ਹੈ।ਪਾਰਸਲ ਗੋਦਾਮ ਵਿੱਚ ਲੋਕਾਂ ਵੱਲੋਂ ਬੁੱਕ ਕੀਤੇ ਸਾਮਾਨ 'ਤੇ ਏਜੰਟ ਖੁੱਲ੍ਹੇਆਮ ਧੱਕਾ-ਮੁੱਕੀ ਕਰ ਰਹੇ ਹਨ। ਲੋਕਾਂ ਦਾ ਕੀਮਤੀ ਸਾਮਾਨ ਕਬਾੜ ਵਾਂਗ ਬਰਬਾਦ ਕੀਤਾ ਜਾ ਰਿਹਾ ਹੈ।ਇਹ ਲੁਧਿਆਣਾ ਸਟੇਸ਼ਨ ਦੇ ਅਧਿਕਾਰੀਆਂ ਤੇ ਰੇਲਵੇ ਪੁਲਸ ਮੁਲਾਜ਼ਮਾਂ ਦੀ ਲਾਪ੍ਰਵਾਹੀ ਹੈ ਕਿ ਉਹ ਅਜਿਹੀਆਂ ਹਰਕਤਾਂ ਕਰਨ ਵਾਲਿਆਂ 'ਤੇ ਨਜ਼ਰ ਨਹੀਂ ਰੱਖ ਰਹੇ।ਰੇਲਵੇ ਦੇ ਪਾਰਸਲ ਵਿਭਾਗ ਵਿੱਚ ਸਰਕਾਰੀ ਅਧਿਕਾਰੀਆਂ ਦੇ ਸਾਹਮਣੇ ਪ੍ਰਾਈਵੇਟ ਏਜੰਟਾਂ ਨੇ ਗੋਦਾਮ ਨੂੰ ਖੇਡ ਦਾ ਮੈਦਾਨ ਬਣਾ ਦਿੱਤਾ ਹੈ। ਏਜੰਟਾਂ ਦੀ ਇਸ ਕਾਰਵਾਈ ਦੀ ਵੀਡੀਓ ਵੀ ਸਾਹਮਣੇ ਆਈ ਹੈ।ਵੀਡੀਓ ਵਿੱਚ ਪਾਰਸਲ ਉੱਤੇ ਚੜ੍ਹਨ ਤੇ ਛਾਲ ਮਾਰਨ ਲਈ ਸਖ਼ਤ ਸ਼ਰਤਾਂ ਲਗਾਈਆਂ ਗਈਆਂ ਹਨ।ਇਸ ਗੇਮ ਦੀ ਵੀਡੀਓ ਕਈ ਰੇਲਵੇ ਅਧਿਕਾਰੀਆਂ ਦੇ ਮੋਬਾਈਲ ਫੋਨਾਂ 'ਚ ਚਰਚਾ ਦਾ ਵਿਸ਼ਾ ਬਣ ਚੁੱਕੀ ਹੈ, ਪਰ ਸਟੇਸ਼ਨ ਅਧਿਕਾਰੀ ਇਸ ਮਾਮਲੇ 'ਚ ਕਾਰਵਾਈ ਕਰਨ ਦੀ ਬਜਾਏ ਅੱਖਾਂ ਬੰਦ ਕਰਕੇ ਲੋਕਾਂ ਦੇ ਪ੍ਰਾਈਵੇਟ ਪਾਰਟਸ ਨਾਲ ਛੇੜਛਾੜ ਨੂੰ ਨਜ਼ਰਅੰਦਾਜ਼ ਕਰ ਰਹੇ ਹਨ।ਲੋਕ ਰੇਲਵੇ 'ਤੇ ਭਰੋਸਾ ਕਰਕੇ ਆਪਣਾ ਮਾਲ ਬੁੱਕ ਕਰਵਾਉਂਦੇ ਹਨ ਤਾਂ ਜੋ ਉਨ੍ਹਾਂ ਦਾ ਸਾਮਾਨ ਸੁਰੱਖਿਅਤ ਆਪਣੀ ਮੰਜ਼ਿਲ 'ਤੇ ਪਹੁੰਚ ਸਕੇ, ਪਰ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਲੋਕਾਂ ਦੇ ਸਾਮਾਨ ਦਾ ਬੁਰਾ ਹਾਲ ਹੈ।ਇਹ ਖੇਡ ਰੇਲਵੇ ਦੇ ਮਾਲ ਗੋਦਾਮ ਵਿੱਚ ਖੇਡੀ ਗਈ, ਜਿਸ ਦੀ ਹਰ ਕਾਰਵਾਈ ਸਰਕਾਰੀ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ।ਰੇਲਵੇ ਦੇ ਕੁਝ ਪ੍ਰਾਈਵੇਟ ਏਜੰਟਾਂ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਉਕਤ ਏਜੰਟ ਕਰੀਬ ਇੱਕ ਘੰਟੇ ਤੋਂ ਪਾਰਸਲ ਵਿਭਾਗ ਵਿੱਚ ਬੁੱਕ ਕੀਤੇ ਗਏ ਟੁਕੜਿਆਂ ਨਾਲ ਖੇਡਦੇ ਰਹੇ। ਇੱਕ ਵਾਰ ਰੇਲਗੱਡੀ ਰੇਲਵੇ ਵਿੱਚ ਬੁੱਕ ਹੋ ਜਾਂਦੀ ਹੈ, ਇਹ ਰੇਲਵੇ ਦੀ ਪੂਰੀ ਜ਼ਿੰਮੇਵਾਰੀ ਬਣ ਜਾਂਦੀ ਹੈ।ਜੇਕਰ ਇਹ ਨਗ ਚੋਰੀ ਹੋ ਜਾਂਦੇ ਹਨ ਜਾਂ ਨਗਾਂ ਨੂੰ ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਦਾ ਹੈ ਤਾਂ ਆਰ ਪੀ ਐੱਫ ਦੋਸ਼ੀਆਂ ਖਿਲਾਫ ਕਾਰਵਾਈ ਕਰਦੀ ਹੈ।ਹੁਣ ਦੇਖਣਾ ਇਹ ਹੋਵੇਗਾ ਕਿ ਆਰ ਪੀ ਐੱਫ ਅਧਿਕਾਰੀ ਇਸ ਮਾਮਲੇ 'ਚ ਨਗ ਚੋਰੀ ਕਰਨ ਵਾਲਿਆਂ ਖਿਲਾਫ ਕੀ ਕਾਰਵਾਈ ਕਰਦੇ ਹਨ ? ਸ਼ੁਭਮ ਸੀਨੀਅਰ ਡੀ ਸੀ ਐੱਮ ਨੇ ਕਿਹਾ ਕਿ ਜੇਕਰ ਇਸ ਮਾਮਲੇ ਵਿੱਚ ਕੋਈ ਵੀ ਵੀਡੀਓ ਸਾਹਮਣੇ ਆਉਂਦੀ ਹੈ ਤਾਂ ਉਸ ਦੀ ਜਾਂਚ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।ਪਾਰਸਲ ਵਿਭਾਗ ਵਿੱਚ ਪਏ ਸਾਮਾਨ ਨਾਲ ਛੇੜਛਾੜ ਕਰਨਾ ਜਾਂ ਉਸ ਨਾਲ ਖੇਡਣਾ ਕਾਨੂੰਨੀ ਜੁਰਮ ਹੈ।

# ਗਾਇਕ ਕੰਵਰ ਗਰੇਵਾਲ ਦੀ ਐਡਿਟ ਵੀਡੀਓ ਸਾਂਝੀ ਕਰਨ 'ਤੇ 'ਆਪ' ਵੱਲੋਂ ਅਕਾਲੀ ਦਲ ਦੀ ਆਲੋਚਨਾ



**ਚੰਡੀਗੜ੍ਹ, (ਗੁਰਜੀਤ ਬਿੱਲਾ)**- ਆਮ ਆਦਮੀ ਪਾਰਟੀ ਨੇ ਅਕਾਲੀ ਦਲ ਦੇ ਆਗੂ ਬੰਟੀ ਰੋਮਾਣਾ ਵੱਲੋਂ ਮਸ਼ਹੂਰ ਪੰਜਾਬੀ ਗਾਇਕ ਕੰਵਰ ਗਰੇਵਾਲ ਦੀ ਐਡਿਟ ਕੀਤੀ ਵੀਡੀਓ (ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਸ਼ਿਕਾਇਤ ਕੀਤੀ ਗਈ ਹੈ) ਨੂੰ ਸਾਂਝਾ (ਸ਼ੇਅਰ) ਕਰਨ ਲਈ ਅਕਾਲੀ ਦਲ ਅਤੇ ਬਾਦਲ ਪਰਵਾਰ 'ਤੇ ਹਮਲਾ ਬੋਲਿਆ ਅਤੇ ਇਸ ਦੀ ਸਖਤ ਨਿਖੇਧੀ ਕੀਤੀ ਹੈ। ਵੀਰਵਾਰ ਨੂੰ ਪਾਰਟੀ ਹੈੱਡਕੁਆਰਟਰ ਵਿਖੇ ਪ੍ਰੈਸ ਕਾਨਫਰੰਸ ਦੌਰਾਨ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਇਹ ਅਕਾਲੀ ਦਲ ਬਾਦਲ ਦੀ ਨੀਵੇਂ ਪੱਧਰ ਦੀ ਸਿਆਸਤ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਆਗੂ ਜਿੰਨੀਆਂ ਮਰਜੀ ਝੂਠੀਆਂ ਵੀਡੀਓਜ ਫੈਲਾ ਲੈਣ ਪਰ ਪੰਜਾਬ ਦੇ ਲੋਕ ਹੁਣ ਬਾਦਲ ਪਰਵਾਰ ਨੂੰ ਕੋਈ ਸਾਰ ਨਹੀਂ ਦੇਣਗੇ। ਕੰਗ ਨੇ ਕਿਹਾ ਕਿ ਜੇਕਰ ਅਕਾਲੀ ਦਲ ਦੇ ਆਗੂਆਂ ਅਤੇ ਬਾਦਲ ਪਰਵਾਰ ਨੂੰ ਲੱਗਦਾ ਹੈ ਕਿ ਕਿਸੇ ਗਾਇਕ ਦੀ ਵੀਡੀਓ ਨੂੰ ਐਡਿਟ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਦਾ ਅਕਸ ਖਰਾਬ ਹੋਵੇਗਾ ਅਤੇ ਉਨ੍ਹਾਂ ਦੀ ਸਿਆਸਤ ਚਮਕੇਗੀ,ਇਹ ਕਦੇ ਵੀ ਹੋਣ ਵਾਲਾ ਨਹੀਂ ਹੈ। ਉਨਾਂ ਨੇ ਮੀਡੀਆ ਦੇ ਸਾਹਮਣੇ ਕੰਵਰ ਗਰੇਵਾਲ ਦੀ ਵੀਡੀਓ ਚਲਾਈ ਜਿਸ ਵਿੱਚ ਗਾਇਕ ਕਹਿ ਰਿਹਾ ਹੈ ਕਿ ਉਸ ਦੀ ਵੀਡੀਓ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਗਰੇਵਾਲ ਨੇ ਵੀ ਆਪਣੀ ਵੀਡੀਓ ਵਿੱਚ ਇਸ ਦੀ ਨਿਖੇਧੀ ਕਰਦਿਆਂ ਕਿਹਾ ਕਿ ਅਜਿਹਾ ਇੱਕ ਸਾਜ਼ਿਸ਼ ਦੇ ਤਹਿਤ ਕੀਤਾ ਗਿਆ ਹੈ।

ਸਾਬਕਾ ਅਕਾਲੀ ਆਗੂਆਂ ਦਾ ਹਵਾਲਾ ਦਿੰਦੇ ਹੋਏ ਕੰਗ ਨੇ ਕਿਹਾ ਕਿ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਗਿਆਨੀ ਕਰਤਾਰ ਸਿੰਘ, ਬਾਬਾ ਖੜਕ ਸਿੰਘ, ਸੁਰਮੁੱਖ ਸਿੰਘ ਚੌਬਲ,ਜਗਦੇਵ ਸਿੰਘ ਤਲਵੰਡੀ ਅਤੇ ਮਾਸਟਰ ਤਾਰਾ ਸਿੰਘ ਵਰਗੇ ਆਗੂਆਂ ਨੇ ਦੇਸ਼ ਦੀ ਆਜਾਦੀ ਲਈ ਲੜਾਈ ਲੜੀ ਅਤੇ ਦੇਸ਼ ਆਜਾਦ ਹੋਣ ਤੋਂ ਬਾਅਦ ਸੰਘੀ ਢਾਂਚੇ ਦੀ ਲੜਾਈ ਲੜੀ। ਇਨ੍ਹਾਂ ਲੋਕਾਂ ਨੇ ਨਨਕਾਣਾ ਸਾਹਿਬ ਅਤੇ ਗੁਰਦੁਆਰਿਆਂ ਦੀਆਂ ਚਾਬੀਆਂ ਲਈ ਸਾਰੀ ਉਮਰ ਸੰਘਰਸ਼ ਕਰਕੇ ਪੰਜਾਬ ਦਾ ਨਾਂਅ ਉੱਚਾ ਕੀਤਾ। ਜਦੋਂ ਕਿ ਅੱਜ ਦਾ ਅਕਾਲੀ ਦਲ ਜਿਸ ਦੀ ਵਾਗਡੋਰ ਬਾਦਲ ਪਰਵਾਰ ਦੇ ਹਥ ਹੈ,ਉਹ ਝੂਠੀਆਂ ਅਤੇ ਐਡਿਟ ਕੀਤੀਆਂ ਵੀਡੀਓਜ ਅਤੇ ਛੋਲੇ ਕੁਲਚੇ ਦੀ ਰਾਜਨੀਤੀ ਕਰਦਾ ਹੈ। ਕੰਗ ਨੇ ਕਿਹਾ ਕਿ ਬਾਦਲ ਰਿਵਾਰ ਨੇ ਅਕਾਲੀ ਦਲ ਦੇ ਵੱਡੇ ਆਗੂਆਂ ਦੇ ਸੰਘਰਸ਼ ਨੂੰ ਖੋਰਾ ਲਾ ਕੇ ਪੰਜਾਬ ਦਾ ਨਾਂਅ ਬਦਨਾਮ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਵਾਰ ਭਾਵੇਂ ਜਿੰਨਾ ਮਰਜੀ ਹੇਠਾਂ ਡਿੱਗ ਜਾਵੇ ਅਤੇ ਜਿੰਨੀਆਂ ਮਰਜੀ ਝੂਠੀਆਂ ਵੀਡੀਓਜ ਫੈਲਾ ਲਵੇ, ਪੰਜਾਬ ਦੇ ਲੋਕ ਹੁਣ ਉਨ੍ਹਾਂ ਨੂੰ ਪਸੰਦ ਨਹੀਂ ਕਰਨਗੇ। ਕੰਗ ਨੇ ਕਿਹਾ ਕਿ ਇਸ ਵਾਰ ਅਕਾਲੀ ਦਲ ਨੂੰ ਵਿਧਾਨ ਸਭਾ ਦੀਆਂ ਦੋ ਸੀਟਾਂ ਮਿਲੀਆਂ ਹਨ ਪਰ ਜਿਸ ਤਰ੍ਹਾਂ ਦੀ ਸਿਆਸਤ ਉਹ ਕਰ ਰਹੇ ਹਨ, ਅਗਲੀ ਵਾਰ ਇਨ੍ਹਾਂ ਦਾ ਪੂਰੀ ਤਰ੍ਹਾਂ ਸਫਾਇਆ ਹੋ ਜਾਵੇਗਾ।

## ਗਦਰੀ ਬਾਬਿਆਂ ਦੀ ਵਿਰਾਸਤ ਤੇ ਵਰਤਮਾਨ ਚੁਣੌਤੀਆਂ ਨੂੰ ਸਮਰਪਤ ਹੋਵੇਗਾ ਗਦਰੀ ਬਾਬਿਆਂ ਦਾ 32ਵਾਂ ਸਾਲਾਨਾ ਮੇਲਾ



**ਮਾਹਿਲਪੁਰ (ਸਫਰੀ)** - ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦੇਸ਼ ਦੀ ਆਜਾਦੀ ਖਾਤਰ ਜਾਨਾਂ ਕੁਰਬਾਨ ਕਰਨ ਵਾਲੇ ਦੇਸ਼ ਭਗਤਾਂ ਦੀ ਪਵਿੱਤਰ ਯਾਦ ਨੂੰ ਸਮਰਪਿਤ 32ਵਾਂ 'ਮੇਲਾ ਗਦਰੀ ਬਾਬਿਆਂ ਦਾ' ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਤੇ ਸਮੂਹ ਇਨਸਾਫ ਪਸੰਦ ਲੋਕਾਂ ਵਲੋਂ ਦੇਸ਼ ਭਗਤ ਯਾਦਗਾਰ ਹਾਲ ਵਿਖੇ ਬਹੁਤ ਉਤਸ਼ਾਹ ਤੇ ਸਤਿਕਾਰ ਸਹਿਤ ਕਰਵਾਇਆ ਜਾ ਰਿਹਾ ਹੈ। ਦੇਸ ਭਰ ਦੇ ਉੱਚ ਕੋਟੀ ਦੇ ਵਿਦਵਾਨ ਬੁਲਾਰੇ ਤੀਸਤਾ ਸੀਤਲਵਾੜ ਤੇ ਵਿਨੀਤ ਤਿਵਾੜੀ 31 ਅਕਤੂਬਰ ਨੂੰ ਆਪਣੇ ਵਡਮੁੱਲੇ ਵਿਚਾਰਾਂ ਰਾਹੀਂ ਮੇਲੇ ਵਿੱਚ ਪੁੱਜੇ ਦੇਸ਼ ਭਗਤਾਂ ਦੇ ਵਾਰਿਸਾਂ ਨਾਲ ਸਾਂਝ ਪਾਉਣਗੇ। ਇਸ ਵਾਰ ਝੰਡਾ ਲਹਿਰਾਉਣ ਦੀ ਰਸਮ 1 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਕਰਨਗੇ। ਉਪਰੰਤ ਗਦਰੀ ਬਾਬਿਆਂ ਦੇ ਮੇਲੇ ਦੀ ਅਮਿੱਟ ਯਾਦ ਛੱਡਣ ਵਾਲੀ ਵੰਨਗੀ ਝੰਡੇ ਦਾ ਗੀਤ ਪੇਸ਼ ਕੀਤੀ ਜਾਏਗੀ। ਇਸ ਦਿਨ ਦੇ ਮੁੱਖ ਬੁਲਾਰੇ 'ਦੀ ਵਾਇਰ' ਦੇ ਸੰਪਾਦਕ ਸਿਧਾਰਥ ਵਰਧ ਰਾਜਨ ਹੋਣਗੇ। ਨਾਟਕਾਂ ਤੇ ਗੀਤਾਂ ਦੀ ਪੇਸ਼ਕਾਰੀ ਵੀ ਦੋਵੇਂ ਦਿਨ ਸਮੇਂ ਅਨੁਸਾਰ ਹੁੰਦੀ ਰਹੇਗੀ। ਇਹ ਜਾਣਕਾਰੀ ਸਾਂਝੀ ਕਰਦਿਆਂ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਆਪਣੇ ਇਲਾਕੇ ਦੀਆਂ ਸਮੂਹ ਲੋਕ-ਪੱਖੀ ਜਥੇਬੰਦੀਆਂ ਤੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਪਹੁੰਚਣ ਤੇ ਗਦਰੀ ਬਾਬਿਆਂ ਦੇ ਮੇਲੇ 'ਚ ਸ਼ਮੂਲੀਅਤ ਕਰਨ ਲਈ ਬੇਨਤੀ ਕੀਤੀ। ਉਹ ਕਮੇਟੀ ਮੈਂਬਰ ਵਿਜੇ ਬੰਬੇਲੀ ਸਮੇਤ ਬੱਬਰਾਂ ਦੀ ਹਾਈਕੋਰਟ ਵਜੋਂ ਪਹਿਚਾਣ ਸਥਾਪਤ ਕਰਨ ਵਾਲੇ ਪਿੰਡ ਜੱਸੋਵਾਲ ਦੇ ਲੋਕਾਂ ਨੂੰ ਸੱਦਾ ਪੱਤਰ ਦੇਣ ਲਈ ਪਹੁੰਚੇ ਹੋਏ ਸਨ।

## 10 ਜ਼ਿਲ੍ਹਿਆਂ 'ਚ 190 ਕਲੋਨੀਆਂ ਨੂੰ ਨਿਯਮਤ ਕਰਨ ਦਾ ਐਲਾਨ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** -ਹਰਿਆਣਾ 'ਚ ਸੰਸਥਾਗਤ ਸ਼ਹਿਰੀ ਵਿਕਾਸ ਦੀ ਦਿਸ਼ਾ ਵਿਚ ਵੱਧਦੇ ਹੋਏ ਮੁੱਖ ਮੰਤਰੀ ਮਨੋਹਰ ਲਾਲ ਨੇ 10 ਜਿਲ੍ਹਿਆਂ ਦੀ 190 ਕਲੋਨੀਆਂ ਨੂੰ ਨਿਯਮਤ ਕਰਨ ਦਾ ਵੱਡਾ ਐਲਾਨ ਕੀਤਾ ਹੈ। ਇਸ ਫੈਸਲੇ ਦਾ ਉਦੇਸ਼ ਇੰਨ੍ਹਾਂ ਕਲੋਨੀਆਂ ਨੂੰ ਕਾਨੂੰਨੀ ਦਰਜਾ ਦੇਣਾ ਅਤੇ ਵਿਆਪਕ ਬੁਨਿਆਦੀ ਢਾਂਚਾ ਵਿਕਾਸ ਸਕੀਨੀ ਕਰਨਾ ਹੈ। ਮੁੱਖ ਮੰਤਰੀ ਨੇ ਇੱਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਸੂਬਾ ਸਰਕਾਰ ਇੰਨ੍ਹਾਂ ਕਲੋਨੀਆਂ ਦੇ ਸਮੂਚੇ ਵਿਕਾਸ ਲਈ ਲਗਭਗ 1400 ਕਰੋੜ ਰੁਪਏ ਅਲਾਟ ਕਰੇਗੀ। ਉਨ੍ਹਾਂ ਨੇ ਕਿਹਾ ਕਿ ਨਿਯਮਤ ਕੀਤੀਆਂ ਜਾ ਰਹੀਆਂ 190 ਕਲੋਨੀਆਂ 'ਚੋਂ 100 ਕਲੋਨੀਆਂ ਨਗਰ ਅਤੇ ਗ੍ਰਾਮ ਆਯੋਜਨਾ ਵਿਭਾਗ ਦੇ ਅਧਿਕਾਰ ਖੇਤਰ 'ਚ ਆਉਂਦੀ ਹੈ, ਬਾਕੀ 90 ਸ਼ਹਿਰੀ ਸਥਾਨਕ ਨਿਗਮਾਂ ਦੇ ਘੇਰੇ 'ਚ ਹਨ। ਉਨ੍ਹਾਂ ਨੇ ਕਿਹਾ ਕਿ ਨਗਰ ਅਤੇ ਗ੍ਰਾਮ ਆਯੋਜਨਾ ਵਿਭਾਗ ਵੱਲੋਂ ਪ੍ਰਬੰਧਿਤ ਕਲੋਨੀਆਂ ਦੇ ਅੰਦਰ ਵਿਕਾਸ ਕੰਮਾਂ ਦੀ ਦੇਖ ਰੇਖ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਵੱਲੋਂ ਕੀਤੀ ਜਾਵੇਗੀ।

## 35 ਨੌਜਵਾਨਾਂ ਦੀ ਵੱਖ-ਵੱਖ ਰੁਜ਼ਗਾਰ ਲਈ ਚੋਣ

**ਜਲੰਧਰ, (ਸੁਰਿੰਦਰ ਕੁਮਾਰ)** ਸਥਾਨਕ ਜਲੰਧਰ ਵਿੱਚ ਪਲੇਸਮੈਂਟ ਕੈਂਪ ਲਗਾਇਆ ਗਿਆ ਜਿਸ 'ਚ ਵੱਖ-ਵੱਖ ਕੰਪਨੀਆਂ ਵੱਲੋਂ 35 ਨੌਜਵਾਨ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਰੋਜ਼ਗਾਰ ਮੁਹੱਈਆ ਕਰਵਾਇਆ ਗਿਆ। ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਗੁਰਮੇਲ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਦੀਆਂ ਹਦਾਇਤਾਂ 'ਤੇ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਰੋਜ਼ਗਾਰ ਬਿਊਰੋ ਦਫ਼ਤਰ ਵਲੋਂ ਪਲੇਸਮੈਂਟ ਕੈਂਪ ਲਗਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਸੇ ਕੜੀ ਤਹਿਤ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਵਿਖੇ ਲਗਾਏ ਗਏ ਪਲੇਸਮੈਂਟ ਕੈਂਪ ਵਿੱਚ 50 ਉਮੀਦਵਾਰਾਂ ਵਲੋਂ ਭਾਗ ਲਿਆ ਗਿਆ। ਉਨ੍ਹਾਂ ਦੱਸਿਆ ਕਿ ਐਸ ਬੀ ਆਈ ਲਾਈਫ਼ ਇੰਸ਼ੋਰੈਂਸ, ਭਾਰਤੀ ਏਅਰਟੈਲ, ਐਸ ਬੀ ਆਈ ਕ੍ਰੈਡਿਟ ਕਾਰਡ, ਮਰਵਾਹਾ ਆਟੋ, ਹਰਬਲਲਾਈਟ ਨਿਊਟ੍ਰੀਸ਼ਨ ਕੰਪਨੀਆਂ ਵਲੋਂ 35 ਨੌਜਵਾਨਾਂ ਨੂੰ ਬਤੌਰ ਕਸਟਮਰ ਰੀਲੇਸ਼ਨਸ਼ਿਪ ਆਫਿਸਰ/ਸੇਲ ਐਗਜਿਕਿਊਟਿਵ/ ਟੈਲੀਕਾਲਰ/ ਐਡਵਾਈਜ਼ਰ/ਵੈਲਨੈਸ ਐਡਵਾਈਜ਼ਰ ਅਤੇ ਰੀਲੇਸ਼ਨਸ਼ਿਪ ਮੈਨੇਜਰ ਵਲੋਂ ਰੋਜ਼ਗਾਰ ਮੁਹੱਈਆ ਕਰਵਾਇਆ ਗਿਆ। ਉਨ੍ਹਾਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹਾ ਰੋਜ਼ਗਾਰ ਬਿਊਰੋ ਕਾਰੋਬਾਰ ਵਿਭਾਗ ਵਲੋਂ ਸਮੇਂ-ਸਮੇਂ 'ਤੇ ਲਗਾਏ ਜਾਂਦੇ ਪਲੇਸਮੈਂਟ ਕੈਂਪਾਂ 'ਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਅਪਣਾ ਮੰਨ ਪਸੰਦ ਦਾ ਰੋਜ਼ਗਾਰ ਹਾਸਲ ਕਰਨ।

## ਜ਼ਿਲ੍ਹਾ ਮੈਜਿਸਟਰੇਟ ਵੱਲੋਂ ਤਿਉਹਾਰਾਂ ਦੇ ਮੱਦੇਨਜ਼ਰ ਪਟਾਖੇ ਤੇ ਆਤਿਸ਼ਬਾਜ਼ੀ ਚਲਾਉਣ ਲਈ ਸਮਾਂ ਨਿਰਧਾਰਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਮੈਜਿਸਟਰੇਟ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਦੇ ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਆਉਣ ਵਾਲੇ ਦਿਨਾਂ ਵਿਚ ਤਿਉਹਾਰਾਂ ਦੇ ਮੱਦੇਨਜ਼ਰ ਜ਼ਿਲ੍ਹੇ ਦੀ ਹੱਦ ਅੰਦਰ ਪਟਾਖੇ ਚਲਾਉਣ ਸਬੰਧੀ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਵਿੱਚ ਉਨ੍ਹਾਂ ਨੇ ਜ਼ਿਲ੍ਹੇ ਵਿਚ ਪਟਾਖੇ ਅਤੇ ਆਤਿਸ਼ਬਾਜੀ ਚਲਾਉਣ ਲਈ ਦਿਨ ਅਤੇ ਸਮਾਂ ਨਿਰਧਾਰਿਤ ਕੀਤਾ ਹੈ ਅਤੇ ਹਦਾਇਤ ਕੀਤੀ ਹੈ ਕਿ ਇਸ ਨਿਰਧਾਰਿਤ ਸਮੇਂ ਤੋਂ ਬਾਅਦ ਜਾਂ ਇਸ ਤੋਂ ਪਹਿਲਾਂ ਪਟਾਖੇ ਅਤੇ ਆਤਿਸਬਾਜੀ ਚਲਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ 12 ਨਵੰਬਰ ਨੂੰ ਦੀਵਾਲੀ ਵਾਲੇ ਦਿਨ ਸਵੇਰੇ 8 ਵਜੇ ਤੋਂ ਰਾਤ 10 ਵਜੇ ਤੱਕ, 27 ਨਵੰਬਰ ਨੂੰ ਗੁਰਪੁਰਬ ਵਾਲੇ ਦਿਨ ਸਵੇਰੇ 4 ਵਜੇ ਤੋਂ ਸਵੇਰੇ 5 ਵਜੇ ਤੱਕ ਤੇ ਰਾਤ 9 ਵਜੇ ਤੋਂ ਰਾਤ 10 ਵਜੇ ਤੱਕ ਅਤੇ 25 ਦਸੰਬਰ ਨੂੰ ਕ੍ਰਿਸਮਸ ਤੇ 31 ਦਸੰਬਰ (ਅੱਧੀ ਰਾਤ) ਨਵੇਂ ਸਾਲ ਦੇ ਮੌਕੇ 'ਤੇ ਰਾਤ 11:55 ਤੋਂ 12:30 ਵਜੇ ਤੱਕ ਪਟਾਖੇ ਚਲਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਾਈਲੈਂਸ ਜੋਨਾਂ ਜਿਵੇਂ ਕਿ ਹਸਪਤਾਲ, ਵਿੱਦਿਅਕ ਸੰਸਥਾਵਾਂ, ਅਦਾਲਤਾਂ ਅਤੇ ਧਾਰਮਿਕ ਸਥਾਨਾਂ ਆਦਿ ਦੇ 100 ਮੀਟਰ ਦੇ ਘੇਰੇ ਅੰਦਰ ਪਟਾਖੇ ਚਲਾਉਣ ਦੀ ਇਜਾਜਤ ਨਹੀਂ ਹੋਵੇਗੀ। ਉਨ੍ਹਾਂ ਸਮੂਹ ਉਪ ਮੰਡਲ ਮੈਜਿਸਟਰੇਟਾਂ, ਇਲਾਕਾ ਮੈਜਿਸਟਰੇਟਾਂ, ਜ਼ਿਲ੍ਹਾ ਪੁਲਸ ਨੂੰ ਹਦਾਇਤ ਕੀਤੀ ਹੈ ਕਿ ਉਹ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਜਾਰੀ ਇਨ੍ਹਾਂ ਹੁਕਮਾਂ ਅਤੇ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ।

## ਖੱਟਰ ਨੇ ਕੀਤੀ ਸੂਬੇ 'ਚ ਛੇ ਟੋਲ ਪਲਾਜ਼ਾ ਬੰਦ ਕਰਨ ਦਾ ਐਲਾਨ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਇਕ ਮਹੱਤਵਪੂਰਨ ਫੈਸਲਾ ਲੈਂਦੇ ਹੋਏ ਸੂਬਾ ਰਾਜਮਾਰਗਾਂ 'ਤੇ ਸਥਿਤ ਛੇ ਟੋਲ ਪਲਾਜਾ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਇੱਥੇ ਇੱਕ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰਦੇ ਹੋਏ ਦੱਸਿਆ ਕਿ ਇਨ੍ਹਾਂ ਟੋਲ ਪਲਾਜ਼ਾ ਦੇ ਬੰਦ ਹੋਣ ਨਾਲ ਜਨਤਾ ਨੂੰ ਸਾਲਾਨਾ 13.50 ਕਰੋੜ ਰੁਪਏ ਦੀ ਬੱਚਤ ਹੋਵੇਗੀ। ਉਨ੍ਹਾਂ ਨੇ ਦੱਸਿਆ ਕਿ ਤਿੰਨ ਟੋਲ ਪਲਾਜ਼ਾ-ਸਟੇਟ ਹਾਈਵੇ-17 'ਤੇ ਰਾਜਸਥਾਨ ਬਾਰਡਰ ਕੋਲ ਪਿੰਡ ਬਸ਼ੀਰਪੁਰ (ਨਾਰਨੌਲ-ਨਿਜਾਮਪੁਰ ਰੋਡ), ਸਟੇਟ ਹਾਈ 11 'ਤੇ ਪੰਜਾਬ ਸੀਮਾ ਦੇ ਨੇੜੇ ਪਿੰਡ ਤਾਤਿਆਨਾ ਸਟੇਟ ਹਾਈਵੇ-22 'ਤੇ ਪਿੰਡ ਗੁੱਜਰਵਾਸ 'ਤੇ ਸਥਿਤ ਟੋਲ ਪਲਾਜਾ ਦਾ ਸੰਚਾਨ 1 ਨਵੰਬਰ ਤੋਂ ਬੰਦ ਹੋ ਜਾਵੇਗਾ।

ਇਸੇ ਤਰ੍ਹਾ ਕੈਥਲ-ਖਨੌਰੀ ਸੜਕ 'ਤੇ ਪਿੰਡ ਸੰਗਤਪੁਰਾ ਨੇੜੇ ਪੰਜਾਬ ਸੀਮਾ ਸਟੇਟ ਹਾਈਵੇ -8 'ਤੇ ਸਥਿਤ ਟੋਲ ਪਲਾਜ਼ਾ 10 ਨਵੰਬਰ ਨੂੰ ਬੰਦ ਹੋ ਜਾਵੇਗਾ। ਕਾਲਾ ਅੰਬ-ਸਢਾਰਾ-ਸ਼ਾਹਬਾਦ ਸੜਕ 'ਤੇ ਪਿੰਡ ਅਸ਼ਗਰਪੁਰ ਨੇੜੇ ਹਿਮਾਚਲ ਪ੍ਰਦੇਸ਼ ਸੀਮਾ ਸਟੇਟ ਹਾਈਵੇ-4 ਅਤੇ ਰੋਹਤਕ-ਖਰਖੌਦਾ-ਦਿੱਲੀ ਸੜਕ ਸੀਮਾ 'ਤੇ ਪਿੰਡ ਫਿਰੋਜਪੁਰ ਨੇੜੇ ਦਿੱਲੀ ਸੀਮਾ ਸਟੇਟ ਹਾਈਵੇ-18 'ਤੇ ਸਥਿਤ ਟੋਲ ਪਲਾਜ਼ਾ ਦਾ ਸੰਚਾਲਨ 1 ਦਸੰਬਰ ਨੂੰ ਬੰਦ ਕਰ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਟੋਲ ਪਲਾਜ਼ਾ ਨੂੰ ਬੰਦ ਕਰਨ ਦਾ ਫੈਸਲਾ ਨੇੜੇ ਦੇ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਦੀ ਮੰਗਾਂ ਨੂੰ ਦੇਖਦੇ ਹੋਏ ਕੀਤਾ ਗਿਆ ਹੈ। ਸਰਕਾਰ ਨੇ ਇਨ੍ਹਾਂ ਟੋਲ ਪਲਾਜਾ ਵੱਲੋਂ ਜਨਤਾ 'ਤੇ ਪੈਣ ਵਾਲੇ ਵਿੱਤੀ ਬੋਝ ਅਤੇ ਅਸਹੂਲਤ ਨੂੰ ਪਹਿਚਾਨਿਆ ਅਤੇ ਜਨਤਾ ਨੂੰ ਰਾਹਤ ਦੇਣ ਦੇ ਲਈ ਇਹ ਕਦਮ ਚੁੱਕੇ ਹਨ।

## ਡੈਮੋਕਰੇਟਿਕ ਟੀਚਰਜ਼ ਫਰੰਟ ਨੇ ਹਰਜੋਤ ਸਿੰਘ ਬੈਂਸ ਦਾ ਪੁਤਲਾ ਫੂਕਿਆ



**ਸਾਹਕੋਟ (ਗਿਆਨ ਸੈਦਪੁਰੀ)** ਉਚੇਰੀ ਸਿੱਖਿਆ 'ਚ 1158 ਸਹਾਇਕ ਪ੍ਰੋਫੈਸਰਾਂ ਅਤੇ ਲਾਇਬਰੇਰੀਅਨਾਂ ਦੀ ਭਰਤੀ ਕਰਵਾਉਣ ਲਈ ਅਤੇ ਬੇਰੁਜ਼ਗਾਰਾਂ ਦੀ ਮੰਗਾਂ ਪੂਰੀਆਂ ਕਰਵਾਉਣ ਸੰਬੰਧੀ ਡੈਮੋਕਰੇਟਿਕ ਟੀਚਰਜ ਫਰੰਟ ਦੀ ਅਗਵਾਈ 'ਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਪੁਤਲਾ ਫੂਕਿਆ ਗਿਆ । ਡੈਮੋਕਰੇਟਿਕ ਟੀਚਰਜ ਫਰੰਟ ਜਿਲ੍ਹਾ ਜਲੰਧਰ ਦੇ ਪ੍ਰਧਾਨ ਕੁਲਵਿੰਦਰ ਸਿੰਘ ਜੋਸ਼ਨ ਜਸਵੀਰ ਸਿੰਘ ਸੰਧੂ, ਗੁਰਪਾਲ ਸਿੰਘ ਢੋਟ, ਅਧਿਆਪਕ ਦਲ ਦੇ ਜਿਲ੍ਹਾ ਪ੍ਰਧਾਨ ਕੁਲਦੀਪ ਸਿੰਘ, ਐਸ ਸੀ ਬੀ ਸੀ ਯੂਨੀਅਨ ਜਿਲ੍ਹਾ ਪ੍ਰਧਾਨ ਗੁਰਮੇਲ ਲਾਲ ਹੀਰ, ਬਲਰਾਜ ਸਿੰਘ, ਰਾਜਵਿੰਦਰ ਸਿੰਘ ਧੰਜੂ ਆਦਿ ਨੇ ਕਿਹਾ ਕਿ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ (ਜਿਲ੍ਹਾ ਰੂਪਨਗਰ) ਵਿਖੇ ਪਿਛਲੇ 50 ਦਿਨਾਂ ਤੋਂ ਪੱਕੇ ਧਰਨੇ 'ਤੇ ਬੈਠੇ ਬੇਰੁਜਗਾਰਾਂ 'ਚੋ ਇਕ ਅਧਿਆਪਿਕਾ ਬਲਵਿੰਦਰ ਕੌਰ ਵੱਲੋਂ 21 ਅਕਤੂਬਰ ਨੂੰ ਆਤਮ ਹੱਤਿਆ ਦੀ ਦੁਖਦਾਇਕ ਘਟਨਾ ਵਾਪਰੀ ਸੀ। ਆਤਮ ਹੱਤਿਆ ਨੋਟ 'ਚ ਸੁਹਿਰਦਤਾ ਨਾਲ ਗੱਲਬਾਤ ਕਰਕੇ ਮਾਮਲੇ ਦਾ ਵਾਜਿਬ ਹੱਲ ਕਰਨ ਦੀ ਥਾਂ ਗੈਰ ਸੰਵੇਦਨਸੀਲ ਰਵੱਈਆਂ ਦਿਖਾਉਣ ਵਾਲੇ ਸਿੱਖਿਆ ਮੰਤਰੀ ਨੂੰ ਸਪਸਟ ਤੌਰ ਤੇ ਜਿੰਮੇਵਾਰ ਦੱਸਿਆ ਗਿਆ ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਬਣਦਾ ਇਨਸਾਫ ਨਾ ਮਿਲਣ ਕਾਰਨ ਲੋਕਾਂ ਵਿੱਚ ਸਖਤ ਰੋਸ ਹੈ । ਅੱਜ ਦੇ ਧਰਨੇ ਵਿੱਚ ਸਾਮਲ ਅਜੇ ਕੁਮਾਰ, ਕੁਲਜੀਤ ਸਿੰਘ, ਸੁਖਬੀਰ ਸਿੰਘ, ਗੁਰਪ੍ਰੀਤ ਸਿੰਘ ਢੋਟ, ਕੁਲਦੀਪ ਸਿੰਘ, ਭੁਪਿੰਦਰ ਸਿੰਘ, ਨਵਜੋਤ ਸਿੰਘ ਸੰਧੂ, ਹਰਮੇਸ਼ ਲਾਲ, ਰਣਧੀਰ ਪੂਰੀ, ਰੁਪਿੰਦਰ ਸਿੰਘ, ਹਰਵਿੰਦਰ ਸਿੰਘ, ਅਤੇ ਹੋਰ ਸਾਥੀਆਂ ਨਾਲ ਧਰਨੇ ਵਿੱਚ ਸ਼ਾਮਲ ਹੋਏ ਅਧਿਆਪਕ ਆਗੂਆ ਵੱਲੋਂ ਸਿੱਖਿਆ ਮੰਤਰੀ ਦਾ ਪੁਤਲਾ ਐਸ.ਡੀ.ਐਮ ਸਾਹਕੋਟ ਦੇ ਦਫਤਰ ਵਿਖੇ ਫੂਕਿਆ ਗਿਆ ਅਤੇ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਦਿੱਤਾ ਗਿਆ । ਮੰਗ ਕੀਤੀ ਗਈ ਕਿ ਸੰਘਰਸੀ 1158 ਸਹਾਇਕ ਪ੍ਰੋਫੈਸਰ ਅਤੇ ਲਾਇਬਰੇਰੀਅਨ ਫਰੰਟ ਨਾਲ ਗੱਲਬਾਤ ਕਰਕੇ ਭਰਤੀ ਤੁਰੰਤ ਮੁਕੰਮਲ ਕੀਤੀ ਜਾਵੇ ।

## ਸਿੱਖਿਆ ਮੰਤਰੀ ਬੈਂਸ 'ਤੇ ਮੁਕੱਦਮਾ ਦਰਜ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ : ਬੀ ਕੇ ਯੂ ਉਗਰਾਹਾਂ

**ਸ਼ਾਹਕੋਟ (ਗਿਆਨ ਸੈਦਪੁਰੀ)** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਸਹਾਇਕ ਪ੍ਰੋ ਬਲਵਿੰਦਰ ਕੌਰ ਦੀ ਖੁਦਕੁਸ਼ੀ ਲਈ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਜਿੰਮੇਵਾਰ ਠਹਿਰਾਉਂਦਿਆ ਉਸ ਉੱਪਰ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ। ਜਿਲ੍ਹਾ ਪ੍ਰਧਾਨ ਮੋਹਨ ਸਿੰਘ ਬੱਲ ਤੇ ਸਕੱਤਰ ਗੁਰਚਰਨ ਸਿੰਘ ਚਾਹਲ ਨੇ ਜਾਰੀ ਪ੍ਰੈਸ ਬਿਆਨ 'ਚ ਕਿਹਾ ਕਿ ਹਜਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਝੂਠੇ ਦਾਅਵੇ ਕਰਨ ਵਾਲੀ ਆਪ ਸਰਕਾਰ ਹੁਣ ਬੇਰੁਜਗਾਰਾਂ ਨੂੰ ਰੁਜਗਾਰ ਦੇਣ ਦੀ ਬਾਜਾਏ ਮੌਤ ਦੇਣ ਦੇ ਰਾਹ ਪੈ ਗਈ ਹੈ। ਉਨ੍ਹਾਂ ਪ੍ਰੋ ਬਲਵਿੰਦਰ ਕੌਰ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆ ਸਿੱਖਿਆ ਮੰਤਰੀ ਉੱਪਰ ਉਨ੍ਹਾਂ ਦੀ ਗੱਲ ਸੁਣਨ ਦੀ ਬਾਜਾਏ ਉਸਨੂੰ ਮੌਤ ਵਰਗਾ ਖਤਰਨਾਕ ਕਦਮ ਚੁੱਕਣ ਲਈ ਮਜ਼ਬੂਰ ਕੀਤੇ ਜਾਣ ਵਰਗਾ ਕਥਿਤ ਦੋਸ ਲਗਾਇਆ। ਕਿਸਾਨ ਆਗੂਆਂ ਨੇ ਕਿਹਾ ਕਿ ਮਰਹੂਮ ਪ੍ਰੋ ਵੱਲੋਂ ਲਿਖੇ ਹੱਥ ਲਿਖਤ ਖੁਦਕੁਸੀ ਨੋਟ ਨੇ ਸਿੱਖਿਆ ਮੰਤਰੀ ਦੇ ਲੋਕ ਵਿਰੋਧੀ ਚਿਹਰੇ ਨੂੰ ਸਪੱਸਟ ਤੌਰ ਤੇ ਨੰਗਾ ਕਰ ਦਿਤਾ ਹੈ। ਸਾਰੇ ਸਬੂਤ ਹੋਣ ਦੇ ਬਾਵਜੂਦ ਆਪ ਦੀ ਸੂਬਾ ਸਰਕਾਰ ਸਿੱਖਿਆ ਮੰਤਰੀ ਉੱਪਰ ਕਾਰਵਾਈ ਕਰਨ ਦੀ ਬਾਜਾਏ ਉਨ੍ਹਾਂ ਨੂੰ ਬਚਾਉਣ ਲਈ ਸਾਰੇ ਨਿਯਮਾਂ/ਕਾਨੂੰਨਾਂ ਦੀਆਂ ਧੱਜੀਆਂ ਉਡਾ ਰਹੀ ਹੈ। ਉਨ੍ਹਾਂ ਬੇਰੁਜਗਾਰ ਅਧਿਆਪਕ ਜਥੇਬੰਦੀ ਵੱਲੋਂ ਕੀਤੇ ਜਾ ਰਹੇ ਸੰਘਰਸ ਦੀ ਪੂਰਨ ਹਮਾਇਤ ਕਰਦਿਆ ਸਿੱਖਿਆ ਮੰਤਰੀ ਉੱਪਰ ਮੁਕੱਦਮਾ ਦਰਜ ਕਰਕੇ ,ਉਨ੍ਹਾਂ ਨੂੰ ਅਹੁਦੇ ਤੋਂ ਬਰਖਾਸਤ ਕਰਕੇ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਅਜਿਹਾ ਨਾਂ ਕਰਨ 'ਤੇ ਉਨ੍ਹਾਂ ਵੱਲੋਂ ਬੇਰੁਜਗਾਰਾਂ ਦੇ ਸੰਘਰਸ ਵਿਚ ਪੂਰਨ ਤੌਰ 'ਤੇ ਸਾਮਿਲ ਹੋਣ ਦਾ ਐਲਾਨ ਕੀਤਾ ਗਿਆ।

## ਨੌਜਵਾਨ ਅੱਗੇ ਲੱਗ ਕੇ ਭਾਜਪਾ ਲਈ ਕੰਮ ਕਰਨ-ਬਰਾੜ

**ਚੰਡੀਗੜ੍ਹ ( ਗੁਰਜੀਤ ਬਿੱਲਾ)**-ਪੰਜਾਬ ਭਾਜਪਾ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਭਾਜਪਾ ਯੁਵਾ ਮੋਰਚਾ ਦੇ ਇਨਚਾਰਜ ਪਰਮਿੰਦਰ ਸਿੰਘ ਬਰਾੜ ਨੇ ਬੀਜੇਪੀ ਦਫਤਰ ਚੰਡੀਗੜ੍ਹ ਵਿਖੇ ਭਾਜਪਾ ਯੁਵਾ ਮੋਰਚਾ ਪੰਜਾਬ ਦੀ ਇੱਕ ਮੀਟਿੰਗ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਨੌਜਵਾਨ ਅੱਗੇ ਲੱਗ ਕੇ ਭਾਜਪਾ ਲਈ ਕੰਮ ਕਰਨ ਤੇ ਪੰਜਾਬ ਵਿੱਚ ਭਾਜਪਾ ਨੂੰ ਸੱਤਾ ਵਿੱਚ ਲਿਆ ਕੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ । ਉਹਨਾਂ ਕਿਹਾ ਕਿ ਪੰਜਾਬ ਤੇ ਦੇਸ਼ ਦੀ ਖੁਸ਼ਹਾਲੀ ਲਈ ਜਰੂਰੀ ਹੈ ਕਿ ਸੂਬੇ ਅਤੇ ਦੇਸ਼ ਦੀ ਸੱਤਾ ਦੀ ਸੇਵਾ ਕਰਨ ਦੀ ਜਿੰਮੇਵਾਰੀ ਭਾਜਪਾ ਕੋਲ ਹੋਵੇ । ਇਸ ਕਰਕੇ ਯੁਵਾ ਮੋਰਚੇ ਦੀਆਂ ਸਾਰੀਆਂ ਟੀਮਾਂ ਅੱਜ ਤੋਂ ਹੀ ਪੰਜਾਬ ਦੀਆਂ ਆਉਣ ਵਾਲੀਆਂ ਸਥਾਨਿਕ ਤੇ ਲੋਕਾਂ ਸਭਾ ਦੀਆਂ ਤਿਆਰਿਆਂ ਵਿੱਚ ਜੁਟ ਜਾਣ ਤੇ ਆਪੋ ਆਪਣੇ ਇਲਾਕੇ ਦੇ ਲੋਕਾਂ ਨਾਲ ਸੰਪਰਕ ਕਰਨ ,ਉਹਨਾਂ ਦੇ ਹਰ ਦੁੱਖ ਸੁੱਖ ਵਿੱਚ ਹਮੇਸ਼ਾ ਸ਼ਾਮਿਲ ਰਹਿਣ ਤੇ ਉਹਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਅਗਰ ਪ੍ਰਸ਼ਾਸਨ ਜਾਂ ਸਰਕਾਰ ਲੋਕਾਂ ਦੀ ਗੱਲ ਨਾ ਸੁਣੇ ਤਾਂ ਧਰਨਾ ਪ੍ਰਦਰਸ਼ਨ ਕਰਨ ਤੋਂ ਗੁਰੇਜ ਨਾ ਕਰਨ । ਬਰਾੜ ਨੇ ਕਿਹਾ ਆਉਣ ਵਾਲੀਆਂ ਲੋਕ ਸਭਾ ਦੀਆਂ 13 ਦੀਆਂ 13 ਸੀਟਾਂ ਜਿੱਤ ਕੇ ਨਰਿੰਦਰ ਮੋਦੀ ਨੂੰ ਤੀਜੀ ਵਾਰੀ ਦੇਸ਼ ਦਾ ਪ੍ਰਧਾਨ ਮੰਤਰੀ ਬਣਾਉਣ ਵਿੱਚ ਨੌਜਵਾਨ ਆਪਣੀ ਅਹਿਮ ਭੂਮਿਕਾ ਨਿਭਾਉਣ।

## ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਸਿਹਤ ਸੁਸਾਇਟੀ ਦੇ ਪ੍ਰੋਗਰਾਮਾਂ ਦੀ ਸਮੀਖਿਆ



**ਕਪੂਰਥਲਾ: ( ਰਾਵਿੰਦਰ ਸਿੰਘ)** ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸਿਹਤ ਸੋਸਾਇਟੀ ਦੀ ਮੀਟਿੰਗ ਹੋਈ ਵਿਚ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਮੁਫਤ ਸਿਹਤ ਸਹੂਲਤਾਂ ਸਬੰਧੀ ਅਧਿਕਾਰੀਆਂ ਤੋਂ ਜਾਣਕਾਰੀ ਹਾਸਲ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਜਨਮ ਅਤੇ ਮੌਤ ਸਰਟੀਫਿਕੇਟ ਬਣਾਉਣ,ਆਮ ਆਦਮੀ ਕਲੀਨਿਕ,ਰਾਸਟਰੀ ਤੰਬਾਕੂ ਕੰਟਰੋਲ,ਨਸ਼ਾ ਛੁਡਾਊ ਅਤੇ ਮੁੜ ਵਸੇਬਾ ਸੁਸਾਇਟੀ, ਮੁੱਖ ਮੰਤਰੀ ਕੈਂਸਰ ਰਾਹਤ ਕੋਸ ਸਕੀਮ, ਸਰਬੱਤ ਸਿਹਤ ਬੀਮਾ ਯੋਜਨਾ, ਯੂਨੀਕ ਡਿਸਐਬਲ (ਵਿਲੱਖਣ ਅਪੰਗਤਾ) ਆਈ.ਡੀ. (ਯੂ.ਡੀ.ਆਈ.ਡੀ),ਆਯੁਸ਼ਮਾਨ ਭਾਵਯ ਸਮੇਤ ਜ਼ਿਲ੍ਹਾ ਸਿਹਤ ਸੁਸਾਇਟੀ (ਐਨਐਚਐਮ) ਵਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਦੀ ਸਮੀਖਿਆ ਕੀਤੀ ਗਈ।

ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਮਿਆਰੀ ਸਿਹਤ ਸਹੂਲਤਾਂ ਦਾ ਲਾਭ ਹਰ ਵਰਗ ਤੱਕ ਪੁੱਜਦਾ ਕੀਤਾ ਜਾਣਾ ਯਕੀਨੀ ਬਣਾਉਣ ਅਤੇ ਨਾਲ ਹੀ ਕਿਹਾ ਕਿ ਆਮ ਆਦਮੀ ਕਲੀਨਿਕਾਂ ਦੇ ਵਿਚ ਮਰੀਜ਼ਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇ। ਉਨ੍ਹਾਂ ਸਿਹਤ ਵਿਭਾਗ ਵਲੋਂ ਲੋਕਾਂ ਨੂੰ ਨਸ਼ਿਆਂ ਦੀ ਰੋਕਥਾਮ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਵਿਚ ਤੇਜ਼ੀ ਲਿਆਉਣ ਲਈ ਵੀ ਕਿਹਾ।

ਸਹਾਇਕ ਸਿਵਲ ਸਰਜਨ ਡਾ.ਅੰਨੂ ਸ਼ਰਮਾ ਨੇ ਡਿਪਟੀ ਕਮਿਸ਼ਨਰ ਨੂੰ ਵੱਖ-ਵੱਖ ਸਿਹਤ ਪ੍ਰੋਗਰਾਮਾਂ ਸਬੰਧੀ ਜਾਣਕਾਰੀ ਵੀ ਦਿੱਤੀ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਸ ਮੌਕੇ ਏਸੀਐਸ ਡਾ. ਅੰਨੂ ਸਰਮਾ, ਡੀਐਫਪੀਓ ਡਾ. ਅਸ਼ੋਕ ਕੁਮਾਰ, ਡੀਐਚਓ ਡਾ.ਰਾਜੀਵ ਪਰਾਸ਼ਰ,ਡੀਆਈਓ ਡਾ. ਰਣਦੀਪ ਸਿੰਘ,ਐਸਐਮਓ ਡਾ. ਸੰਦੀਪ ਧਵਨ, ਡਾ. ਰਾਜੀਵ ਭਗਤ, ਡਾ. ਨਵਪ੍ਰੀਤ ਕੌਰ,ਡਾ. ਮੀਨਾਕਸੀ, ਡੀਪੀਐਮ ਵਿਨੇ ਮੱਲਣ, ਐਮਐਂਡਈਓ ਰਾਮ ਸਿੰਘ ਆਦਿ ਹਾਜਰ ਸਨ।

## ਮਾਤਾ ਸ਼ੀਤਲਾ ਦੇਵੀ ਦੇ ਦਰਬਾਰ 'ਤੇ ਜਾਗਰਣ ਅਮਿੱਟ ਯਾਦਾਂ ਛੱਡਦਾ ਸਮਾਪਤ

**ਮੇਹਲੀ (ਗੁਰਨਾਮ)**:—ਇੱਥੋਂ ਥੋੜੀ ਦੂਰ ਪਿੰਡ ਬਾਹੜ ਮਜਾਰਾ ਵਿਖੇ ਪ੍ਰਾਚੀਨ ਮੰਦਰ ਮਾਤਾ



ਸ਼ੀਤਲਾ ਦੇਵੀ ਦਰਬਾਰ ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਮੂਹ ਗ੍ਰਾਮ ਪੰਚਾਇਤ ਨਗਰ ਨਿਵਾਸੀ ਐਨ ਆਰ ਆਈ ਵੀਰਾਂ ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਮਾਤਾ ਦਾ ਜਾਗਰਣ ਕਰਵਾਇਆ ਗਿਆ। ਇਸ ਜਾਗਰਣ ਦੇ ਮੁੱਖ ਮਹਿਮਾਨ ਕੁਲਜੀਤ ਸਿੰਘ ਸਰਹਾਲ ਆਪਣੀ ਟੀਮ ਸਮੇਤ ਪਹੁੰਚੇ। ਬੀਬੀ ਕਮਲਜੀਤ ਕੌਰ ਵੀ ਆਪਣੇ ਸਾਥੀਆਂ ਸਮੇਤ ਵਿਸ਼ੇਸ਼ ਤੌਰ 'ਤੇ ਪਹੁੰਚੇ। ਮਸ਼ਹੂਰ ਕਲਾਕਾਰ ਦਵਿੰਦਰ ਦਿਲ, ਪੰਮਾ ਕੁਲਥਮ, ਸਾਬਰੀ ਸਾਬ ਅਤੇ ਦਿਲਪ੍ਰੀਤ ਨੇ ਆਪਣੇ ਭਜਨ ਅਤੇ ਮਾਤਾ ਦੀਆਂ ਭੇਟਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਨੇ ਕਿਹਾ ਕਿ ਸਭ ਸੰਗਤਾਂ ਨੂੰ ਜਾਗਰਣ ਦੀਆਂ ਵਧਾਈਆਂ। ਉਹਨਾਂ ਮੰਦਰ ਦੀ ਉਸਾਰੀ ਵਾਸਤੇ 4 ਲੱਖ ਦੇਣ ਦਾ ਵਾਅਦਾ ਕੀਤਾ। ਇਹਨਾਂ ਦੇ ਨਾਲ ਰੌਬੀ ਕੁਲਥਮ ਤੇ ਸਰਪੰਚ ਬਲਵੀਰ ਸਿੰਘ, ਇਕਬਾਲ ਸਿੰਘ, ਬਲਵੀਰ ਸਿੰਘ ਬੀਰੀ, ਭਿੰਡਰ, ਜਰਨੈਲ ਸਿੰਘ, ਬੌਬੀ ਤੋਂ ਇਲਾਵਾ ਸੇਵਾਦਾਰ ਹਾਜ਼ਰ ਸਨ। ਸਰਪੰਚ ਬਲਵੀਰ ਸਿੰਘ ਬਾਹੜ ਮਜਾਰਾ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਅਖੀਰ 'ਚ ਤਾਰਾ ਰਾਣੀ ਦੀ ਕਥਾ ਅਨਿਲ ਸ਼ਰਮਾ ਨੇ ਸੁਣਾਈ।

## ਸੀਨੀਅਰ ਸੈਕੰਡਰੀ ਸਕੂਲ ਡੇਰਾਬੱਸੀ ਵਿਖੇ ਲਗਾਇਆ ਜਾਗਰੂਕਤਾ ਕੈਂਪ

**ਚੰਡੀਗੜ੍ਹ ( ਗੁਰਜੀਤ ਬਿੱਲਾ)**—ਡਿਪਟੀ ਕਮਿਸ਼ਨਰ ਐਸ ਏ ਐਸ ਨਗਰ ਸ਼੍ਰੀਮਤੀ ਆਸ਼ਿਕਾ ਜੈਨ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸਵੱਛ ਭਾਰਤ ਮਿਸ਼ਨ ਤਹਿਤ ਸੀਨੀਅਰ ਸੈਕੰਡਰੀ ਸਕੂਲ ਡੇਰਾਬੱਸੀ ਵਿੱਚ ਨਗਰ ਕੌਂਸਲ ਡੇਰਾਬੱਸੀ ਵੱਲੋ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਪ੍ਰੋਗਰਾਮ ਕੋਆਰਡੀਨੇਟਰ ਸੁਖਵਿੰਦਰ ਸਿੰਘ ਦਿਉਲ ਨੇ ਸੋਰਸ ਸੈਗ੍ਰਿਗੇਸ਼ਨ ਬਾਰੇ ਜਾਗਰੂਕ ਕੀਤਾ। ਉਹਨਾਂ ਨੇ ਗਿੱਲੇ ਕੂੜੇ ਤੋਂ ਘਰ ਵਿੱਚ ਹੀ ਖਾਦ ਹਟਾਉਣ ਦੀ ਵਿਧੀ ਬਾਰੇ ਦਸਿਆ ਜਿਸ ਨਾਲ ਗਿੱਲੇ ਕੂੜੇ ਨੂੰ ਕਾਫੀ ਹੱਦ ਤੱਕ ਘਰ ਤੋਂ ਹੀ ਖਤਮ ਕੀਤਾ ਜਾ ਸਕਦਾ ਹੈ ਅਤੇ ਸੁੱਕੇ ਕੂੜੇ ਵਿੱਚ ਬਹੁਤ ਸਾਰਾ ਕੂੜਾ ਵਿਕਣਯੋਗ ਹੁੰਦਾ ਹੈ ਜਿਸ ਨਾਲ ਕੂੜਾ ਡੰਪ ਸਾਈਟ ਤੇ ਜਾਣ ਤੋਂ ਬਚ ਸਕਦਾ ਹੈ। ਇਸ ਸਮੇਂ ਵਿਦਿਆਰਥੀਆਂ ਵੱਲੋਂ ਸਿੰਗਲ ਯੂਜ ਪਲਾਸਟਿਕ ਨਾ ਵਰਤਣ ਲਈ ਵਚਨ ਦਿੱਤਾ ਗਿਆ। ਪ੍ਰੋਗਰਾਮ ਕੋਆਰਡੀਨੇਟਰ ਰਵਿੰਦਰ ਸਿੰਘ ਗਿੱਲ ਵੱਲੋਂ ਸਿੰਗਲ ਯੂਜ ਪਲਾਸਟਿਕ ਜਿਵੇਂ ਕਿ ਪਲਾਸਟਿਕ ਦੇ ਕੈਰੀ ਬਾਗ ਅਤੇ ਪਲਾਸਟਿਕ ਦੇ ਬਰਤਨਾਂ ਦੇ ਨੁਕਸਾਨ ਦੱਸਦੇ ਹੋਏ ਇਸ ਦੀ ਵਰਤੋਂ ਬੰਦ ਕਰਨ ਬਾਰੇ ਪ੍ਰੋਗਰਾਮ ਕੋਆਰਡੀਨੇਟਰ ਧਰਮਿੰਦਰ ਸਿੰਘ ਕਿਹਾ ਕਿ ਇਸ ਸਬੰਧੀ ਚੱਲ ਰਹੇ ਤਿਉਹਾਰਾਂ ਦੇ ਮੌਕੇ ਕੋਈ ਵੀ ਪੌਲੀਥੀਨ, ਥਰਮੋਕੌਲ ਅਤੇ ਹੋਰ ਡਿਸਪੋਸੇਬਲ ਵਸਤੂਆਂ ਦੀ ਵਰਤੋਂ ਨਾ ਕੀਤੀ ਜਾਵੇ। ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਅਲਕਾ ਮੌਂਗਾ ਨੇ ਵਿਸ਼ਵਾਸ ਦਿਵਾਇਆ ਕਿ ਉਹ ਆਪਣੇ ਸਕੂਲ ਨੂੰ ਜ਼ੀਰੋ ਵੇਸਟ ਬਣਾਉਣਗੇ। ਜਿਕਰਯੋਗ ਹੈ ਕਿ ਨਗਰ ਕੌਂਸਲ ਵੱਲੋਂ ਕੱਪੜੇ ਦੇ ਥੈਲੇ ਵੀ ਵੰਡੇ ਜਾ ਰਹੇ ਹਨ ਤਾਂ ਕਿ ਡੇਰਾ ਬੱਸੀ ਨੂੰ ਪਲਾਸਟਿਕ ਮੁਕਤ ਕੀਤਾ ਜਾ ਸਕੇ। ਇਸ ਮੌਕੇ ਏ.ਡੀ.ਸੀ. ਦਫਤਰ ਵੱਲੋਂ ਗੁਰਜੀਤ ਸਿੰਘ ਅਤੇ ਨਗਰ ਕੌਂਸਲ ਵੱਲੋਂ ਜਸਵਿੰਦਰ, ਕੁਲਵੀਰ, ਤਰਸੇਮਪਾਲ ਅਤੇ ਗੁਰਪ੍ਰੀਤ ਹਾਜਰ ਸਨ।

## ਲੈਬੋਟਰੀ ਐਸੋਸੀਏਸ਼ਨ ਤੇ ਬਾਬਾ ਸ੍ਰੀ ਚੰਦ ਸੇਵਾ ਸੁਸਾਇਟੀ ਵੱਲੋਂ ਖੂਨਦਾਨ ਕੈਂਪ ਭਲਕੇ

**ਕਾਲਾ ਸੰਘਿਆਂ (ਮਨਜੀਤ ਮਾਨ)** ਮਨੁੱਖਤਾ ਦੀ ਸੇਵਾ ਹਿੱਤ ਖੂਨ ਦੇ ਲੋੜਵੰਦਾਂ ਮਰੀਜਾਂ ਲਈ ਵਿਸ਼ਾਲ ਖੂਨਦਾਨ ਕੈਂਪ ਲੈਬੋਟਰੀ ਐਸੋਸੀਏਸ਼ਨ ਵੱਲੋਂ 29 ਅਕਤੂਬਰ ਦਿਨ ਸ਼ਨੀਵਾਰ ਨੂੰ ਕਪੂਰਥਲਾ ਵਿਖੇ ਲਗਾਇਆ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਲੈਬੋਟਰੀ ਐਸੋਸੀਏਸ਼ਨ 'ਜੈ ਮਿਲਾਪ' ਰਜਿ: ਪੰਜਾਬ ਦੇ ਬਲਾਕ ਪ੍ਰਧਾਨ ਗੁਰਿੰਦਰ ਸਿੰਘ ਜੱਸਲ ਅਤੇ ਸੀਨੀਅਰ ਆਗੂ ਅੰਕਿਤ ਯਾਦਵ ਨੇ ਕੈਂਪ ਲਈ ਐਸ ਐਮ ਓ ਕਪੂਰਥਲਾ ਡਾ ਸੰਦੀਪ ਧਵਨ ਨੂੰ ਸੱਦਾ ਪੱਤਰ ਦੇਣ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੈ ਮਿਲਾਪ ਐਸੋਸੀਏਸ਼ਨ ਸਮੇਂ ਸਮੇਂ ਤੇ ਬਲੱਡ ਸ਼ੂਗਰ ਚੈੱਕਅੱਪ ਕੈਂਪ ਅਤੇ ਹੋਰ ਖੂਨ ਦੇ ਟੈਸਟਾਂ ਦੇ ਕੈਂਪ ਸਮੇਂ ਸਮੇਂ 'ਤੇ ਲਗਾਉਂਦੀ ਹੈ ਅਤੇ ਇਸ ਵਾਰ ਸਾਡੀ ਐਸੋਸੀਏਸ਼ਨ ਅਤੇ ਬਾਬਾ ਸ੍ਰੀ ਚੰਦ ਨਿਸ਼ਕਾਮ ਸੇਵਾ ਸੁਸਾਇਟੀ ਰਜਿ: ਵੱਲੋਂ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਅਤੇ ਬਾਬਾ ਸ੍ਰੀ ਚੰਦ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਹ ਵਿਸ਼ਾਲ ਖੂਨਦਾਨ ਕੈਂਪ 29 ਅਕਤੂਬਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਕਾਦੂਪੁਰ ਰੋਡ ਨੇੜੇ ਯੁਵਰਾਜ ਗੈਰੇਜ ਕਪੂਰਥਲਾ ਵਿਖੇ ਲਗਾਇਆ ਜਾਵੇਗਾ।

ਉਹਨਾਂ ਕਿਹਾ ਕਿ ਇਸ ਮੌਕੇ ਸਿਵਲ ਹਸਪਤਾਲ ਕਪੂਰਥਲਾ ਦੀ ਬਲੱਡ ਬੈਂਕ ਦੀ ਟੀਮ, ਸਿਹਤ ਵਿਭਾਗ ਦੇ ਹੋਰ ਮੁਲਾਜਮ ਅਤੇ ਲੈਬੋਟਰੀ ਐਸੋਸੀਏਸਨ ਜੈ ਮਿਲਾਪ ਦੇ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਰਹਿਣਗੇ।

## ਛੋਟਾ ਹਾਥੀ ਚਾਲਕ ਤੋਂ 9 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**- ਸਥਾਨਕ ਪੁਲਸ ਨੇ ਇਕ ਛੋਟਾ ਹਾਥੀ ਗੱਡੀ 'ਚ ਸਵਾਰ ਚਾਲਕ ਤੋਂ 9 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਕਰਨ 'ਚ ਸਫਲਤਾ ਹਾਸਿਲ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਚੌਕੀ ਹਰੀਪੁਰ ਦੇ ਇੰਚਾਰਜ ਏ.ਐਸ.ਆਈ. ਸੋਹਣ ਸਿੰਘ ਸਮੇਤ ਪੁਲਸ ਪਾਰਟੀ 'ਚ ਸ਼ਾਮਲ ਏ.ਐਸ.ਆਈ. ਦਿਲਬਾਗ ਸਿੰਘ, ਸਿਪਾਹੀ ਸਤਿੰਦਰਪਾਲ ਸਿੰਘ ਅਤੇ ਸਿਪਾਹੀ ਹਰਵਿੰਦਰ ਸਿੰਘ ਨਸ਼ਿਆਂ ਸਬੰਧੀ ਚੈਕਿੰਗ ਲਈ ਨਾਕਾਬੰਦੀ ਦੌਰਾਨ ਨੂਰਪੁਰਬੇਦੀ-ਬਲਾਚੌਰ ਮੁੱਖ ਮਾਰਗ 'ਤੇ ਪੈਂਦੇ ਕੋਹਿਨੂਰ ਪੈਲੇਸ ਪਿੰਡ ਜੱਟਪੁਰ ਵਿਖੇ ਮੌਜੂਦ ਸਨ। ਚੌਕੀ ਇੰਚਾਰਜ ਸੋਹਣ ਸਿੰਘ ਨੇ ਦੱਸਿਆ ਕਿ ਰਾਤ ਕਰੀਬ ਸਵਾ 10 ਵਜੇ ਜਦੋਂ ਉਨਾਂ ਨੂੰ ਕਰੌਲਗੜ ਦੀ ਤਰਫੋਂ ਇਕ ਛੋਟਾ ਹਾਥੀ ਨੰਬਰ ਪੀ.ਬੀ. 12 ਐਲ.ਪੀ. 3068 ਮਾਰਕਾ ਟਾਟਾ ਏਸ ਆਉਂਦਾਂ ਦਿਖਾਈ ਦਿੱਤਾ ਤਾਂ ਉਨਾਂ ਚਾਲਕ ਨੂੰ ਟਾਰਚ ਦੇ ਇਸ਼ਾਰੇ ਨਾਲ ਰੁਕਣ ਦਾ ਇਸ਼ਾਰਾ ਕੀਤਾ।

ਮਗਰ ਚਾਲਕ ਨੇ ਤੇਜੀ ਨਾਲ ਛੋਟੇ ਹਾਥੀ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ ਜਿਸਨੂੰ ਸਾਥੀ ਪੁਲਸ ਕਰਮਚਾਰੀਆਂ ਦੀ ਸਹਾਇਤਾ ਨਾਲ ਕਾਬੂ ਕਰਕੇ ਜਦੋਂ ਵਾਹਨ ਦੀ ਤਲਾਸ਼ੀ ਲਈ ਤਾਂ ਕੰਡਕਟਰ ਦੀ ਸੀਟ ਦੇ ਹੇਠਾਂ ਰੱਖੇ ਪਲਾਸਟਿਕ ਦੇ ਬੋਰੇ 'ਚੋਂ 9 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ। ਉਨਾਂ ਦੱਸਿਆ ਕਿ ਚਾਲਕ ਜਿਸਦੀ ਪਛਾਣ ਗੁਰਮੀਤ ਸਿੰਘ ਪੁੱਤਰ ਪਾਲ ਸਿੰਘ ਨਿਵਾਸੀ ਪਿੰਡ ਘਾਹੀਮਾਜਰਾ ਵਜੋਂ ਹੋਈ ਹੈ ਨੂੰ ਗ੍ਰਿਫਤਾਰ ਕਰਕੇ ਉਸਦੇ ਖਿਲਾਫ ਐਨ.ਡੀ.ਪੀ.ਐਸ. ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਕਥਿਤ ਦੋਸ਼ੀ ਨੂੰ ਸ਼੍ਰੀ ਅਨੰਦਪੁਰ ਸਾਹਿਬ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਜਿੱਥੇ ਮਾਨਯੋਗ ਜੱਜ ਨੇ ਉਸਨੂੰ ਇਕ ਦਿਨ ਦੇ ਪੁਲਸ ਰਿਮਾਂਡ 'ਤੇ ਭੇਜਣ ਦਾ ਆਦੇਸ਼ ਦਿੱਤਾ।

## ਵੁਡਬਰੀ ਸਕੂਲ ਦੇ ਬੱਚਿਆਂ ਨੇ ਕੀਤਾ ਐੱਮ ਆਰ ਐੱਫ ਸ਼ੈੱਡ ਦਾ ਦੌਰਾ



**ਭੋਗਪੁਰ (ਕੁਲਵੀਰ ਸਿੰਘ ਕਾਹਲੋ )**:— ਵੁਡਬਰੀ ਇੰਟ. ਪਬਲਿਕ ਸਕੂਲ, ਭੋਗਪੁਰ ਦੇ ਬੱਚਿਆਂ ਨੇ ਮਟੀਰੀਅਲ ਰਿਕਵਰੀ ਫੈਸਿਲਿਟੀ (ਸੋਲਿਡ ਵੇਸਟ ਮੈਨੇਜ ਪਲਾਂਟ) ਮਿਊਨਸੀਪਲ ਕਾਉਂਸਲ, ਭੋਗਪੁਰ ਦਾ ਵਿਦਿਅਕ ਦੌਰਾ ਕੀਤਾ ਜਿਸ ਵਿੱਚ ਬੱਚਿਆਂ ਨੂੰ ਠੋਸ ਰਹਿੰਦ ਨੂੰ ਨਸ਼ਟ ਕਰਨ ਬਾਰੇ ਜਾਣਕਾਰੀ ਦਿੱਤੀ ਗਈ । ਬੱਚਿਆਂ ਨੂੰ ਦੱਸਿਆ ਗਿਆ ਕਿ ਕਿਵੇਂ ਘਰਾਂ ਤੋਂ ਲਿਆਂਦੇ ਹੋਏ ਗਿੱਲੇ ਤੇ ਸੁੱਕੇ ਕੂੜੇ ਦਾ ਪ੍ਰਯੋਗ ਖਾਦ ਬਣਾਉਣ ਲਈ ਕੀਤਾ ਜਾਂਦਾ ਹੈ। ਅਲੱਗ ਅਲੱਗ ਪ੍ਰਕਾਰ ਦੀਆਂ ਮਸ਼ੀਨਾਂ ਬੱਚਿਆਂ ਨੂੰ ਦਿਖਾਈਆਂ ਗਈਆਂ ਤਾਂ ਜੋ ਉਨਾਂ ਨੂੰ ਪਤਾ ਲੱਗ ਸਕੇ ਕਿ ਕਿਵੇਂ ਘਰਾਂ ਵਿੱਚੋਂ ਆਏ ਕੂੜੇ ਨੂੰ ਮੁੜ ਵਰਤ ਸਕਦੇ ਹਾਂ । ਬੱਚਿਆਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਘਰਾਂ ਵਿੱਚ ਹੀ ਗਿੱਲਾ ਕੂੜਾ ਅਤੇ ਸੁੱਕਾ ਕੂੜਾ ਅਲੱਗ ਅਲੱਗ ਰੱਖ ਕੇ ਅਸੀਂ ਖਾਦ ਤਿਆਰ ਕਰ ਸਕਦੇ ਹਾਂ ਅਤੇ ਇਹ ਇੱਕ ਤਰ੍ਹਾਂ ਕਮਾਈ ਦਾ ਸਾਧਨ ਵੀ ਬਣਦਾ ਹੈ । ਐਮ ਆਰ ਐਫ ਦੀ ਟੀਮ ਵੱਲੋਂ ਦੱਸਿਆ ਗਿਆ ਕਿ ਕੂੜੇ ਦੀ ਖਾਦ ਬਣਾ ਕੇ ਉਹਨਾਂ ਵੱਲੋਂ 33 ਹਜਾਰ ਰੁਪਏ ਦੀ ਸੇਲ ਕੀਤੀ ਗਈ ਹੈ ਜੋ ਕਿ ਇੱਕ ਬਹੁਤ ਵੱਡਾ ਉਪਰਾਲਾ ਹੈ।

ਸਕੂਲ ਪ੍ਰਿੰਸੀਪਲ ਡਾ.ਸੁਮਨ ਡਡਵਾਲ ਵੱਲੋਂ ਦੱਸਿਆ ਗਿਆ ਕਿ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਇਸ ਵਿਦਿਅਕ ਦੌਰੇ ਵਿੱਚ ਭਾਗ ਲਿਆ ਜਿਸ ਨਾਲ ਉਹਨਾਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਅਤੇ ਅੱਗੇ ਤੋਂ ਵੀ ਇਸ ਤਰ੍ਹਾਂ ਦੇ ਉਪਰਾਲੇ ਕੀਤੇ ਜਾਂਦੇ ਰਹਿਣਗੇ। ਇਸ ਮੌਕੇ ਅਧਿਆਪਕ ਸਲਿੰਦਰ , ਰਾਜਪ੍ਰੀਤ ,ਜਸਪ੍ਰੀਤ ਅਤੇ ਬਲਜੀਤ ਆਦਿ ਮੌਜੂਦ ਸਨ ।

## ਪੰਜਾਬ ਦੇ ਸਮਾਜਵਾਦੀਆਂ ਦਾ ਚਿੰਤਨ ਸਮਾਗਮ 5 ਨੂੰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੋਸ਼ਲਿਸਟ ਪਾਰਟੀ ਇੰਡੀਆ ਦੀ ਸੂਬਾ ਪ੍ਰਧਾਨ ਓਮ ਸਿੰਘ ਸਟਿਆਣਾ ਦੀ ਪ੍ਰਧਾਨਗੀ ਹੇਠ ਸਥਾਨਕ ਜ਼ਿਲ੍ਹਾ ਦਫਤਰ ਹੁਸ਼ਿਆਰਪੁਰ ਵਿਖੇ ਇੱਕ ਮੀਟਿੰਗ ਹੋਈ ਜਿਸ ਵਿੱਚ ਬਜ਼ੁਰਗ ਸੋਸ਼ਲਿਸਟ ਆਗੂ ਬਲਵੰਤ ਸਿੰਘ ਖੇੜਾ ਨੇ ਸ਼ਿਰਕਤ ਕੀਤੀ ਅਤੇ ਦੱਸਿਆ ਕਿ ਪੰਜਾਬ ਅਤੇ ਦੇਸ਼ ਦੇ ਮੌਜੂਦਾ ਹਾਲਾਤਾਂ ਨੂੰ ਵੇਖਦਿਆਂ ਪੰਜਾਬ ਦੇ ਸਮਾਜਵਾਦੀ ਆਗੂਆਂ ਦਾ ਇੱਕ ਚਿੰਤਨ ਸਮਾਰੋਹ 5 ਨਵੰਬਰ ਨੂੰ ਸਵੇਰੇ 11 ਵਜੇ ਲਾਲਾ ਲਾਜਪਤ ਰਾਏ ਸੀਨੀਅਰ ਸੈਕੰਡਰੀ ਸਕੂਲ ਸਰਕਾਰੀ ਕਾਲਜ ਰੋਡ ਹੁਸ਼ਿਆਰਪੁਰ ਵਿਖੇ ਹੋਵੇਗਾ ਜਿਸ ਵਿੱਚ ਜਨਤਾ ਦਲ ਯੂਨਾਈਟਡ, ਜਨਤਾ ਦਲ ਐੱਸ ਅਤੇ ਅਧਿਆਪਕ ਲਹਿਰ ਦੇ ਸਿਰਕਰਦਾ ਆਗੂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ। ਇਸ ਦੇ ਕਨਵੀਨਰ ਅਨੂਪ ਸਿੰਘ ਭਦਰੂ ਹੋਣਗੇ। ਇਸ ਸਮਾਰੋਹ ਦੇ ਮੁੱਖ ਬੁਲਾਰੇ ਵੱਜੋਂ ਦੇਸ਼ ਦੇ ਉੱਘੇ ਸਮਾਜਵਾਦੀ ਆਗੂ ਮੈਗਸਾਸੇ ਐਵਾਰਡੀ ਡਾ.ਸੰਦੀਪ ਪਾਂਡੇ ਸ਼ਿਰਕਤ ਕਰਨਗੇ। ਇਸ ਚਿੰਤਨ ਸਮਾਰੋਹ ਵਿੱਚ ਪੰਜਾਬ ਦੀਆਂ ਸਮੱਸਿਆਵਾਂ ਦੇ ਨਾਲ ਨਾਲ ਦੇਸ਼ ਦੇ ਰਾਜਸੀ ਅਤੇ ਸਮਾਜਿਕ ਹਾਲਾਤਾਂ ਸਬੰਧੀ ਵਿਚਾਰ ਵਟਾਂਦਰੇ ਕੀਤੇ ਜਾਣਗੇ ਅਤੇ ਫਲਸਤੀਨੀ ਇਜ਼ਰਾਈਲ ਜੰਗ ਵਿੱਚ ਆਮ ਲੋਕਾਂ ਔਰਤਾਂ ਅਤੇ ਬੱਚਿਆਂ ਲਈ ਹੋ ਰਹੀ ਮੰਦੀ ਹਾਲਤ ਬਾਰੇ ਵੀ ਮਤੇ ਪਾਸ ਕੀਤੇ ਜਾਣਗੇ। ਇਸ ਮੌਕੇ ਬਲਰਾਜ ਸਿੰਘ ਨੰਗਲ,ਜਰਨੈਲ ਸਿੰਘ ਮਲਕੀਤ ਸਿੰਘ, ਜਗਦੀਸ਼ ਸ਼ਰਮਾ ਹਰਿਆਣਵੀ, ਸਤਪਾਲ ਸਿੰਘ ਡਡਿਆਣਾ, ਮਹਿੰਦਰ ਸਿੰਘ ਹੀਰ, ਕਮਲਜੀਤ ਸਿੰਘ ਮੰਨਣ ਸ਼ਾਮਿਲ ਹੋਏ।

## ਸਮਾਜ ਸੇਵੀ ਸੰਸਥਾਵਾਂ ਦਾ ਸਿੱਖਿਆ ਤੇ ਮਨੁੱਖਤਾ ਦੀ ਭਲਾਈ 'ਚ ਅਹਿਮ ਯੋਗਦਾਨ : ਜਿੰਪਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਸਿੱਖਿਆ ਅਤੇ ਮਨੁੱਖਤਾ ਦੀ ਭਲਾਈ ਵਿਚ ਅਹਿਮ ਯੋਗਦਾਨ ਪਾ ਰਹੀਆਂ ਹਨ ਅਤੇ ਅਜਿਹੀਆਂ ਸੰਸਥਾਵਾਂ ਸਾਡੇ ਲਈ ਰਾਹ ਦਿਸੇਰਾ ਹਨ। ਉਹ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਵੱਲੋਂ ਅਪਣਾਏ ਸਰਕਾਰੀ ਐਲੀਮੈਂਟਰੀ ਸਕੂਲ ਅੱਜੋਵਾਲ ਦੇ ਸਾਲਾਨਾ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅਜਿਹੀਆਂ ਸੰਸਥਾਵਾਂ ਸਾਡਾ ਰਾਹ ਦਿਸੇਰਾ ਹਨ ਅਤੇ ਉਹ ਇਨ੍ਹਾਂ ਸੰਸਥਾਵਾਂ ਨੂੰ ਸਲਾਮ ਕਰਦੇ ਹਨ, ਜੋ ਦਿਨ-ਰਾਤ ਮਾਨਵਤਾ ਦੀ ਸੇਵਾ ਵਿਚ ਲੱਗੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਇੰਟਰਨੈਸ਼ਨਲ ਐਜੂਕੇਸ਼ਨਲ ਟਰੱਸਟ ਦੱਬੇ-ਕੁਚਲੇ ਲੋਕਾਂ ਲਈ ਵਰਦਾਨ ਬਣੀ ਹੋਈ ਹੈ, ਜਿਸ ਨੇ ਸਲੱਮ ਏਰੀਏ ਦੇ ਇਸ ਸਕੂਲ ਨੂੰ ਅਪਣਾ ਕੇ ਲੋੜਵੰਦ ਬੱਚਿਆਂ ਨੂੰ ਸਿੱਖਿਆ ਦੇ ਲੜ ਲਾਇਆ ਹੈ। ਉਨ੍ਹਾਂ ਦੱਸਿਆ ਕਿ ਇਸ ਸਕੂਲ ਵਿਚ 100 ਫੀਸਦੀ ਝੁੱਗੀ-ਝੌਂਪੜੀਆਂ ਵਾਲੇ ਬੱਚੇ ਪੜ੍ਹਦੇ ਹਨ ਅਤੇ 2017 ਵਿਚ ਇਸ ਸੰਸਥਾ ਨੇ ਇਸ ਸਕੂਲ ਨੂੰ ਅਪਣਾ ਕੇ ਲੋੜਵੰਦ ਬੱਚਿਆਂ ਦੀ ਬਾਂਹ ਫੜੀ ਸੀ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਹਰੇਕ ਸਾਲ ਅਜਿਹਾ ਸਾਲਾਨਾ ਸਮਾਗਮ ਕਰਵਾ ਕੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਵਰਦੀਆਂ ਅਤੇ ਹੋਰ ਲੋੜੀਂਦੀਆਂ ਵਸਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਸਕੂਲ ਦੇ ਪੜ੍ਹੇ ਹੋਏ ਬੱਚੇ ਇਸ ਵੇਲੇ ਸਰਕਾਰੀ ਆਈ. ਟੀ. ਆਈ ਅਤੇ ਬਹੁ-ਤਕਨੀਕੀ ਕਾਲਜ ਵਿਖੇ ਉੱਚ ਮਿਆਰੀ ਸਿੱਖਿਆ ਗ੍ਰਹਿਣ ਕਰ ਰਹੇ ਹਨ, ਜੋ ਕਿ ਬੜੇ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਜਿਹੀਆਂ ਸੰਸਥਾਵਾਂ ਦਾ ਪੂਰਾ ਸਾਥ ਦੇਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਸਕੂਲ ਸਮੇਤ ਇਲਾਕੇ ਦੇ ਹੋਰਨਾਂ ਸਕੂਲਾਂ ਲਈ ਕਰੀਬ 10 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਮੌਕੇ ਉਨ੍ਹਾਂ ਬੱਚਿਆਂ ਨੂੰ ਇਨਾਮ ਵੀ ਤਕਸੀਮ ਕੀਤੇ। ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਵੰਨ੍ਹਗੀਆਂ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਪਰਸਨ ਕਰਮਜੀਤ ਕੌਰ, ਗੁਰੂ ਨਾਨਕ ਇੰਟਰਨੈਸ਼ਲ ਐਜੂਕੇਸ਼ਨਲ ਟਰੱਸਟ ਦੇ ਚੇਅਰਮੈਨ ਰਣਜੀਤ ਸਿੰਘ (ਯੂ. ਕੇ), ਪ੍ਰਧਾਨ ਪ੍ਰੋ. ਬਹਾਦਰ ਸਿੰਘ ਸੁਨੇਤ, ਮੈਨੇਜਿੰਗ ਟਰੱਸਟੀ ਜੇ. ਐਸ. ਆਹਲੂਵਾਲੀਆ (ਸੇਵਾਮੁਕਤ ਆਈ. ਆਰ. ਐਸ), ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਹਰਭਗਵੰਤ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਸੰਜੀਵ ਗੌਤਮ, ਮੁੱਖ ਅਧਿਆਪਕ ਪਰਵੀਨ ਕੁਮਾਰ, ਟਰੱਸਟੀ ਦਰਸ਼ਨ ਸਿੰਘ, ਵਰਿੰਦਰ ਸਿੰਘ ਪਰਹਾਰ, ਐਡਵੋਕੇਟ ਜਸਪਾਲ ਸਿੰਘ, ਗੁਰਪ੍ਰੀਤ ਸਿੰਘ, ਬਲਜੀਤ ਸਿੰਘ ਪਨੇਸਰ, ਐਚ. ਐਸ ਸੈਣੀ, ਮਨਮੋਹਨ ਸਿੰਘ, ਸੁਖਦੇਵ ਸਿੰਘ ਲਾਜ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

## ਪੁਰਾਣਾ ਸ਼ਾਲਾ ਪੁਲਸ ਵੱਲੋਂ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਬੇਟ ਇਲਾਕੇ ਦੇ ਪਿੰਡ ਦਊਵਾਲ ਦੇ ਇਕ ਸ਼ੈਲਰ 'ਤੇ 6 ਸਤੰਬਰ ਨੂੰ ਚੋਰੀ ਹੋਈ ਸੀ ਅਤੇ ਪੁਲਸ ਨੇ ਇਕ ਤੋਂ ਵੱਧ ਸਮੇਂ ਤੋਂ ਬਾਅਦ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤੇ ਜਾਣ ਦੀ ਖ਼ਬਰ ਮਿਲੀ ਹੈ। ਪੀੜਤ ਅਮਰਜੀਤ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਦਊਵਾਲ ਦੇ ਸ਼ੈਲਰ 'ਤੇ 6 ਸਤੰਬਰ 2023 ਨੂੰ ਚੋਰੀ ਹੋਈ ਸੀ ਜਿਸ ਵਿਚ ਕਣਕ 30 ਕੁਇੰਟਲ, ਸਰ੍ਹੋਂ 20 ਕੁਇੰਟਲ, ਮੱਕੀ 10 ਕੁਇੰਟਲ ਅਤੇ 90 ਕਿਲੋ ਸਰ੍ਹੋਂ ਦਾ ਤੇਲ ਤੋਂ ਇਲਾਵਾ ਗੈਸ ਸਿਲੰਡਰ ਭਰਿਆ ਹੋਇਆ, ਖਲ 5 ਕੁਇੰਟਲ ਅਤੇ ਮੋਟਰਸਾਈਕਲ ਸਪਲੈਂਡਰ ਚੋਰੀ ਹੋ ਗਿਆ ਸੀ। ਪੁਲਸ ਨੇ ਪੀੜਤ ਅਮਰਜੀਤ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖ਼ਿਲਾਫ਼ ਜ਼ੇਰੇ ਧਾਰਾ 457, 380 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਤਫਤੀਸ਼ੀ ਅਫ਼ਸਰ ਜਗਦੀਸ਼ ਰਾਜ ਨੇ ਦੱਸਿਆ ਕਿ ਮਾਮਲੇ ਤੋਂ ਬਾਅਦ ਜਲਦੀ ਚੋਰਾਂ ਨੂੰ ਫੜਨ ਵਾਸਤੇ ਸਿਰਤੋੜ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਪੀੜਤ ਪਰਿਵਾਰ ਨੂੰ ਇਨਸਾਫ਼ ਮਿਲ ਸਕੇ।

## ਕਸਬਾ ਖਾਲੜਾ 'ਚ ਬੇਅਦਬੀ ਕਰਨ ਵਾਲੀ ਔਰਤ ਗ੍ਰਿਫਤਾਰ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਹਲਕਾ ਖੇਮਕਰਨ ਦੇ ਸਰਹੱਦੀ ਕਸਬਾ ਖਾਲੜਾ 'ਚ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਵਾਲੀ ਔਰਤ ਨੂੰ ਪੁਲਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜਦੋਂ ਸਤਿਕਾਰ ਕਮੇਟੀਆਂ ਅਤੇ ਸਿੱਖ ਜੱਥੇਬੰਦੀਆਂ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਛਾਣਬੀਨ ਸ਼ੁਰੂ ਕੀਤੀ ਤਾਂ ਉਨ੍ਹਾਂ ਨੂੰ ਉੱਥੋਂ ਗੁਟਕਾ ਸਾਹਿਬ ਦੇ ਹੋਰ ਫਟੇ ਹੋਏ ਅੰਗ ਮਿਲੇ, ਜਿਸ ਤੋਂ ਬਾਅਦ ਸਤਿਕਾਰ ਕਮੇਟੀ ਦੇ ਆਗੂ ਭਾਈ ਰਣਜੀਤ ਸਿੰਘ ਉਧੋਕੇ ਵੱਲੋਂ ਗੁਟਕਾ ਸਾਹਿਬ ਦੇ ਅੰਗਾਂ ਨੂੰ ਕਬਜ਼ੇ ਵਿੱਚ ਲੈ ਕੇ ਪ੍ਰਸ਼ਾਸਨ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਭਾਈ ਰਣਜੀਤ ਸਿੰਘ ਵੱਲੋਂ ਘਟਨਾ ਸਥਾਨ ਦੇ ਨੇੜੇ ਰਹਿੰਦੀ ਸੁਖਵਿੰਦਰ ਕੌਰ ਪਤਨੀ ਗੁਰਬੇਜ ਸਿੰਘ ਨਾਮਕ ਔਰਤ 'ਤੇ ਸ਼ੱਕ ਹੋਣ ਦੀ ਜਾਣਕਾਰੀ ਖਾਲੜਾ ਪੁਲਸ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਜਦੋਂ ਖਾਲੜਾ ਪੁਲਸ ਨੇ ਉਪਰੋਕਤ ਔਰਤ ਨੂੰ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਤਾਂ ਔਰਤ ਨੇ ਕਬੂਲ ਕੀਤਾ ਕਿ ਉਸ ਦੇ ਬੱਚਿਆਂ ਨੇ ਗੁਟਕਾ ਸਾਹਿਬ ਦੇ ਅੰਗਾਂ ਨੂੰ ਪਾੜ ਕੇ ਗਲੀ 'ਚ ਸੁੱਟ ਦਿੱਤਾ ਸੀ, ਜਿਸ ਤੋਂ ਬਾਅਦ ਮਾਮਲੇ ਨੂੰ ਦਬਾਉਣ ਲਈ ਉਸ ਨੇ ਅੰਗਾਂ ਨੂੰ ਖੁਰਦ-ਬੁਰਦ ਕਰਨ ਦੀ ਕੋਸ਼ਿਸ਼ ਕੀਤੀ ਸੀ। ਜ਼ਿਕਰਯੋਗ ਹੈ ਕਿ ਖਾਲੜਾ ਪੁਲਸ ਵੱਲੋਂ ਉਪਰੋਕਤ ਔਰਤ ਖਿਲਾਫ ਧਾਰਾ 295(ਏ) ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਖੇਡ ਮੇਲੇ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਅਨੁਸ਼ਾਸਨ ਦਾ ਵੀ ਪਾਠ ਪੜ੍ਹਾਉਂਦੇ : ਪ੍ਰਿੰ. ਗੁਰਪ੍ਰੀਤ ਕੌਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਨਸ਼ਿਆਂ ਨੂੰ ਰੋਕਣ ਤੇ ਨੌਜਵਾਨਾਂ 'ਚ ਦੇਸ਼ ਭਗਤੀ ਦੀ ਭਾਵਨਾ ਨੂੰ ਪ੍ਰਫੁੱਲਤ ਕਰਨ ਜਿਥੇ ਪੰਜਾਬ ਸਰਕਾਰ ਲੱਕ ਬੰਨ੍ਹ ਕੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਨੂੰ ਫੜਨ ਵਿੱਚ ਲੱਗੀ ਹੋਈ ਹੈ ਉਥੇ ਵੱਖ ਵੱਖ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਾਲੇ ਵੀ ਸਰਕਾਰ ਦੀ ਇਸ ਮੁਹਿੰਮ ਨੂੰ ਹੁਲਾਰਾ ਦੇਣ ਲਈ ਕੰਮ ਕਰ ਰਹੇ ਹਨ ਜਿਨ੍ਹਾਂ ਵਿੱਚ ਸੱਤਿਆ ਐਲੀਮੈਂਟਰੀ ਸਕੂਲ ਭੰਗਾਲੀ ਕਲਾਂ ਸਕੂਲ ਦੇ ਬੱਚੇ ਤੇ ਅਧਿਆਪਕ ਵੀ ਖੇਡ ਮੇਲਾ ਕਰਵਾ ਕੇ ਹਿੱਸਾ ਪਾ ਰਹੇ ਹਨ। ਇਸ ਸਕੂਲ 'ਚ ਖੇਡ ਟੂਰਨਾਮੈਂਟ ਕਰਵਾਇਆ ਗਿਆ ਤੇ ਬੱਚਿਆਂ ਨੇ ਇਸ ਟੂਰਨਾਮੈਂਟ ਵਿੱਚ ਭਾਗ ਲੈ ਕੇ ਮੱਲਾਂ ਮਾਰੀਆਂ। ਇਸ ਖੇਡ ਮੇਲੇ ਵਿੱਚ ਬੱਚਿਆਂ ਤੋਂ ਇਲਾਵਾ ਉਨ੍ਹਾਂ ਦੇ ਮਾਪਿਆਂ ਨੇ ਵੀ ਬੱਚਿਆਂ ਦੀਆਂ ਗਤੀਵਿਧੀਆਂ ਵੇਖਣ ਲਈ ਸ਼ਮੂਲੀਅਤ ਕੀਤੀ। ਖੇਡ ਮੇਲੇ 'ਚ ਰੰਗਾਰੰਗ ਪ੍ਰੋਗਰਾਮ, ਨਾਟਕ ਆਦਿ ਵੀ ਬੱਚਿਆਂ ਨੇ ਖੇਡੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਜਿਥੇ ਬਾਹਰੋਂ ਆਏ ਸੱਜਣਾਂ ਦਾ ਧੰਨਵਾਦ ਕੀਤਾ ਉਥੇ ਇਹ ਵੀ ਕਿਹਾ ਕਿ ਖੇਡ ਮੇਲੇ ਕਰਵਾਏ ਜਾਣੇ ਅਤੀ ਜ਼ਰੂਰੀ ਹਨ ਕਿਉਂਕਿ ਖੇਡ ਮੇਲਿਆਂ ਨਾਲ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਕੀਤਾ ਜਾ ਸਕਦਾ ਹੈ। ਖੇਡ ਮੇਲੇ ਜਿਥੇ ਸਰੀਰਕ ਤੰਦਰੁਸਤੀ ਬਖਸ਼ਦੇ ਹਨ ਉਥੇ ਅਨੁਸ਼ਾਸਨ ਦਾ ਵੀ ਪਾਠ ਪੜ੍ਹਾਉਂਦੇ ਹਨ। ਪ੍ਰਿੰਸੀਪਲ ਨੇ ਜੇਤੂਆਂ ਨੂੰ ਇਨਾਮ ਵੀ ਤਕਸੀਮ ਕੀਤੇ।

28--Otc-PAGE- 9 qxd.qxd 10/27/2023 10:31 PM Page 1



# ਕੰਪਿਊਟਰ ਅਧਿਆਪਕਾਂ ਦੀ ਭਲਕੇ ਹੋ ਰਹੀ ਰੈਲੀ 'ਚ ਸ਼ਮੂਲੀਅਤ ਦਾ ਫੈਸਲਾ



**ਫਿਲੌਰ ( ਨਿਰਮਲ )** ਗੌਰਮਿੰਟ ਟੀਚਰਜ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ , ਸੂਬਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਦੇ ਬਿਆਨ ਨੂੰ ਜਾਰੀ ਕਰਦਿਆਂ ਸੂਬਾਈ ਪ੍ਰੈਸ ਸਕੱਤਰ ਸੁਰਜੀਤ ਸਿੰਘ ਮੋਹਾਲੀ ਕਰਨੈਲ ਫਿਲੌਰ ਆਦਿ ਆਗੂਆਂ ਨੇ ਪ੍ਰੈਸ ਦੇ ਨਾਂਅ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਸਿੱਖਿਆ ਵਿਭਾਗ ਵਿੱਚ ਮਰਜ ਹੋਣ ਲਈ ਲੜ ਰਹੇ ਕੰਪਿਊਟਰ ਅਧਿਆਪਕਾਂ ਦੀ 29 ਅਕਤੂਬਰ ਦੀ ਸੰਗਰੂਰ ਰੈਲੀ ਵਿੱਚ ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਵਲੋਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਹੈ। ਆਗੂਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਗਾਇਆ ਹੈ ਕਿ ਉਹ ਚੋਣਾਂ ਤੋਂ ਪਹਿਲਾਂ ਮੁਲਾਜਮਾਂ ਤੇ ਆਮ ਲੋਕਾਂ ਨਾਲ ਕੀਤੇ ਸਾਰੇ ਵਾਅਦਿਆਂ ਤੋਂ ਭੱਜ ਰਹੀ ਹੈ ਤੇ ਲੋਕਾਂ ਦੀ ਮਿਹਨਤ ਦੀ ਕਮਾਈ ਨਾਲ ਇਕੱਠੇ ਕੀਤੇ ਟੈਕਸਾਂ ਦਾ ਪੈਸਾ ਫੋਕੀ ਇਸਤਿਹਾਰਬਾਜ਼ੀ ਵਿੱਚ ਉਡਾਇਆ ਜਾ ਰਿਹਾ ਹੈ। ਸਿਹਤ ਤੇ ਸਿੱਖਿਆ ਦੇ ਸੁਧਾਰਾਂ ਦੇ ਨਾਮ ਤੇ ਵੋਟਾਂ ਲੈ ਕੇ ਸਤਾ ਵਿੱਚ ਆਈ ਸਰਕਾਰ ਜਨਤਕ ਮਹਿਕਮਿਆਂ ਦਾ ਭੋਗ ਪਾਉਣ ਲਈ ਉਤਾਰੂ ਹੈ ਅਤੇ ਹੱਕ ਮੰਗਦੇ ਲੋਕਾਂ ਤੇ ਮੁਲਾਜਮਾਂ ਦੇ ਅੰਦੋਲਨਾਂ ਨੂੰ ਦਬਾਉਣ ਲਈ ਐਸਮਾਂ ਵਰਗੇ ਕਾਲੇ ਕਨੂੰਨ ਪੰਜਾਬ ਦੇ ਸਿਰ ਥੋਪੇ ਜਾ ਰਹੇ ਹਨ। ਆਗੂਆਂ ਨੇ ਕੰਪਿਊਟਰ ਅਧਿਆਪਕਾਂ ਦੀ ਸੰਗਰੂਰ ਰੈਲੀ ਨੂੰ ਸਫਲ ਬਣਾਉਣ ਲਈ ਨੇੜਲੇ ਜ਼ਿਲ੍ਹਿਆਂ ਦੇ ਆਗੂਆਂ ਦੀ ਡਿਊਟੀ ਲਗਾਈ ਹੈ। ਇਸ ਸਮੇਂ ਤੀਰਥ ਸਿੰਘ ਬਾਸੀ, ਮੰਗਲ ਟਾਂਡਾ, ਮਨੋਹਰ ਲਾਲ ਸ਼ਰਮਾ, ਗੁਰਦੀਪ ਬਾਜਵਾ,ਬਲਵਿੰਦਰ ਸਿੰਘ ਭੁੱਟੋ, ਕੁਲਦੀਪ ਸਿੰਘ ਪੂਰੋਵਾਲ, ਗੁਰਪ੍ਰੀਤ ਅੰਮੀਵਾਲ਼, ਜੱਜਪਾਲ ਬਾਜੇਕੇ, ਹਰਿੰਦਰ ਬਰਨਾਲਾ, ਗੁਰਦਾਸ ਮਾਨਸਾ, ਸੁਭਾਸ਼ ਪਠਾਨਕੋਟ, ਸੁਖਚੈਨ ਕਪੂਰਥਲਾ, ਬੋਧ ਰਾਜ, ਪ੍ਰਭਜੀਤ ਸਿੰਘ ਰਸੂਲਪੁਰ, ਦੇਵੀ ਦਿਆਲ, ਸਤਵੰਤ ਸਿੰਘ, ਪੁਸ਼ਪਿੰਦਰ ਹਰਪਾਲਪੁਰ, ਜਸਵਿੰਦਰ ਸਮਾਣਾ, ਸੁੱਚਾ ਸਿੰਘ, ਪਰਮਜੀਤ ਸਿੰਘ ਸ਼ੋਰੇਵਾਲ, ਦਿਲਦਾਰ ਸਿੰਘ ਭੰਡਾਲ਼, ਮਨਜੀਤ ਬਰਾੜ, ਸਰਬਜੀਤ ਬਰਾੜ, ਰਵਿੰਦਰ ਸਿੰਘ ਪੱਪੀ, ਨਰਿੰਦਰ ਸਿੰਘ, ਦਿਲਬਾਗ ਸਿੰਘ ਆਦਿ ਹਾਜਰ ਸਨ।

# ਵਿਧਾਇਕ ਰਾਜਾ ਨੇ ਵਿਕਾਸ ਕਾਰਜਾਂ ਦੀ ਆਰੰਭਤਾ ਕਰਵਾਈ



**ਟਾਂਡਾ ਉੜਮੁੜ ( ਉਂਕਾਰ ਸਿੰਘ, ਜਸਵਿੰਦਰ ਸੰਧ)** ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾਈ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਵਾਰਡ ਨੰਬਰ 11 ਅਤੇ 12 ਵਿਖੇ 18. 94 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਗਲੀਆਂ ਦੇ ਨਿਰਮਾਣ ਕਾਰਜ ਦੀ ਆਰੰਭਤ ਕਰਨ ਸਮੇਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸਹਿਰੀ ਪ੍ਰਧਾਨ ਨੰਬਰਦਾਰ ਜਗਜੀਵਨ ਜੱਗੀ, ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਸੁਖਵਿੰਦਰ ਸਿੰਘ ਅਰੋੜਾ, ਸੋਨੂ ਖੰਨਾ, ਈ.ਓ ਰਾਮ ਪ੍ਰਕਾਸ , ਯੂਥ ਆਗੂ ਹਰਵਿੰਦਰ ਕਲੋਟੀ ਵੀ ਹਾਜਰ ਸਨ। ਰਾਜਾ ਨੇ ਕੰਮ ਪੂਰੀ ਜਿੰਮੇਵਾਰੀ ਨਾਲ ਕਰਨ ਤੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜਨ ਦੀਆਂ ਹਦਾਇਤਾਂ ਵੀ ਕੀਤੀਆਂ। ਉਨਾਂ ਵਾਰਡ ਵਾਸੀਆਂ ਦੀਆ ਵੱਖ-ਵੱਖ ਸਮੱਸਿਆਵਾਂ ਵੀ ਸੁਣੀਆਂ ਅਤੇ ਉਨ੍ਹਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਓਮ ਪ੍ਰਕਾਸ਼ ਭੱਟੀ, ਸੁਰਿੰਦਰ ਜਾਜਾ, ਗੋਲਡੀ ਵਰਮਾ, ਬਲਜੀਤ ਸੈਣੀ, ਪ੍ਰੇਮ ਪਡਵਾਲ ,ਵਿਕਾਸ ਮਦਾਨ, ਸ਼ਿੰਗਾਰਾ ਸਫਰੀ, ਸਤਵਿੰਦਰ ਸਿੰਘ, ਗੁਰਮੇਲ ਸਿੰਘ, ਮੌਸਮੀ ਸੈਣੀ, ਗੁਰਮੀਤ ਕੌਰ, ਅਰੁਣ ਕੁਮਾਰ, ਐਸ.ਓ ਗੁਰਵਿੰਦਰ ਸਿੰਘ, ਵਿੱਕੀ ਮਹਿੰਦਰੂ, ਸੁਮਿਤਪਾਲ, ਹਰਜਿੰਦਰ ਹੈਪੀ, ਓਮ ਪ੍ਰਕਾਸ਼, ਸਮੀਰ ਚੌਧਰੀ, ਪ੍ਰਵੀਨ ਮੀਨਾ ਕੁਮਾਰੀ, ਅਨਿਲ ਗੋਰਾ, ਕਮਲ ਧੀਰ, ਮੁਨੀਸ਼ ਕੁਮਾਰ ਆਦਿ ਵੀ ਮੌਜੂਦ ਸਨ।

# ਵੋਟਰ ਜਾਗਰੂਕਤਾ ਸਾਈਕਲ ਰੈਲੀ ਰਾਹੀਂ ਨੌਜਵਾਨਾਂ ਨੂੰ ਵੋਟਰ ਬਣਨ ਦਾ ਸੁਨੇਹਾ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**:- ਆਮ ਲੋਕਾਂ ਖਾਸ ਕਰ ਨੌਜਵਾਨਾਂ ਨੂੰ ਵੋਟਰ ਵਜੋਂ ਰਜਿਸਟ੍ਰੇਸ਼ਨ ਲਈ ਉਤਸ਼ਾਹਿਤ ਕਰਨ ਅਤੇ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਪ੍ਰਸ਼ਾਸਨ ਵੱਲੋਂ ਸ਼ੁੱਕਰਵਾਰ ਨੂੰ ਵੋਟਰ ਜਾਗਰੂਕਤਾ ਸਾਈਕਲ ਰੈਲੀ ਕੱਢੀ ਗਈ, ਜਿਸ ਨੂੰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਵਿਸ਼ੇਸ਼ ਸਾਰੰਗਲ ਵੱਲੋਂ ਸਥਾਨਕ ਸਾਈਂ ਦਾਸ ਏ. ਐਸ. ਸੀਨੀਅਰ ਸੈਕੰਡਰੀ ਸਕੂਲ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਸਾਈਕਲ ਰੈਲੀ ਨੂੰ ਰਵਾਨਾ ਕਰਨ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਯੋਗਤਾ ਮਿਤੀ 01.01.2024 ਦੇ ਆਧਾਰ 'ਤੇ ਵੋਟਰ ਸੂਚੀ ਦੀ ਵਿਸ਼ੇਸ਼ ਸਰਸਰੀ ਸੁਧਾਈ-2024 ਸਬੰਧੀ ਜਾਰੀ ਪ੍ਰੋਗਰਾਮ ਨੂੰ ਮੁੱਖ ਰੱਖਦਿਆਂ ਅਤੇ ਮੁੱਖ ਚੋਣ ਦਫਤਰ, ਪੰਜਾਬ ਦੀਆਂ ਹਦਾਇਤਾਂ ਅਨੁਸਾਰ ਇਹ ਸਾਈਕਲ ਰੈਲੀ ਕੱਢੀ ਗਈ ਹੈ, ਜਿਸ ਦਾ ਉਦੇਸ਼ ਵੋਟਰਾਂ ਨੂੰ ਵੋਟਰ ਸੂਚੀ ਵਿੱਚ ਆਪਣਾ ਨਾਂਅ ਸ਼ਾਮਲ ਕਰਵਾਉਣ ਦੇ ਨਾਲ-ਨਾਲ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨਾ ਹੈ। ਉਨ੍ਹਾਂ ਯੋਗ ਨੌਜਵਾਨਾਂ ਦੀ ਵੋਟਰ ਵਜੋਂ ਰਜਿਸਟ੍ਰੇਸ਼ਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ 18-19 ਸਾਲ ਦੇ ਹਰੇਕ ਨੌਜਵਾਨ ਨੂੰ ਆਪਣਾ ਨਾਮ ਵੋਟਰ ਸੂਚੀ ਵਿੱਚ ਦਰਜ ਕਰਵਾ ਕੇ ਆਪਣੇ ਵੋਟ ਦੇ ਅਧਿਕਾਰ ਦਾ ਜ਼ਰੂਰ ਇਸਤੇਮਾਲ ਕਰਨਾ ਚਾਹੀਦਾ ਹੈ। ਦੇਸ਼ ਦੇ ਨਿਰਮਾਣ ਲਈ ਇਕ-ਇਕ ਵੋਟ ਨੂੰ ਮਹੱਤਵਪੂਰਨ ਦੱਸਦਿਆਂ ਸਾਰੰਗਲ ਨੇ ਨੌਜਵਾਨਾਂ ਨੂੰ ਆਪਣੀ ਵੋਟ ਬਣਾਉਣ ਤੋਂ ਇਲਾਵਾ ਆਪਣੇ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਨੂੰ ਵੋਟ ਬਣਾਉਣ ਲਈ ਪ੍ਰੇਰਿਤ ਕਰਨ ਦਾ ਸੱਦਾ ਵੀ ਦਿੱਤਾ।

ਇਸ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਸਾਈਕਲ ਰੈਲੀ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ, ਐਨ.ਸੀ.ਸੀ. ਕੈਡਿਟਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸਾਈਕਲ ਰੈਲੀ ਵਿੱਚ ਵੱਖ-ਵੱਖ ਸਕੂਲਾਂ ਦੇ 350 ਤੋਂ ਵੱਧ ਵਿਦਿਆਰਥੀਆਂ ਤੋਂ ਇਲਾਵਾ ਐਨ.ਸੀ.ਸੀ. ਤੇ ਐਨ.ਐਸ.ਐਸ. ਵਲੰਟੀਅਰਾਂ, ਸਕਾਊਟਸ ਤੇ ਗਾਈਡਜ਼ ਨੇ ਵੀ ਭਾਗ ਲਿਆ। ਸਾਈਕਲ ਰੈਲੀ ਸਾਈਂ ਦਾਸ ਏ.ਐਸ. ਸੀਨੀਅਰ ਸੈਕੰਡਰੀ ਸਕੂਲ ਤੋਂ ਸ਼ੁਰੂ ਹੋ ਕੇ ਗੋਪਾਲ ਨਗਰ, ਵਰਕਸ਼ਾਪ ਚੌਕ, ਕਪੂਰਥਲਾ ਚੌਕ, ਪੁਰਾਣੀ ਸਬਜ਼ੀ ਮੰਡੀ ਚੌਕ, ਪਟੇਲ ਚੌਕ ਤੋਂ ਹੁੰਦੇ ਹੋਏ ਵਾਪਸ ਸਾਈਂ ਦਾਸ ਏ.ਐਸ. ਸੀਨੀਅਰ ਸੈਕੰਡਰੀ ਸਕੂਲ ਜਾ ਕੇ ਸਮਾਪਤ ਹੋਈ। ਇਸ ਮੌਕੇ ਐਸ.ਡੀ.ਐਮ. ਬਲਬੀਰ ਰਾਜ ਸਿੰਘ, ਸਹਾਇਕ ਕਮਿਸ਼ਨਰ ਗੁਰਸਿਮਰਨਜੀਤ ਕੌਰ, ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਪ੍ਰਿੰ. ਸੰਜੇ ਸ਼ਰਮਾ, ਪ੍ਰਿੰ. ਰਕੇਸ਼ ਕੁਮਾਰ, ਚੇਅਰਮੈਨ ਡੀ.ਏ.ਵੀ. ਮੈਨੇਜਮੈਂਟ ਅਜੇ ਗੋਸਵਾਮੀ, ਸਹਾਇਕ ਨੋਡਲ ਅਫਸਰ (ਸਵੀਪ) ਸੁਰਜੀਤ ਲਾਲ ਅਤੇ ਡਾ. ਅਸ਼ੋਕ ਸਹੋਤਾ ਵੀ ਮੌਜੂਦ ਸਨ।

# ਨਸ਼ੀਲੇ ਕੈਪਸੂਲਾਂ ਸਮੇਤ ਕਾਬੂ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਨੇ ਦੱਸਿਆ ਕਿਏ ਐਸ ਆਈ ਸਤਨਾਮ ਸਿੰਘ ਇੰਚਾਰਜ ਚੌਕੀ ਅਜਨੋਹਾ ਸਮੇਤ ਸਾਥੀ ਕਰਮਚਾਰੀਆਂ ਪਿੰਡ ਅਹਿਰਾਣਾ ਕਲਾਂ ਤੋਂ ਪਿੰਡ ਅਜੜਾਮ ਨੂੰ ਜਾ ਰਹੇ ਸੀ ਤਾਂ ਜਦੋਂ ਪੁਲਸ ਪਾਰਟੀ ਪਿੰਡ ਡਵਿਡਾ ਅਹਿਰਾਣਾ ਤੋਂ ਥੋੜਾ ਅੱਗੇ ਲੰਘ ਕੇ ਖੜੇ ਸੀ ਤਾਂ ਅਜੜਾਮ ਸਾਇਡ ਤੋਂ ਇਕ ਮੋਨਾ ਨੌਜਵਾਨ ਆ ਰਿਹਾ ਸੀ ਜੋ ਨੇ ਪੁਲਸ ਪਾਰਟੀ ਨੂੰ ਦੇਖ ਕੇ ਯਕਦਮ ਘਬਰਾ ਕੇ ਪਿੱਛੇ ਵੱਲ ਨੂੰ ਮੁੜਨ ਲੱਗਾ ਤਾਂ ਏ ਐਸ ਆਈ ਨੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕਰਕੇ ਨਾਂਅ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਕੁਲਵੀਰ ਸਿੰਘ ਉਰਫ ਕੁਲਵੀਰਾ ਪੁੱਤਰ ਭਜਨ ਸਿੰਘ ਵਾਸੀ ਪਿੰਡ ਭਟਰਾਣਾ ਥਾਣਾ ਮੇਹਟੀਆਣਾ ਦੱਸਿਆ। ਜਿਸ ਦੇ ਕੋਲੋਂ ਇਕ ਮੋਮੀ ਲਿਫਾਫੇ ਰੰਗ ਕਾਲੇ ਦਾ ਲਿਫਾਫਾ ਤਲਾਸ਼ੀ ਕਰਨ 'ਤੇ ਮਿਲਿਆ ਤੇ ਉਸ ਵਿੱਚੋਂ 360 ਨਸ਼ੀਲੇ ਕੈਪਸੂਲ ਬਰਾਮਦ ਹੋਏ ।

ਜਿਸ 'ਤੇ ਮੁੱਕਦਮਾ ਅਧ.22-61-85 ਐਨ.ਡੀ.ਪੀ.ਐਸ.ਐਕਟ ਥਾਣਾ ਮੇਹਟੀਆਣਾ ਦਰਜ ਕੀਤਾ ਗਿਆ।

# ਡੇਂਗੂ ਦੀ ਰੋਕਥਾਮ ਲਈ ਮੁਹਿੰਮ ਜਾਰੀ-ਡਾ: ਸੈਣੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**- ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਡੇਂਗੂ ਦੀ ਰੋਕਥਾਮ ਲਈ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਤਹਿਤ ਬਲਾਕ ਟਾਂਡਾ ਦੇ ਸਮੂਹ ਪਿੰਡਾਂ ਵਿੱਚ ਡੇਂਗੂ ਦੇ ਖਾਤਮੇ ਲਈ ਕੂਲਰ ਫਰਿੱਜ, ਗਮਲੇ, ਟਾਇਰ ਆਦਿ ਸਾਰੇ ਚੈੱਕ ਕਰਕੇ ਲਾਰਵੇ ਨੂੰ ਖਤਮ ਕੀਤਾ। ਇਸ ਮੁਹਿੰਮ ਤਹਿਤ ਬਲਾਕ ਦੇ ਸਾਰੇ ਪਿੰਡਾਂ ਵਿੱਚ ਕੰਮ ਕਰਦੇ ਸਿਹਤ ਵਰਕਰ, ਆਸ਼ਾ ਵਰਕਰ,ਮ.ਪ.ਹ.ਸੁ ਵੱਲੋਂ ਸਿਹਤ ਸਿੱਖਿਆ ਦਿੱਤੀ ਗਈ। ਕਿਸੇ ਜਗ੍ਹਾ 'ਤੇ ਪਾਣੀ ਖੜਾ ਨਾ ਹੋਵੇ ਤਾਂ ਜੋ ਲਾਰਵਾ ਹੀ ਨਾ ਬਣਨ ਦਿੱਤਾ ਜਾਵੇ ਪੂਰੇ ਕੱਪੜੇ ਪਹਿਨਣ ਲਈ ਕਿਹਾ ਗਿਆ । ਮੱਛਰ ਭਜਾਉਣ ਵਾਲੇ ਤੇਲ ,ਕਰੀਮ ,ਜੈਲ ਆਦਿ ਦਾ ਇਸਤੇਮਾਲ ਕਰਨ ਦੀ ਸਲਾਹ ਦਿੱਤੀ ਗਈ। ਬਲਾਕ ਪੱਧਰ ਤੇ ਐਸ.ਐਮ.ਓ ਡਾ: ਕਰਨ ਕੁਮਾਰ ਸੈਣੀ ਨੇ ਇਸ ਮੁਹਿੰਮ ਤਹਿਤ ਅਪੀਲ ਕੀਤੀ ਕਿ ਹਰੇਕ ਪਿੰਡ ਵਿੱਚ ਚੱਲ ਰਹੀ ਹਰ ਸ਼ੁੱਕਰਵਾਰ 'ਡੇਂਗੂ ਤੇ ਵਾਰ' ਤਹਿਤ ਸਿਹਤ ਕਰਮਚਾਰੀਆਂ ਦਾ ਸਹਿਯੋਗ ਦਿੱਤਾ ਜਾਵੇ। ਸਰਪੰਚ, ਪੰਚ, ਲੰਬਰਦਾਰ, ਪਿੰਡਾਂ ਵਿੱਚ ਬਣੀਆਂ ਕਲੱਬ, ਕਮੇਟੀਆਂ ਆਦਿ ਪੂਰਨ ਤੌਰ 'ਤੇ ਅੱਗੇ ਆਉਣ ਤਾਂ ਜੋ ਡੇਂਗੂ ਵਰਗੀ ਬਿਮਾਰੀ ਫੈਲਣ ਤੋਂ ਪਹਿਲਾਂ ਹੀ ਰੋਕਥਾਮ ਕੀਤੀ ਜਾਵੇ।

# ਮਾਤਾ ਰਾਜ ਕੌਰ ਨੂੰ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਟ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ )**-ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਸਤਿਕਾਰ ਯੋਗ ਮਾਤਾ ਰਾਜ ਕੌਰ ਦੇ ਅੰਤਿਮ ਅਰਦਾਸ ਮੌਕੇ ਦੇਸ਼ ਵਿਦੇਸ਼ ਦੀਆਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖਸ਼ੀਅਤਾਂ ਵਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਗੁਰਦੁਆਰਾ ਨਾਮ ਸਿਮਰਨ ਸਾਹਿਬ ਨਿਊ ਜਨਤਾ ਨਗਰ ਲੁਧਿਆਣਾ ਵਿਖੇ ਰੱਖੇ ਸਮਾਗਮ ਦੌਰਾਨ ਸਹਿਜ ਪਾਠ ਦੇ ਭੋਗ ਤੋਂ ਉਪਰੰਤ ਰਾਗੀ ਜਥੇ ਵਲੋਂ ਬੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਆਦਿ ਧਰਮ ਗੁਰੂ ਸੰਤ ਸਰਵਣ ਦਾਸ ਜੀ,ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ, ਸੰਤ ਧਰਮਪਾਲ ਸ਼ੇਰਗੜ, ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਬਹੁਜਨ ਸਮਾਜ ਪਾਰਟੀ ਨੇ ਮਾਤਾ ਰਾਜ ਕੌਰ ਨੂੰ ਸ਼ਰਧਾ ਸੁਮਨ ਭੇਟ ਕਰਦਿਆਂ ਕਿਹਾ ਕਿ ਬੀਤਿਆ ਸਮਾਂ ਆਦਿ ਧਰਮੀ ਸਮਾਜ ਲਈ ਬਹੁਤ ਮੁਸ਼ਕਲਾਂ ਭਰਿਆ ਸੀ। ਸਾਡੇ ਬਜ਼ੁਰਗਾਂ ਨੇ ਬਹੁਤ ਤੰਗੀਆਂ ਤੁਰਸ਼ੀਆਂ,ਆਰਥਿਕ ਤੰਗੀਆਂ ਵਿਚੋਂ ਗੁਜਰਕੇ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇ ਕੇ ਚੰਗੀਆਂ ਚੰਗੀਆਂ ਨੌਕਰੀਆਂ ਦੇ ਕਾਬਲ ਬਣਾਇਆ ਅਤੇ ਸਮਾਜ ਵਿਚ ਚੰਗਾ ਰੁਤਬਾ ਹਾਂਸਲ ਕਰਕੇ ਮਾਨ ਸਨਮਾਨ ਦਾ ਜੀਵਨ ਬਸਰ ਕਰਨ ਦੇ ਮੌਕੇ ਪੈਦਾ ਕਰਕੇ ਦਿੱਤੇ। ਉਨਾਂ ਕਿਹਾ ਬਜ਼ੁਰਗਾਂ ਦੀ ਨੇਕ ਕਮਾਈ ਅਤੇ ਉੱਚੀ ਸੋਚ ਕਰਕੇ ਹੀ ਸਮਾਜ ਦਾ ਵੱਡਾ ਹਿੱਸਾ ਪੜ੍ਹ ਲਿਖ ਕੇ ਉੱਚ ਪਦਵੀਆਂ 'ਤੇ ਬੈਠਾ ਹੈ। ਉਨਾਂ ਕਿਹਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਬਾਬੂ ਮੰਗੂ ਰਾਮ ਮੁਗੋਵਾਲੀਆ, ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਮਿਸ਼ਨ ਨੂੰ ਮੰਜਿਲ ਤੇ ਪਹੁੰਚਾਉਣ ਲਈ ਪੜ੍ਹੇ ਲਿਖੇ ਬੁੱਧੀਜੀਵੀ ਵਰਗ ਨੂੰ ਬਹੁਜਨ ਸਮਾਜ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨ ਲਈ ਹੰਭਲਾ ਮਾਰਨਾ ਚਾਹੀਦਾ ਹੈ। ਇਸ ਮੌਕੇ ਆਦਿ ਧਰਮ ਗੁਰੂ ਸੰਤ ਸਰਵਣ ਦਾਸ ਜੀ ਡੇਰਾ ਸੰਤ ਟਹਿਲ ਦਾਸ ਸਲੇਮਟਾਵਰੀ ਲੁਧਿਆਣਾ,ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ, ਸੰਤ ਧਰਮ ਪਾਲ ਧਾਮ ਚਾਨਣਪੁਰੀ ਹੁਸ਼ਿਆਰਪੁਰ ਤੋਂ ਇਲਾਵਾ ਸੰਤ ਮਨਜੀਤ ਦਾਸ ਡੇਰਾ ਗਿਆਨਪੁਰੀ ਵਿਛੋਹੀ,ਸੰਤ ਬਲਬੀਰ ਧਾਂਦਰਾ ਜਨਰਲ ਸਕੱਤਰ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ,ਸੰਤ ਜਗੀਰ ਸਿੰਘ ਸਰਬਤ ਦਾ ਭਲਾ ਆਸ਼ਰਮ ਮਕਸੂਦਾਂ, ਸੰਤ ਗਿਰਧਾਰੀ ਲਾਲ, ਸੰਤ ਬਲਬੀਰ ਮਹੇ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਯੂਨਿਟ ਲੁਧਿਆਣਾ,ਅਮਿਤ ਕੁਮਾਰ ਪਾਲ ਕੈਸ਼ੀਅਰ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.)ਭਾਰਤ,ਲੰਬੜਦਾਰ ਬੀਰਪਾਲ ਸੁਰੀਲਾ,ਸੰਤ ਧਰਮਾ ਸਿੰਘ ਚੀਮਾ ਸਾਹਿਬ, ਸੁਖਵੀਰ ਦੁਗਾਲ, ਨਿਰਪਿੰਦਰ ਸਿੰਘ,ਵਰਿੰਦਰ ਬੰਗਾ,ਸੰਤ ਉਮੇਸ਼ ਦਾਸ,ਬਲਰਾਜ ਬਾਵਾ,ਰਾਮਪਾਲ ਬਜਵਾੜਾ ਨੇ ਵਿਛੜੀ ਰੂਹ ਮਾਤਾ ਰਾਜ ਕੌਰ ਨੂੰ ਸ਼ਰਧਾ ਸੁਮਨ ਭੇਟ ਕੀਤੇ। ਮਾਤਾ ਰਾਜ ਕੌਰ ਦੇ ਸਪੁੱਤਰ ਬਲਦੇਵ ਰਾਜ ਮੈਨੇਜਰ,ਸੰਤ ਸਤਵਿੰਦਰ ਹੀਰਾ ਵਲੋਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸਖ਼ਸ਼ੀਅਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਸ਼੍ਰੋਮਣੀ ਕਮੇਟੀ ਦੇ ਫਾਰਮ ਭਰਵਾਉਣ ਬਾਰੇ ਮਤਾ ਪਾਸ



**ਮੋਹਾਲੀ (ਗੁਰਜੀਤ ਬਿੱਲਾ)** ਗੁਰਦੁਆਰਾ ਤਾਲਮੇਲ ਕਮੇਟੀ ਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਅਤੇ ਸਿੱਖ ਪਤਵੰਤੇ ਸੱਜਣਾਂ ਦੀ ਮੀਟਿੰਗ ਗੁਰਦੁਆਰਾ ਕਲਗੀਧਰ ਸਿੰਘ ਸਭਾ ਫੇਜ਼ 4 ਵਿਖੇ ਜੋਗਿੰਦਰ ਸਿੰਘ ਸੌਂਧੀ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਸ਼੍ਰੋਮਣੀ ਕਮੇਟੀ ਦੇ ਫਾਰਮ ਭਰਵਾਉਣ ਬਾਰੇ ਮਤਾ ਪਾਸ ਕੀਤਾ ਗਿਆ। ਇਸ ਮੀਟਿੰਗ ਵਿੱਚ ਬੀਬੀ ਪਰਮਜੀਤ ਕੌਰ ਲਾਂਡਰਾ ਵਿਸ਼ੇਸ਼ ਤੌਰ ਹਾਜ਼ਰ ਹੋਏ। ਉਨ੍ਹਾਂ ਤੋਂ ਇਲਾਵਾ ਮਨਜੀਤ ਸਿੰਘ ਮਾਨ, ਕਰਮ ਸਿੰਘ ਬਬਰਾ, ਪਰਮਜੀਤ ਸਿੰਘ ਪਾਹਵਾ, ਪ੍ਰੀਤਮ ਸਿੰਘ, ਸੁਰਜੀਤ ਸਿੰਘ ਮਠਾੜੂ, ਪਰਮਜੀਤ ਸਿੰਘ, ਮਹਿੰਦਰ ਸਿੰਘ, ਸੁਖਵਿੰਦਰ ਸਿੰਘ, ਗੁਰਵਿੰਦਰ ਸਿੰਘ, ਹਰਿੰਦਰ ਸਿੰਘ, ਮਨਜੀਤ ਸਿੰਘ, ਪਰਮਜੀਤ ਸਿੰਘ, ਬਲਵਿੰਦਰ ਸਿੰਘ, ਇੰਦਰਜੀਤ ਸਿੰਘ, ਹਰਜਿੰਦਰ ਸਿੰਘ, ਨਿਰਮਲ ਸਿੰਘ, ਦਿਆਲ ਸਿੰਘ, ਤਰਲੋਚਨ ਸਿੰਘ ਤੋਂ ਇਲਾਵਾ ਅਮਰਜੀਤ ਸਿੰਘ ਵੀ ਹਾਜਰ ਸਨ। ਉਪਰੋਕਤ ਸਾਰੇ ਮੈਂਬਰਾਂ ਵਲੋਂ ਮਤਾ ਪਾਸ ਕੀਤਾ ਗਿਆ ਅਤੇ ਦੱਸਿਆ ਗਿਆ।

# ਮਾਂ ਮਾਤੇਸ਼ਵਰੀ ਮੰਦਰ ਢੋਲਵਾਹਾ ਜਨੋੜੀ ਵਿਖੇ 5 ਨੂੰ ਹੋਵੇਗੀ ਗਊ ਕਥਾ : ਰਵੀ ਗਾਂਧੀ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )**- ਮਾਂ ਮਾਤੇਸ਼ਵਰੀ ਚਿੰਤਪੁਰਨੀ ਮੰਦਰ ਢੋਲਵਾਹਾ ਜਨੋੜੀ ਵਿਖੇ 5 ਨਵੰਬਰ ਨੂੰ ਕਰਵਾਈ ਜਾ ਰਹੀ ਗਊ ਕਥਾ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਧਰਮ ਜਾਗਰਨ ਮੰਚ ਦੇ ਜ਼ਿਲ੍ਹਾ ਸਹਿ ਸੰਯੋਜਕ ਰਵੀ ਗਾਂਧੀ ਦੀ ਅਗਵਾਈ ਵਿੱਚ ਟਾਂਡਾ ਵਿਖੇ ਮੀਟਿੰਗ ਕੀਤੀ ਗਈ ਜਿਸ ਵਿੱਚ ਜ਼ਿਲ੍ਹਾ ਗਊ ਸੰਯੋਜਕ ਰਮੇਸ਼ਵਰ ਪ੍ਰਸਾਦ, ਕਮਲ ਕੰਧਾਲਾ ਜੱਟਾਂ, ਸਰਬਜੀਤ ਸਾਬੀ, ਮਨਦੀਪ ਟਾਂਡਾ, ਵਿਨੋਦ ਹਰਦੋਖਾਨਪੁਰ, ਚੇਤਨ ਭੂੰਗਾ, ਅਦਿਤਿਆ ਸ਼ਰਮਾ ਅਤੇ ਹੋਰ ਹਾਜ਼ਰ ਸਨ।

ਰਵੀ ਗਾਂਧੀ ਨੇ ਕਿਹਾ ਕਿ ਭਾਰਤ ਦੇ ਬਹੁਤ ਸਾਰੇ ਧਰਮਾਂ ਵਿੱਚ ਗਊ ਨੂੰ ਮਾਤਾ ਦਾ ਰੂਪ ਦਿੱਤਾ ਗਿਆ ਹੈ ਅਤੇ ਬੜੀ ਸ਼ਰਧਾ ਭਾਵਨਾ ਨਾਲ ਇਸਦੀ ਪੂਜਾ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਗਾਂਧੀ ਪਰਵਾਰ ਵੱਲੋਂ ਮਾਂ ਮਾਤੇਸਵਰੀ ਮੰਦਿਰ ਦੇ ਨਜ਼ਦੀਕ ਜਲਦ ਇੱਕ ਗਊਸ਼ਾਲਾ ਖੋਲੀ ਜਾ ਰਹੀ ਹੈ ਜਿਸ ਵਿੱਚ ਲਾਵਾਰਿਸ ਗਊਆਂ ਨੂੰ ਲਿਆ ਕੇ ਰੱਖਿਆ ਜਾਵੇਗਾ ਅਤੇ ਉਨ੍ਹਾਂ ਦੀ ਹਰ ਤਰ੍ਹਾਂ ਦੀ ਦੇਖਭਾਲ ਕਰਨ ਦੇ ਹਰ ਸੰਭਵ ਯਤਨ ਕੀਤੇ ਜਾਣਗੇ ਤਾਂ ਜੋ ਗਊ ਮਾਤਾ ਦੇ ਹੋ ਰਹੇ ਅਨਾਦਰ ਨੂੰ ਹਰ ਤਰ੍ਹਾਂ ਨਾਲ ਰੋਕਿਆ ਜਾ ਸਕੇ। ਉਨ੍ਹਾਂ ਹਰ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਕਈ ਲੋਕ ਦੁੱਧ ਤੋਂ ਵਾਂਝੀਆਂ ਹੋ ਰਹੀਆਂ ਗਊਆਂ ਨੂੰ ਅਵਾਰਾ ਛੱਡ ਦਿੰਦੇ ਹਨ, ਉਹਨਾਂ ਗਊਆਂ ਨੂੰ ਆਪਣੇ ਨਜ਼ਦੀਕੀ ਪੈਂਦੇ ਗਊਸ਼ਾਲਾ ਤੱਕ ਪਹੁੰਚਾਉਣ ਦਾ ਹਰ ਸੰਭਵ ਯਤਨ ਕਰਨ।

# ਪ੍ਰੈਸ਼ਰ ਹਾਰਨ ਤੇ ਸਾਈਲੈਂਸਰ ਬਦਲ ਕੇ ਆਵਾਜ਼ ਪ੍ਰਦੂਸ਼ਣ ਕਰਨ ਵਾਲਿਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ: ਮਨੋਚਾ/ ਅਰੋੜਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਅਰੋੜਾ ਮਹਾਂਸਭਾ ਦੀ ਵਿਸ਼ੇਸ਼ ਬੈਠਕ ਪ੍ਰਧਾਨ ਰਵੀ ਮਨੋਚਾ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਪ੍ਰੈਸ਼ਰ ਹਾਰਨ ਅਤੇ ਸਾਈਲੈਂਸਰ ਬਦਲ ਕੇ ਆਵਾਜ਼ ਪ੍ਰਦੂਸ਼ਿਤ ਕਰਨ ਵਾਲਿਆਂ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ 'ਤੇ ਪ੍ਰਧਾਨ ਰਵੀ ਮਨੋਚਾ ਨੇ ਕਿਹਾ ਕਿ ਮਾਨਸਿਕ ਰੋਗੀ ਹੋਣ ਦਾ ਸਬੂਤ ਦਿੰਦੇ ਹੋਏ ਜਿਹੜੇ ਲੋਕ ਵਾਹਨਾਂ 'ਤੇ ਪ੍ਰੈਸ਼ਰ ਹਾਰਨ ਲਗਾਉਂਦੇ ਹਨ ਜਾਂ ਮੋਟਰਸਾਈਕਲ ਦਾ ਸਾਈਲੈਂਸਰ ਬਦਲ ਕੇ ਆਵਾਜ਼ ਪ੍ਰਦੂਸ਼ਿਤ ਕਰਦੇ ਹਨ, ਉਨਾਂ ਨਾਲ ਟ੍ਰੈਫਿਕ ਪੁਲਸ ਨੂੰ ਸਖਤੀ ਨਾਲ ਪੇਸ਼ ਆਉਣਾ ਚਾਹੀਦਾ ਹੈ ਕਿਉਂਕਿ ਇਸ ਤਰ੍ਹਾਂ ਦੇ ਮਾਨਸਿਕ ਰੋਗੀਆਂ ਦਾ ਇਲਾਜ ਕਰਨਾ ਬਹੁਤ ਜ਼ਰੂਰੀ ਹੈ। ਇਹ ਲੋਕ ਸੜਕ 'ਤੇ ਚੱਲਣ ਵਾਲੇ ਰਾਹਗੀਰਾਂ ਦੇ ਲਈ ਕਿਸੀ ਸਿਰ ਦਰਦ ਤੋਂ ਘੱਟ ਨਹੀਂ ਹਨ ਅਤੇ ਇਸ ਦੇ ਕਾਰਨ ਰੋਜ਼ਾਨਾ ਕਈ ਲੋਕ ਦੁਰਘਟਨਾਵਾਂ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਇਸ ਲਈ ਇਨ੍ਹਾਂ 'ਤੇ ਸਖਤ ਕਾਰਵਾਈ ਕਰਨ ਲਈ ਪੁਲਿਸ ਨੂੰ ਵੱਡੇ ਪੱਧਰ ਤੇ ਮੁਹਿੰਮ ਚਲਾਉਣੀ ਚਾਹੀਦੀ ਹੈ। ਮਨੋਚਾ ਨੇ ਕਿਹਾ ਕਿ ਇਹ ਗੱਲ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਅਵਾਜ਼ ਪ੍ਰਦੂਸ਼ਿਤ ਕਰਨ ਨਾਲ ਕਈ ਤਰ੍ਹਾਂ ਦੇ ਰੋਗ ਹੋ ਸਕਦੇ ਹਨ ਅਤੇ ਇਸ ਨਾਲ ਬਿਮਾਰ ਵਿਅਕਤੀਆਂ ਨੂੰ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਬਾਵਜੂਦ ਪੜ੍ਹੇ ਲਿਖੇ ਲੋਕ ਵਾਹਨਾਂ ਤੇ ਪ੍ਰੈਸ਼ਰ ਹਾਰਨ ਲਗਵਾ ਕੇ ਬਜ਼ਾਰਾਂ ਵਿੱਚ ਲਗਾਉਂਦੇ ਹੋਏ ਦਿਖ ਜਾਂਦੇ ਹਨ। ਇਸ ਤਰ੍ਹਾਂ ਕਰਕੇ ਉਹ ਆਪਣੀ ਘਟੀਆ ਮਾਨਸਿਕਤਾ ਦਾ ਸਬੂਤ ਦਿੰਦੇ ਹਨ। ਐਨਾ ਹੀ ਨਹੀਂ ਸਾਈਲੈਂਸਰ ਬਦਲਾਉਣ ਵਾਲੇ ਉਨ੍ਹਾਂ ਤੋਂ ਵੀ ਉਪਰ ਹਨ ਜਿਹੜੇ ਐਨੀ ਅਵਾਜ਼ ਕਰਦੇ ਹਨ ਕਿ ਪੂਰਾ ਬਜ਼ਾਰ ਅਤੇ ਸਾਰੇ ਲੋਕ ਬੁਰੀ ਤਰੀਕੇ ਨਾਲ ਪਰੇਸ਼ਾਨ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਲੋਕਾਂ ਨੂੰ ਬਿਲਕੁਲ ਵੀ ਬਖਸ਼ਿਆ ਨਹੀਂ ਜਾਵੇਗਾ ਜਿਹੜੇ ਦੂਜਿਆਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਦੇ ਹਨ। ਇਸ ਮੌਕੇ ਤੇ ਉਦਯੋਗਪਤੀ ਦਵਿੰਦਰ ਅਰੋੜਾ, ਹਰੀ ਓਮ ਮਨੋਚਾ ਆਦਿ ਮੌਜੂਦ ਸਨ।

# ਇਪਟਾ ਦੇ ਸੱਭਿਆਚਾਰਕ ਜਥੇ ਦਾ ਦੇਸ਼ ਭਰ 'ਚ 126 ਦਿਨ ਦਾ ਪੈਦਲ ਮਾਰਚ

**ਮੁਹਾਲੀ (ਗੁਰਜੀਤ ਬਿੱਲਾ)** 'ਢਾਈ ਅੱਖਰ ਪ੍ਰੇਮ' ਦੇਸ਼ ਦੇ ਦੱਬੇ-ਕੁੱਚਲੇ, ਪੀੜਤ ਅਤੇ ਸ਼ੋਸ਼ਿਤ ਵਰਗ ਦੇ ਦੁੱਖਾਂ-ਦਰਦਾਂ ਅਤੇ ਜਜ਼ਬਾਤਾਂ ਦਾ ਆਪਣੀ ਕਲਾ ਜ਼ਰੀਏ ਜ਼ਿਕਰ ਤੇ ਫਿਕਰ ਕਰਨ ਵਾਲੇ ਰੰਗਕਰਮੀਆਂ, ਕਲਾਕਾਰਾਂ, ਕਲਮਕਾਰਾਂ, ਗਾਇਕਾਂ, ਗੀਤਕਾਰਾਂ, ਸੰਗੀਤਕਾਰਾਂ ਅਤੇ ਚਿੱਤਰਕਾਰਾਂ ਦਾ ਸੱਭਿਆਚਾਰਕ ਜਥਾ ਹੈ। ਜੋ 27 ਸਤੰਬਰ 2023 ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਮੌਕੇ ਰਾਜਸਥਾਨ ਤੋਂ ਸ਼ੁਰੂ ਹੋ ਕੇ 30 ਜਨਵਰੀ 2024 ਮਹਾਤਮਾ ਗਾਂਧੀ ਦੇ ਬਲੀਦਾਨ ਦਿਵਸ ਨੂੰ ਦਿੱਲੀ ਵਿਖੇ ਸਮਾਪਤ ਹੋਵੇਗੀ। 126 ਦਿਨਾਂ ਦੀ 'ਢਾਈ ਅੱਖਰ ਪ੍ਰੇਮ' ਅਧੀਨ ਦੇਸ਼ ਭਰ ਦੇ 22 ਸੂਬਿਆ ਵਿਚ ਹੋਣ ਵਾਲੀ ਪੈਦਲ ਮਾਰਚ ਸਭਿਆਚਾਰਕ ਜਥਾ ਦੇਸ਼ ਵਿਚ ਪਿਆਰ, ਭਾਈਚਾਰਾ, ਸਮਾਨਤਾ, ਇਨਸਾਫ ਅਤੇ ਮਨੁੱਖਤਾ ਦਾ ਸੰਦੇਸ਼ ਲੈਕੇ ਜਾਣ ਤੋਂ ਇਲਾਵਾ ਘਰੇਲੂ ਉਦਯੋਗ ਨੂੰ ਪ੍ਰਫੁਲਤ ਕਰਨ ਦੇ ਮਕਸਦ ਨਾਲ ਖਾਦੀ ਦਾ 'ਗਮਛਾ' ਲੋਕਾਂ ਨੂੰ ਵੰਡਣ ਦਾ ਕਾਰਜ ਵੀ ਕਰੇਗਾ। ਇਸ ਲੋਕ-ਹਿਤੈਸ਼ੀ ਕਾਰਜ ਦੇ ਅਯੋਜਨ ਦਾ ਸੱਦਾ ਡਾਲਟਨਗੰਜ, ਝਾਰਖੰਡ ਵਿਖੇ ਹੋਈ 15ਵੀਂ ਨੈਸ਼ਨਲ ਕਾਨਫਰੰਸ ਦੌਰਾਨ ਇਪਟਾ ਵੱਲੋਂ ਦਿੱਤਾ ਗਿਆ। ਸਾਡੇ ਮੁਲਕ ਵਿਚ ਭਾਂਤ-ਭਾਂਤ ਦੇ ਨਿਰੋਏ ਸੱਭਿਆਚਾਰ ਅਤੇ ਅਮੀਰ ਪ੍ਰੰਪਰਾਵਾਂ ਦਾ ਜਸ਼ਨ ਮਨਾਉਣ ਲਈ ਦੇਸ਼ ਅਤੇ ਸੂਬਿਆਂ ਦੀਆਂ ਹਮਖ਼ਿਆਲੀ ਅਤੇ ਇਕ ਸੋਚ ਵਾਲੀਆਂ ਰੰਗਮੰਚੀ, ਸੱਭਿਆਚਾਰਕ, ਸਾਹਿਤਕ ਅਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਕੀਤੀ ਪੈਦਲ ਯਾਤਰਾ ਦੇਸ਼ ਦੀ ਅਵਾਮ ਨੂੰ ਨਾਟਕਾਂ, ਨੁਕੜ-ਨਾਟਕਾਂ, ਲੋਕ ਮਸਲਿਆਂ ਦੀ ਬਾਤ ਪਾਉਂਦੀ ਗਾਇਕੀ ਅਤੇ ਲੋਕ ਕਲਾਵਾਂ ਰਾਹੀਂ ਦੇਸ ਵਿਚ ਅਫ਼ਰਾ-ਤਫ਼ਰੀ ਅਤੇ ਬੇਚੈਨੀ ਪੈਦਾ ਕਰਨ ਵਾਲੇ ਮਾਹੌਲ ਤੋਂ ਅਤੇ ਭਾਰਤ ਵਾਸੀਆ ਦੇ ਮਨਾ ਵਿਚ ਪੈਦਾ ਹੋ ਰਹੇ ਅਵਿਸ਼ਵਾਸ, ਬੇਚੈਨੀ ਅਤੇ ਭੈਅ ਮਾਹੌਲ ਤੋਂ ਸੁਚੇਤ ਕਰਵਾਉਣਾ ਅਤੇ ਇਸ ਨਾਜ਼ੁਕ ਸਥਿਤੀ ਤੋਂ ਨਜ਼ਾਤ ਦਵਾਉਣਾ ਇਪਟਾ ਦਾ ਮਕਸਦ ਅਤੇ ਉਦੇਸ਼ ਹੈ। ਇਪਟਾ ਪੰਜਾਬ ਦੇ ਸਭਿਆਚਾਰਕ ਜਥੇ ਦਾ ਛੇ ਰੋਜ਼ਾ ਪੈਦਲ ਮਾਰਚ 27 ਅਕਤੂਬਰ 2023, ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਸਥਾਨ ਖਟਕੜ ਕਲਾ ਤੋਂ ਚੱਲਕੇ ਗੁਰੂ ਨਾਨਕ ਦੇਵ ਨਾਲ ਸਬੰਧਤ ਕਸਬੇ ਸੁਲਤਾਨਪੁਰ ਲੋਧੀ ਅਤੇ ਕਪੂਰਥਲਾ ਤੋਂ ਹੁੰਦਾ ਹੋਇਆ 1 ਨਵੰਬਰ 2023 ਨੂੰ ਗ਼ਦਰੀ ਯੋਧਿਆਂ ਦੀ ਯਾਦ ਵਿੱਚ ਬਣਾਏ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਸਮਾਪਤ ਹੋਵੇਗਾ। ਇਨ੍ਹਾਂ ਛੇ ਦਿਨਾ ਦੌਰਾਨ ਇਪਟਾ ਦੇ ਰਾਸ਼ਟਰੀ ਅਤੇ ਸੂਬਈ ਆਗੂਆਂ ਤੋਂ ਇਲਾਵਾ ਰਾਸ਼ਟਰੀ ਪੱਧਰ ਦੀਆਂ ਰੰਗਮੰਚੀ ਅਤੇ ਸਾਹਿਤਕ ਸ਼ਖ਼ਸੀਅਤਾਂ ਦੀ ਸ਼ਮੂਲੀਅਤ ਤੋਂ ਇਲਾਵਾ ਰਾਏਪੁਰ ਛੱਤੀਸਗੜ੍ਹ ਦਾ ਨਾਚਾ ਗਰੁੱਪ ਅਤੇ ਇਪਟਾ, ਪੰਜਾਬ ਦੇ ਰੰਗਕਰਮੀਆਂ, ਕਲਾਕਾਰ ਅਤੇ ਗਾਇਕ ਲੋਕ-ਹਿਤੈਸ਼ੀ ਸਭਿਆਚਾਰਕ ਅਤੇ ਰੰਗਮੰਚੀ ਵੰਨਗੀਆਂ ਦਾ ਪ੍ਰਦਰਸ਼ਨ ਕਰਨਗੇ। ਲੋਕ ਹਿਤੈਸ਼ੀ, ਸਾਫ-ਸੁਥਰੇ ਅਤੇ ਨਿਰੋਏ ਸਭਿਆਚਾਰ ਦੇ ਵਿਕਾਸ, ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਇਪਟਾ ਜੋ 80 ਸਾਲ ਪਹਿਲਾਂ 25 ਮਈ 1943 ਨੂੰ ਹੋਂਦ ਵਿਚ ਆਈ। ਇਸ ਦੇ ਪਹਿਲੇ ਪ੍ਰਧਾਨ ਐਚ. ਐਮ. ਜੋਸ਼ੀ ਸਨ। ਇਪਟਾ ਨੇ ਆਪਣੀ ਸਥਾਪਨਾਂ ਮੌਕੇ ਹੀ ਐਲਾਨ ਕਰ ਦਿੱਤਾ ਸੀ ਕਿ ਕਲਾ ਸਿਰਫ਼ ਕਲਾ ਨਹੀਂ ਬਲਕਿ ਲੋਕਾਂ ਲਈ ਹੈ। ਭਾਵੇਂ ਬੰਗਾਲ ਦਾ ਹਿਰਦਾ ਹਿਲਾਊ ਅਕਾਲ ਹੋਵੇ, ਅਜ਼ਾਦੀ ਦੀ ਲੜਾਈ, ਕਿਸਾਨ-ਮਜ਼ਦੂਰ ਸੰਘਰਸ਼ ਜਾਂ ਸਮਾਜ ਨੂੰ ਕੁਰਾਹੇ ਪਾਉਂਦੀ ਗਾਇਕੀ ਹੋਵੇ। ਇਪਟਾ ਨੇ ਹਮੇਸ਼ਾਂ ਹੀ ਆਪਣੀ ਜ਼ੁੰਮੇਵਾਰੀ ਇਮਾਨਦਾਰੀ ਅਤੇ ਗੰਭੀਰਤਾ ਨਾਲ ਨਿਭਾਈ। ਹਿੰਦੀ ਫਿਲਮੀਆਂ ਦੇ ਸਿਰਮੌਰ ਹਸਤਾਖਰ ਪ੍ਰਿਥਵੀ ਰਾਜ ਕਪੂਰ, ਬਲਰਾਜ ਸਾਹਨੀ, ਨਰਗਿਸ ਦੱਤ, ਸ਼ਬਾਨਾ ਆਜ਼ਮੀ, ਏ.ਕੇ. ਹੰਗਲ, ਉਤਪਲਦੱਤ, ਦੁਰਗਾ ਖੋਟੇ, ਕੈਫ਼ੀ ਆਜ਼ਮੀ, ਸੰਜੀਵ ਕੁਮਾਰ, ਹੇਮੰਤ ਕੁਮਾਰ, ਮਨਾ ਡੇ, ਸਾਹਿਰ ਲੁਧਿਆਣਵੀ, ਮੁਲਕ ਰਾਜ ਆਨੰਦ, ਭੀਸ਼ਮ ਸਾਹਨੀ ਆਦਿ ਅਣਗਿਤ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪ੍ਰਸਿੱਧੀ ਦੇ ਫਨਕਾਰ ਇਪਟਾ ਨਾਲ ਜੁੜੇ। ਇਪਟਾ ਦਾ ਮੁੱਢ ਪੰਜਾਬ ਵਿਚ 73 ਸਾਲ ਪਹਿਲਾਂ 1950 ਤੇਰਾ ਸਿੰਘ ਚੰਨ ਨੇ ਸੁਰਿੰਦਰ ਕੌਰ (ਲੋਕ-ਗਾਇਕਾ),ਜਗਦੀਸ਼ ਫਰਿਆਦੀ, ਨਿਰੰਜਣ ਸਿੰਘ ਮਾਨ, ਹਰਨਾਮ ਸਿੰਘ ਨਰੂਲਾ, ਜੋਗਿੰਦਰ ਬਾਹਰਲਾ, ਸ਼ੀਲਾ ਦੀਦੀ, ਹੁਕਮ ਚੰਦ ਖਲੀਲੀ, ਓਰਮਿਲਾ ਆਨੰਦ, ਅਮਰਜੀਤ ਗੁਰਦਾਸ ਪੁਰੀ,ਪ੍ਰੀਤ ਮਾਨ, ਗੁਰਚਰਨ ਬੋਪਾਰਾਏ, ਸਵਰਣ ਸੰਧੂ, ਡਾ. ਪ੍ਰਿਥੀਪਾਲ ਸਿੰਘ ਮੈਣੀ, ਦਲਬੀਰ ਕੌਰ, ਕੇ.ਐਸ. ਸੂਰੀ, ਡਾ. ਇਕਬਾਲ ਕੌਰ, ਓਮਾ ਗੁਰਬਖ਼ਸ਼ ਸਿੰਘ, ਨਰਿੰਦਰ ਕੌਰ, ਓਰਮਿਲਾ ਆਨੰਦ, ਡਾ.ਹਰਸ਼ਰਨ ਸਿੰਘ ਅਤੇ ਉਨ੍ਹਾਂ ਦੀ ਭੈਣ ਸੁਰਜੀਤ ਹੋਰਾਂ ਦੇ ਸਰਗਰਮ ਸਹਿਯੋਗ ਨਾਲ ਬੰਨਿਆਂ। ਇਸ ਸਭਿਆਚਾਰਕ ਟੋਲੀ ਨੇ ਨਾਟਕਾਂ, ਨਾਟ-ਗੀਤਾਂ ਅਤੇ ਓਪਰਿਆਂ ਦੇ ਥਾਂ ਥਾਂ ਮੰਚਣਾਂ ਰਾਹੀਂ ਪੰਜਾਬ ਦੇ ਸਭਿਆਚਾਰ ਵਿਚ ਇਕ ਸਿਫਤੀ ਅਤੇ ਇਨਕਲਾਬੀ ਤਬਦੀਲੀ ਲਿਆਂਦੀ। ਜਿੱਥੇ ਵੀ ਇਹ ਟੋਲੀ ਜਾਂਦੀ ਲੋਕਾਂ ਦਾ ਹਜੂਮ ਉਮੜ ਜਾਂਦਾ। ਇਹ ਯਾਤਰਾ ਕਬੀਰ ਦੇ ਦੋਹੇ "ਢਾਈ ਅੱਖਰ ਪ੍ਰੇਮ ਕੇ, ਪੜ੍ਹੇ ਸੋ ਪੰਡਿਤ ਹੋਇ" ਤੋਂ ਪ੍ਰੇਰਿਤ ਹੈ। ਪ੍ਰੇਮ ਇੱਕ ਬਹੁਤ ਛੋਟਾ ਸ਼ਬਦ ਹੈ ਪਰ ਜਦੋਂ ਤੱਕ ਤੁਸੀਂ ਇਸ ਸ਼ਬਦ ਨੂੰ ਸਮਝਦੇ ਨਹੀਂ, ਮਹਿਸੂਸ ਨਹੀਂ ਕਰਦੇ ਹਰ ਸਿਆਣਪ ਅਤੇ ਸਮਝਦਾਰੀ ਅਰਥਹੀਣ ਅਤੇ ਫਜ਼ੂਲ ਹੈ। ਧਰਮ ਮਨੁੱਖ ਨੂੰ ਜੋੜਦਾ ਹੈ ਸਾਡੇ ਸੂਫ਼ੀਆਂ ਸੰਤਾਂ ਨੇ ਵੀ ਆਪਸੀ ਪ੍ਰੇਮ ਅਤੇ ਭਾਈਚਾਰੇ ਦਾ ਹੋਕਾ ਦਿੱਤਾ ਹੈ। ਪਰ ਅਸੀਂ ਉਨ੍ਹਾਂ ਮਹਾਂਪੁਰਖਾਂ ਅਤੇ ਗੁਣੀ-ਗਿਆਨੀਆਂ ਦੀਆਂ ਸਿਖਿਆਵਾਂ ਤੋਂ ਮੂੰਹ ਫੇਰ ਲਿਆ। ਉਨ੍ਹਾਂ ਵੱਲੋਂ ਸੁਝਾਏ ਰਸਤੇ 'ਤੇ ਚੱਲਣ ਤੋਂ ਇਨਕਾਰੀ ਹੋ ਗਏ। ਅਸੀਂ ਆਪੋ-ਧਾਪੀ ਦੀ ਦੌੜ ਵਿਚ ਸ਼ਾਮਿਲ ਹੋ ਗਏ ਹਾਂ। ਸਾਡਾ ਖ਼ੂਨ ਪਾਣੀ ਹੋ ਗਿਆ ਹੈ। ਅਸੀਂ ਇਕ ਦੂਜੇ ਦੇ ਦੁਸ਼ਮਣ ਹੋ ਗਏ। ਇਪਟਾ ਵੱਲੋਂ ਆਰੰਭੀ 'ਢਾਈ ਅੱਖਰ ਪ੍ਰੇਮ' ਸਭਿਆਚਾਰਕ ਪੈਦਲ ਯਾਤਰਾ ਦਾ ਸੰਦੇਸ਼ ਅਤੇ ਉਦੇਸ਼ ਹਰ ਭਾਰਤੀ ਦੇ ਦਿਲ ਵਿੱਚ ਪਿਆਰ, ਭਾਈਚਾਰੇ, ਮੇਲ-ਮਿਲਾਪ, ਦਸਭਾਵਨਾ ਅਤੇ ਏਕਤਾ ਨੂੰ ਮੁੜ ਸੁਰਜੀਤ ਕਰਨਾ ਹੈ। ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ। ਸਭ ਕੁੱਝ ਤਬਾਹ ਅਤੇ ਬਰਬਾਦ ਹੋ ਜਾਵੇ। ਆਓ ਇਸ ਕਾਫਲੇ ਦਾ ਹਿੱਸਾ ਬਣੀਏ। ਇਪਟਾ ਦੇ ਕਾਰਕੁਨ ਅਤੇ ਕਲਾਕਾਰ ਤਮਾਮ ਦੇਸ਼ ਵਾਸੀ ਨੂੰ ਇਸ ਸਭਿਆਚਾਰਕ ਪੈਦਲ ਯਾਤਰਾ ਦਾ ਹਿੱਸਾ ਬਣਨ ਦੀ ਗੁਜ਼ਾਰਿਸ਼ ਕਰਦੇ ਹਨ।

# ਮਿਸ਼ਨ ਸਮਰੱਥ ਤਹਿਤ ਡੀ ਈ ਓ ਤੇ ਡਿਪਟੀ ਡੀ ਈ ਓ ਵੱਲੋਂ ਪ੍ਰਾਇਮਰੀ ਸਕੂਲਾਂ ਦਾ ਦੌਰਾ

**ਮੋਹਾਲੀ, (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਅਤੇ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚਲਾਏ ਜਾ ਰਹੇ ਸਿੱਖਿਆ ਦੇ ਪ੍ਰੋਜੈਕਟ ਮਿਸ਼ਨ ਸਮਰਥ ਦੇ ਤਹਿਤ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਅਸ਼ਵਨੀ ਕੁਮਾਰ ਦੱਤਾ ਅਤੇ ਉੱਪ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਰਮਿੰਦਰ ਕੌਰ ਵੱਲੋਂ ਬਲਾਕ ਖਰੜ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਦਾ ਦੌਰਾ ਕੀਤਾ ਗਿਆ। ਜਾਣਕਾਰੀ ਦਿੰਦਿਆਂ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨੇ ਦੱਸਿਆ ਕਿ ਜਿਲ੍ਹਾ ਮੋਹਾਲੀ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਸ਼ਨ ਸਮੱਰਥ ਪ੍ਰੋਗਰਾਮ 21 ਅਕਤੂਬਰ ਤੋਂ 24 ਦਸੰਬਰ ਤੱਕ ਚਲਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ 'ਚ ਜਮਾਤ ਤੀਜੀ, ਚੌਥੀ ਅਤੇ ਪੰਜਵੀਂ ਦੇ ਪੜ੍ਹਾਈ ਤੋਂ ਪਿਛੜੇ ਬੱਚਿਆਂ ਨੂੰ ਪੰਜਾਬੀ ਗਣਿਤ ਅਤੇ ਅੰਗਰੇਜੀ 'ਚ ਮੁੱਢਲੇ ਸੰਕਲਪਾਂ 'ਚ ਪਰਿਪੱਕ ਹੋਣ ਲਈ ਚੱਲ ਰਿਹਾ ਹੈ। ਇਸੇ ਨੂੰ ਦੇਖਣ ਲਈ ਉਹਨਾਂ ਵੱਲੋਂ ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲ ਬਠਲਾਣਾ ਅਤੇ ਪ੍ਰਾਇਮਰੀ ਸਕੂਲ ਨਗਾਰੀ ਵਿਖੇ ਵਿਜ਼ਟ ਕੀਤਾ ਗਿਆ ਅਤੇ ਬੱਚਿਆਂ ਦੀ ਪੜ੍ਹਾਈ ਦਾ ਪੱਧਰ ਜਾਂਚਿਆ ਅਤੇ ਦੇਖਿਆ ਗਿਆ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਪ੍ਰੋਜੈਕਟ ਦੀਆਂ ਹਦਾਇਤਾਂ ਅਨੁਸਾਰ ਪੜ੍ਹਾਈ ਕਰਵਾਈ ਜਾ ਰਹੀ। ਉਹਨਾਂ ਦੱਸਿਆ ਕਿ ਉੱਪ ਜਿਲ੍ਹਾ ਸਿੱਖਿਆ ਅਫਸਰ ਪਰਮਿੰਦਰ ਕੌਰ ਵੱਲੋਂ ਵੀ ਸਰਕਾਰੀ ਪ੍ਰਾਇਮਰੀ ਸਕੂਲ ਫੇਜ 9 ਅਤੇ 10 ਮੋਹਾਲੀ ਦਾ ਦੌਰਾ ਕੀਤਾ ਗਿਆ ਅਤੇ ਬੱਚਿਆਂ ਦੀ ਪੜ੍ਹਾਈ ਦਾ ਪੱਧਰ ਜਾਂਚਿਆ ਗਿਆ।

# ਭਗਤ ਜਵਾਲਾ ਦਾਸ ਵੱਲੋਂ ਉਸਾਰੀ ਪੁਰਾਤਨ ਖੂਹੀ ਦੇ ਸੁੰਦਰੀਕਰਨ ਸੰਬੰਧੀ ਮੀਟਿੰਗ




**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਭਗਤ ਜਵਾਲਾ ਦਾਸ ਵੈਲਫੇਅਰ ਕਮੇਟੀ ਪਿੰਡ ਲੱਖਪੁਰ ਦੀ ਇਕ ਮੀਟਿੰਗ ਕਮੇਟੀ ਚੇਅਰਮੈਨ ਅਤੇ ਰਿਟਾ. ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪਿਛਲੇ ਪਾਸੇ 108 ਬ੍ਰਹਮ ਗਿਆਨੀ ਭਗਤ ਜਵਾਲਾ ਦਾਸ ਵੱਲੋਂ ਉਸਾਰੀ ਗਈ ਪੁਰਾਤਨ ਖੂਹੀ ਦੇ ਸੁੰਦਰੀਕਰਣ ਬਾਰੇ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਸੰਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਦੀ ਹਾਜਰੀ 'ਚ ਪਿੰਡ ਦੇ ਬਜ਼ੁਰਗ ਸੇਵਾ ਸਿੰਘ ਲੱਖਪੁਰ ਨੇ ਦੱਸਿਆ ਕਿ ਭਗਤ ਜਵਾਲਾ ਦਾਸ ਨੇ ਆਪਣੇ ਜੀਵਨ ਕਾਲ ਵਿਚ ਜਿੱਥੇ ਕਈ ਬੋਹੜ ਲਗਾ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਾਤਾਵਰਣ ਸੁਰੱਖਿਆ ਦਾ ਸੁਨੇਹਾ ਦਿੱਤਾ ਅਤੇ ਵਿਦਿਆ ਦੇ ਮਹੱਤਵ ਨੂੰ ਦੇਖਦੇ ਹੋਏ ਸਕੂਲਾਂ ਦੀ ਉਸਾਰੀ ਕਰਵਾਈ ਉੱਥੇ ਹੀ ਪਸ਼ੂ, ਪੰਛੀਆਂ ਅਤੇ ਰਾਹਗੀਰਾਂ ਦੀ ਸਹੂਲਤ ਲਈ ਡੂੰਘੀ ਖੂਹੀ ਦੀ ਉਸਾਰੀ ਵੀ ਕਰਵਾਈ ਸੀ। ਉਹਨਾਂ ਦੱਸਿਆ ਕਿ ਇਹ ਖੂਹੀ ਪਿੰਡ ਦੇ ਇਤਿਹਾਸ ਨਾਲ ਜੁੜੀ ਹੋਈ ਹੈ, ਪਰ ਦੇਖਭਾਲ ਨਾ ਹੋਣ ਕਰਕੇ ਇਸ ਦੀ ਹਾਲਤ ਬਹੁਤ ਤਰਸਯੋਗ ਹੈ ਜਿਸਦਾ ਸੁੰਦਰੀਕਰਨ ਕੀਤਾ ਜਾਵੇ ਤਾਂ ਆਉਣ ਵਾਲੀਆਂ ਨਸਲਾਂ ਲਈ ਇਕ ਯਾਦਗਾਰ ਬਣ ਸਕਦੀ ਹੈ।

ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਨੇ ਦੱਸਿਆ ਕਿ ਲੱਖਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਪ੍ਰਾਇਮਰੀ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲ ਸੰਗਤਪੁਰ ਤੋਂ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਬੇਗਮਪੁਰ ਦੇ ਨਵੀਕਰਨ ਤੋਂ ਬਾਅਦ ਹੁਣ ਇਲਾਕਾ ਨਿਵਾਸੀਆਂ ਅਤੇ ਐਨ.ਆਰ.ਆਈ. ਵੀਰਾਂ ਦੇ ਸਹਿਯੋਗ ਨਾਲ ਆਖਰੀ ਪ੍ਰੋਜੈਕਟ ਦੇ ਤਹਿਤ ਭਗਤ ਜਵਾਲਾ ਦਾਸ ਜੀ ਨਾਲ ਸਬੰਧਤ ਖੂਹੀ ਦੇ ਸੁੰਦਰੀਕਰਨ ਦਾ ਟੀਚਾ ਮਿੱਥਿਆ ਗਿਆ ਹੈ। ਉਹਨਾਂ ਦੱਸਿਆ ਕਿ ਇਸ ਖੂਹੀ ਨੂੰ ਮਿਸਰ ਦੇ ਪਿਰਾਮਿਡਾਂ ਦੀ ਤਰ੍ਹਾਂ ਡਿਜ਼ਾਈਨ ਕੀਤਾ ਜਾਵੇਗਾ ਜੋ ਕਿ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗੀ।

ਖੂਹੀ ਦੇ ਆਲੇ ਦੁਆਲੇ ਇੰਟਰਲਾਕ ਟਾਇਲਾਂ ਦਾ ਫਰਸ਼ ਲਗਾਇਆ ਜਾਵੇਗਾ। ਇਸ ਤੋਂ ਇਲਾਵਾ ਮੋਰਾਂ ਦੇ ਬੁੱਤ ਅਤੇ ਪਾਣੀ ਪੀਂਦੇ ਹੋਏ ਵਿਦਿਆਰਥੀ ਦਾ ਬੁੱਤ ਵੀ ਖਿੱਚ ਦਾ ਕੇਂਦਰ ਬਣੇਗਾ। ਖੂਹੀ ਦੀ ਉਸਾਰੀ ਨਾਨਕਸ਼ਾਹੀ ਇੱਟਾਂ ਦੇ ਨਾਲ ਕੀਤੀ ਜਾਵੇਗੀ। ਉਹਨਾਂ ਸਮੂਹ ਇਲਾਕਾ ਨਿਵਾਸੀਆਂ ਅਤੇ ਪ੍ਰਵਾਸੀ ਭਾਰਤੀਆਂ ਨੂੰ ਇਸ ਪ੍ਰੋਜੈਕਟ ਵਿਚ ਵੱਧ ਤੋਂ ਵੱਧ ਆਰਥਕ ਸਹਿਯੋਗ ਕਰਨ ਦੀ ਪੁਰਜੋਰ ਅਪੀਲ ਵੀ ਕੀਤੀ। ਇਸ ਮੌਕੇ ਸਕੂਲ ਇੰਚਾਰਜ ਮਾਸਟਰ ਸਰਬਜੀਤ ਕੁਮਾਰ, ਗੁਰਪ੍ਰੀਤ ਕੌਰ, ਜਸਵਿੰਦਰ ਕੌਰ, ਅਕਬਰ ਖਾਨ, ਕੁਲਵਿੰਦਰ ਕੌਰ, ਪਰਵੀਨ ਕੌਰ, ਬਲਜੀਤ ਕੌਰ, ਕੁਲਵੰਤ ਸਿੰਘ ਨੰਬਰਦਾਰ, ਸਰਬਜੀਤ ਸਿੰਘ ਢੱਡਵਾਲ, ਬੀਬੀ ਗੁਰਮੀਤ ਕੌਰ ਆਦਿ ਹਾਜਰ ਸਨ।

# ਮੋਬਾਇਲ ਤੇ ਸਿਲੰਡਰ ਚੋਰ ਕਾਬੂ



**ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ )** ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਨੇ ਦੱਸਿਆ ਕਿ ਏ ਐਸ ਆਈ ਸੰਜੀਵ ਕੁਮਾਰ ਥਾਣਾ ਮੇਹਟੀਆਣਾ ਸਮੇਤ ਸਾਥੀ ਕਰਮਚਾਰੀਆਂ ਪਿੰਡ ਫਦਮਾਂ ਮੋੜ ਡਵਿਡਾ ਅਹਿਰਾਣਾ ਮੌਜੂਦ ਸੀ ਤਾਂ ਰੌਣਕੀ ਰਾਮ ਪੁੱਤਰ ਕਰਮ ਚੰਦ ਵਾਸੀ ਹੁਕੜਾਂ ਥਾਣਾ ਮੇਹਟੀਆਣਾ ਨੇ ਏ ਐਸ ਆਈ ਸੰਜੀਵ ਕੁਮਾਰ ਨੂੰ ਆਪਣਾ ਬਿਆਨ ਲਿਖਾਇਆ ਕਿ ਉਹ ਪਿੰਡ ਵਿਚ ਕਰਿਆਨਾ ਦੀ ਦੁਕਾਨ ਅਤੇ ਪਿੰਡ ਵਿਚ ਪੋਸਟ ਆਫਿਸ ਦੀ ਵੀ ਨੌਕਰੀ ਕਰਦਾ ਹੈ ।

ਡਾਕਖਾਨੇ ਦੇ ਨਾਲ ਇਕ ਮੋਟਰਸਾਇਕਲ ਰੁਕਿਆ ਤੇ ਪਿਛੇ ਬੈਠਾ ਨੌਜਵਾਨ ਉਤਰ ਕੇ ਉਸ ਦੀ ਦੁਕਾਨ ਵਿਚ ਆ ਗਿਆ ਤੇ ਬਿਸਕੁਟਾਂ ਦੀ ਮੰਗ ਕਰਨ ਲੱਗਾ। ਉਹ ਬਿਸਕੁਟ ਲੈਣ ਲਈ ਪਿਛੇ ਰੈਕ ਵੱਲ ਗਿਆ ਤਾਂ ਮੋਟਰ ਸਾਇਕਲ ਸਵਾਰ ਨੌਜਵਾਨ ਪੋਸਟ ਆਫਿਸ ਵਿਚੋਂ ਖਾਲੀ ਗੈਸ ਸਿਲੰਡਰ ਇੰਡੀਅਨ ਕੰਪਨੀ ਚੋਰੀ ਕਰਕੇ ਪੋਸਟ ਆਫਿਸ ਵਿਚੋਂ ਬਾਹਰ ਲਿਆ ਰਿਹਾ ਸੀ । ਜਦੋਂ ਉਸ ਨੇ ਰੌਲਾ ਪਾਇਆ ਤਾਂ ਉਹ ਗੈਸ ਸਿਲੰਡਰ ਛੱਡ ਕੇ ਭੱਜ ਗਿਆ, ਜਿਸਦਾ ਮੋਟਰ ਸਾਇਕਲ ਦਾ ਨੰਬਰ -07- 1941 ਪੜਿਆ ਗਿਆ ਸੀ। ਦੂਸਰਾ ਨੌਜਵਾਨ ਆਂਢ-ਗੁਆਂਢ ਇਕੱਠੇ ਹੋਣ 'ਤੇ ਮੌਕੇ 'ਤੇ ਫੜ ਲਿਆ ਜਿਸ ਨੇ ਆਪਣਾ ਨਾਂਅ ਪ੍ਰਦੀਪ ਕੁਮਾਰ ਉਰਫ ਪਿੱਚੂ ਪੁੱਤਰ ਲੇਟ ਅਸ਼ੋਕ ਕੁਮਾਰ ਵਾਸੀ ਆਦਮਵਾਲ ਥਾਣਾ ਸਦਰ ਹੁਸ਼ਿਆਰਪੁਰ ਦੱਸਿਆ ਤੇ ਮੋਟਰਸਾਇਕਲ ਸਵਾਰ ਦਾ ਨਾਂਅ ਸੁਖਾ ਵਾਸੀ ਬੰਜਰਬਾਗ ਹੁਸ਼ਿਆਰਪੁਰ ਦੱਸਿਆ ਉਸ ਨੇ ਪੋਸਟ ਆਫਿਸ ਵਿਚ ਚੈਕ ਕੀਤਾ ਤਾਂ ਮੇਜ ਉਪਰ ਰੱਖਿਆ ਉਸ ਦਾ ਮੋਬਾਇਲ ਆਈ ਫੋਨ-6 ਐਸ ਜਿਸ ਵਿਚ ਸਿੰਮ ਨੰਬਰ 81959-67044 ਸੀ ਵੀ ਚੋਰੀ ਹੋ ਗਿਆ ਸੀ । ਉਕਤ ਦੋਸ਼ੀਆਂ 'ਤੇ ਮੁੱਕਦਮਾ ਦਰਜ ਕਰ ਲਿਆ ਗਿਆ ਹੈ। ਪ੍ਰਦੀਪ ਕੁਮਾਰ ਉਰਫ ਪਿੱਚੂ ਅਤੇ ਸੁਖਵਿੰਦਰ ਸਿੰਘ ਉਰਫ ਸੱਖਾ ਪਾਸੋਂ ਪੁੱਛ-ਗਿੱਛ ਜਾਰੀ ਹੈ।

# ਮੂੰਹ ਢਕ ਕੇ ਡਰਾਈਵਿੰਗ ਕਰਨ 'ਤੇ ਲਗਾਈ ਪਾਬੰਦੀ

**ਨਵਾਂਸ਼ਹਿਰ, ( ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਆਮ ਨਾਗਰਿਕਾਂ ਨੂੰ ਦੋ-ਪਹੀਆਂ ਵਾਹਨ ਚਲਾਉਂਦੇ ਹੋਏ ਮੂੰਹ ਢੱਕ ਕੇ/ਮੂੰਹ ਬੰਨ ਕੇ ਡਰਾਈਵਿੰਗ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਪਾਬੰਦੀ ਉਨ੍ਹਾਂ ਵਿਅਕਤੀਆਂ 'ਤੇ ਲਾਗੂ ਨਹੀਂ ਹੋਵੇਗੀ, ਜਿਨ੍ਹਾਂ ਨੇ ਕਿਸੇ ਬਿਮਾਰੀ ਜਾਂ ਅਲੱਰਜੀ ਦੀ ਵਜਾਹ ਕਾਰਨ ਮੈਡੀਕਲ ਸੁਪਰਵਿਜਨ ਦੇ ਹੇਠਾਂ ਮਾਸਕ ਜਾਂ ਕੋਈ ਹੋਰ ਚੀਜ ਪਹਿਨੀ ਹੋਵੇ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿੱਚ ਦੱਸਿਆ ਹੈ ਕਿ ਬਜਾਰਾਂ ਵਿੱਚ ਆਮ ਤੌਰ ਤੇ ਮੂੰਹ ਢੱਕ ਕੇ ਵਹੀਕਲ ਚਾਲਕਾਂ ਵੱਲੋਂ ਲੁਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾਂਦਾ ਹੈ, ਮੂੰਹ ਢੱਕਣ ਨਾਲ ਅਪਰਾਧ ਕਰਨ ਵਾਲਿਆਂ ਦੀ ਪਹਿਚਾਣ ਕਰਨ ਵਿੱਚ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਜ਼ਿਲ੍ਹੇ ਅੰਦਰ ਮੂੰਹ ਢੱਕ ਕੇ ਅਪਰਾਧਕ ਵਾਰਦਾਤਾਂ ਨੂੰ ਰੋਕਣ ਲਈ ਉਕਤ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ 25 ਦਸੰਬਰ, 2023 ਤੱਕ ਲਾਗੂ ਰਹੇਗਾ।



# ਦੀਵਾਲੀ ਤੋਂ ਪਹਿਲਾਂ ਮੁੱਖ ਮੰਤਰੀ ਮਨੋਹਰ ਲਾਲ ਦਾ ਵੱਡਾ ਤੋਹਫਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਦੀਵਾਲੀ ਤੋਂ ਪਹਿਲਾਂ ਵੱਡਾ ਤੋਹਫਾ ਦਿੰਦੇ ਹੋਏ ਨਗਰ ਨਿਗਮ, ਨਗਰ ਪ੍ਰੀਸ਼ਦ ਤੇ ਸਮਿਤੀਆਂ ਦੇ ਮੇਅਰ ਅਤੇ ਚੇਅਰਮੈਨ ਸਮੇਤ ਮੈਂਬਰਾਂ ਦੇ ਮਾਣਭੱਤੇ 'ਚ ਵਾਧੇ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਵਧਿਆ ਹੋਇਆ ਮਾਣਭੱਤਾ 1 ਅਕਤੂਬਰ 2023 ਤੋਂ ਦਿੱਤਾ ਜਾਵੇਗਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਹਿੰਦੀ ਅੰਦੋਲਨ ਸਤਿਅਗ੍ਰਹਿਆਂ ਤੇ ਐਮਰਜੈਂਸੀ ਪੀੜਤਾਂ ਦੀ ਪੈਨਸ਼ਨ 10 ਹਜ਼ਾਰ ਰੁਪਏ ਤੋਂ ਵਧਾ ਕੇ 15 ਹਜ਼ਾਰ ਰੁਪਏ ਕਰਨ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਸਰਕਾਰੀ ਕਰਮਚਾਰੀਆਂ ਨੂੰ ਵੀ ਦੀਵਾਲੀ ਤੋਹਫਾ ਦਿੰਦੇ ਹੋਏ ਡੀ ਏ 'ਚ 4 ਫੀਸਦੀ ਵਾਧੇ ਦਾ ਐਲਾਨ ਕੀਤਾ ਹੈ। ਸੂਬਾ ਸਰਕਾਰ ਦੇ 9 ਸਾਲ ਪੂਰੇ ਹੋਣ ਦੇ ਮੌਕੇ ਮੁੱਖ ਮੰਤਰੀ ਮਨੋਹਰ ਲਾਲ ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ ਸਕੂਲ ਸਿਖਿਆ ਮੰਤਰੀ ਕੰਵਰਪਾਲ ਵੀ ਮੌਜੂਦ ਰਹੇ। ਮਨੋਹਰ ਲਾਲ ਨੇ ਕਿਹਾ ਕਿ ਨਗਰ ਨਿਗਮਾਂ ਦੇ ਮੇਅਰ, ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ, ਕਾਊਂਸਲਰਸ, ਨਗਰ ਪ੍ਰੀਸ਼ਦ ਦੇ ਚੇਅਰਮੈਨਾਂ ਸਮੇਤ ਮੈਂਬਰਾਂ ਦੇ ਨਾਲ ਵੱਖ-ਵੱਖ ਵਿਸ਼ਿਆਂ ਨੂੰ ਲੈ ਕੇ ਮੀਟਿੰਗ ਹੋਈ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਮੇਅਰ ਨੂੰ 20,500 ਰੁਪਏ ਮਹੀਨਾ ਮਾਣਭੱਤਾ ਮਿਲਦਾ ਸੀ, ਜਿਸ ਨੂੰ ਹੁਣ ਵਧਾ ਕੇ 30000 ਰੁਪਏ ਕੀਤਾ ਗਿਆ ਹੈ। ਇਸੀ ਤਰ੍ਹਾ ਸੀਨੀਅਰ ਡਿਪਟੀ ਮੇਅਰ ਨੂੰ ਮਾਣਭੱਤਾ 16500 ਰੁਪਏ ਤੋਂ ਵਧਾ ਕੇ 25000 ਰੁਪਏ , ਡਿਪਟੀ ਮੇਅਰ ਦਾ ਮਾਣਭੱਤਾ 13000 ਰੁਪਏ ਤੋਂ ਵਧਾ ਕੇ 20000 ਰੁਪਏ ਅਤੇ ਪਾਰਸ਼ਦਾਂ ਦਾ ਮਾਣਭੱਤਾ 10500 ਰੁਪਏ ਤੋਂ ਵਧਾ ਕੇ 15000 ਰੁਪਏ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਨਗਰ ਪ੍ਰੀਸ਼ਦ ਦੇ ਚੇਅਰਮੈਨ ਦਾ ਮਾਣਭੱਤਾ 10500 ਰੁਪਏ ਤੋਂ ਵਧਾ ਕੇ 18000 ਰੁਪਏ , ਵਾਇਸ ਚੇਅਰਮੈਨ ਦਾ ਮਾਣਭੱਤਾ 7500 ਰੁਪਏ ਤੋਂ ਵਧਾ ਕੇ 12000 ਰੁਪਏ, ਪਾਰਸ਼ਦਾਂ ਦਾ ਮਾਣਭੱਤਾ 7500 ਰੁਪਏ ਤੋਂ ਵਧਾ 12000 ਰੁਪਏ ਕੀਤਾ ਗਿਆ ਹੈ। ਨਗਰ ਸਮਿਤੀਆਂ ਦੇ ਚੇਅਰਮੈਨ ਦਾ ਮਾਣਭੱਤਾ 6500 ਰੁਪਏ ਤੋਂ ਵਧਾ ਕੇ 10000 ਰੁਪਏ , ਵਾਇਸ ਚੈਅਰਮੈਨ ਦਾ ਮਾਣਭੱਤਾ 4500 ਰੁਪਏ ਤੋਂ ਵਧਾ 8000 ਰੁਪਏ ਅਤੇ ਪਾਰਸ਼ਦਾਂ ਦਾ ਮਾਣਭੱਤਾ ਵੀ 4500 ਰੁਪਏ ਤੋਂ ਵਧਾ ਕੇ 8000 ਰੁਪਏ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਜਿਲ੍ਹਾ ਪ੍ਰੀਸ਼ਦ ਦੇ ਚੇਅਰਮੈਨਾਂ ਦਾ ਮ੍ਹਾਣਭੱਤਾ 10000 ਰੁਪਏ ਤੋਂ ਵਧਾ ਕੇ 20000 ਰੁਪਏ , ਵਾਇਸ ਚੇਅਰਮੈਨ ਦਾ ਮਾਣਭੱਤਾ 7500 ਰੁਪਏ ਤੋਂ ਵਧਾ ਕੇ 15000 ਰੁਪਏ ਅਤੇ ਮੈਂਬਰਾਂ ਦਾ ਮਾਣਭੱਤਾ 3000 ਰੁਪਏ ਤੋਂ ਵਧਾ ਕੇ6000 ਰੁਪਏ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਚਾਇਤ ਸਮਿਤੀ ਦੇ ਚੇਅਰਮੈਨਾਂ ਦਾ ਮਾਣਭੱਤਾ 7500 ਰੁਪਏ ਤੋਂ ਵਧਾ ਕੇ 15000 ਰੁਪਏ ਵਾਇਸ ਚੇਅਰਮੈਨ ਦਾ ਮਾਣਭੱਤਾ 3500 ਰੁਪਏ ਤੋਂ ਵਧਾ 7000 ਰੁਪਏ ਅਤੇ ਮੈਂਬਰਾਂ ਦਾ ਮਾਣਭੱਤਾ 1600 ਰੁਪਏ ਤੋਂ ਵਧਾ ਕੇ 3000 ਰੁਪਏ ਕੀਤਾ ਗਿਆ ਹੈ। ਮਨੋਹਰ ਲਾਲ ਨੇ ਕਿਹਾ ਕਿ ਮੌਜੂਦਾ ਰਾਜ ਸਰਕਾਰ ਵੱਲੋਂ ਹਿੰਦੀ ਅੰਦੋਲਨ-1957 ਦੇ ਮਾਤਰਭਾਸ਼ਾ ਸਤਿਆਗ੍ਰਹਿਆਂ ਤੇ ਐਮਰਜੈਂਸੀ ਪੀੜਤਾਂ ਤੇ ਵਿਧਵਾਵਾਂ ਨੂੰ 10 ਹਜਾਰ ਰੁਪਏ ਦੀ ਮਹੀਨਾ ਪੈਂਸ਼ਨ ਦੀ ਸਹੂਲਤ ਦਿੱਤੀ ਜਾ ਰਹੀ ਹੈ। ਇਸ ਪੈਨਸ਼ਨ ਰਕਮ ਨੂੰ ਵਧਾ ਕੇ ਵੀ 15 ਹਜ਼ਾਰ ਰੁਪਏ ਕੀਤਾ ਜਾਂਦਾ ਹੈ।

# ਮਜ਼ਦੂਰ ਮੋਰਚੇ ਦੀ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਨਾਲ ਹੋਈ ਮੀਟਿੰਗ 'ਚ ਮੰਗਾਂ ਨੂੰ ਲਾਗੂ ਕਰਨ ਸੰਬੰਧੀ ਹੋਏ ਫੈਸਲੇ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਬਣੇ ਸਾਂਝੇ ਮੋਰਚੇ ਦੇ ਸੂਬਾਈ ਆਗੂਆਂ ਨਾਲ ਵਿਕਾਸ ਭਵਨ ਮੋਹਾਲੀ ਵਿਖੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਸੰਜੀਵ ਕੁਮਾਰ ਗਰਗ ਸਮੇਤ ਜ਼ਿਲ੍ਹੇ ਤੇ ਬਲਾਕ ਪੱਧਰ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਜਿਸ ਵਿਚ ਸਰਕਾਰ ਵੱਲੋਂ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿਚ ਬਣਾਈ ਸਬ ਕਮੇਟੀ ਨਾਲ ਪਿਛਲੇ ਦਿਨੀਂ ਹੋਈ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਦੇ ਫੈਸਲੇ ਕੀਤੇ ਗਏ। ਮੀਟਿੰਗ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਸਕੱਤਰ ਗੁਰਨਾਮ ਦਾਊਦ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਮੁਕੇਸ਼ ਮਲੌਦ ਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਪ੍ਰਗਟ ਸਿੰਘ ਕਾਲਾ ਝਾੜ ਸਾਮਲ ਹੋਏ। ਮੀਟਿੰਗ ਵਿੱਚ ਹੋਏ ਫੈਸਲਿਆਂ ਦੀ ਜਾਣਕਾਰੀ ਪ੍ਰੈਸ ਦੇ ਨਾਂ ਰੀਲੀਜ ਕਰਦਿਆਂ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਨੇ ਦੱਸਿਆ ਕਿ ਮੀਟਿੰਗ ਦੌਰਾਨ ਡਾਇਰੈਕਟਰ ਵੱਲੋਂ ਪ੍ਰਵਾਨ ਕੀਤਾ ਗਿਆ ਕਿ, ਕੱਟੇ ਹੋਏ ਪਲਾਟਾਂ ਦੇ ਕਬਜੇ ਦੇਣ ਦਾ ਅਮਲ ਤੁਰੰਤ ਸ਼ੁਰੂ ਕੀਤਾ ਜਾਵੇਗਾ ਅਤੇ ਪੰਚਾਇਤਾਂ ਵੱਲੋਂ ਗ੍ਰਾਮ ਸਭਾਵਾਂ ਵਿਚ ਪਾਏ ਮਤਿਆਂ ਦੀ ਜਾਂਚ ਪੜਤਾਲ ਕਰਕੇ ਲੋੜਵੰਦ ਪਰਵਾਰਾਂ ਦੀਆਂ ਲਿਸਟਾਂ ਤਿਆਰ ਲਈ ਇੱਕ ਹਫਤੇ ਤੱਕ ਲਿਖਤੀ ਸਰਕੂਲਰ ਜ਼ਿਲ੍ਹਾ ਅਧਿਕਾਰੀਆਂ ਨੂੰ ਜਾਰੀ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਪੰਚਾਇਤੀ ਜਮੀਨਾਂ ਦੀਆਂ ਹੋਈਆਂ ਡੰਮੀ ਬੋਲੀਆਂ ਦੇ ਰਹਿੰਦੇ ਮਸਲਿਆਂ ਅਤੇ ਮਜਦੂਰਾਂ'ਤੇ ਪਏ ਕੇਸਾਂ ਦੇ ਨਿਪਟਾਰਾ ਕਰਨ ਅਤੇ ਜਮੀਨਾਂ ਦੀਆਂ ਮਿਣਤੀਆਂ ਕਰਵਾਉਣ ਲਈ ਪਟਿਆਲਾ ਡਵੀਜਨ ਦੇ ਡਿਪਟੀ ਡਾਇਰੈਕਟਰ ਸ੍ਰੀ ਵਿਨੋਦ ਫਾਗਟ ਨਾਲ ਮਜਦੂਰ ਜੱਥੇਬੰਦੀਆਂ ਮੀਟਿੰਗ ਦੌਰਾਨ ਮਸਲੇ ਹੱਲ ਕਰਨਗੀਆਂ। ਇਸ ਤੋਂ ਇਲਾਵਾ ਜ਼ਿਲ੍ਹਾ ਬਠਿੰਡਾ ਦੇ ਪਿੰਡ ਦਿਉਣ ਦੇ ਮਜਦੂਰਾਂ ਨੂੰ ਪਲਾਟ ਦੇਣ ਲਈ ਪੰਚਾਇਤ ਵੱਲੋਂ ਪਾਏ ਮਤੇ ਨੂੰ ਲਾਗੂ ਕਰਨ ਲਈ ਜਿਲਾ ਬਠਿੰਡਾ ਦੇ ਏ ਡੀ ਸੀ ਵਿਕਾਸ ਨੂੰ ਲਿਖਤੀ ਪੱਤਰ ਕੱਢਿਆ ਜਾਵੇਗਾ। ਇਸਦੇ ਨਾਲ ਹੀ ਜਲੰਧਰ ਜ਼ਿਲ੍ਹੇ ਦੇ ਪਿੰਡ ਉਧੋਵਾਲ ਦੇ ਮਜਦੂਰਾਂ ਦੇ ਘਰਾਂ ਦੇ ਨਿਕਾਸੀ ਪਾਣੀ ਦਾ ਪ੍ਰਬੰਧ ਕਰਨ ਲਈ ਬਲਾਕ ਮਹਿਤਪੁਰ ਦੇ ਬੀ ਡੀ ਪੀ ਓ ਨੂੰ ਹਿਦਾਇਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਮਜਦੂਰ ਆਗੂਆਂ ਵੱਲੋਂ ਮਜਦੂਰਾਂ ਨੂੰ ਮਕਾਨ ਬਣਾਉਣ ਤੇ ਰੀਪੇਅਰ ਕਰਨ ਲਈ ਗ੍ਰਾਂਟਾਂ ਦੇਣ ਦੀ ਕੀਤੀ ਮੰਗ 'ਤੇ ਅਧਿਕਾਰੀਆਂ ਨੇ ਅਸਮਰੱਥਾ ਜਾਹਰ ਕਰਦਿਆਂ ਕਿਹਾ ਕਿ ਇਸ ਸੰਬੰਧੀ ਸਰਕਾਰ ਹੀ ਫੈਸਲਾ ਕਰ ਸਕਦੀ ਹੈ। ਮੀਟਿੰਗ ਮਗਰੋਂ ਫੈਸਲਾ ਕੀਤਾ ਗਿਆ ਕਿ ਮਜਦੂਰਾਂ ਦੀਆਂ ਰਹਿੰਦੀਆਂ ਮੰਗਾਂ ਲਈ ਮੋਰਚੇ ਵੱਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ 19 ਤੋਂ 20 ਨਵੰਬਰ ਤੱਕ ਕਰਮਵਾਰ ਜਲੰਧਰ, ਅੰਮ੍ਰਿਤਸਰ ਤੇ ਬਠਿੰਡਾ ਵਿਖੇ ਕਨਵੈਨਸ਼ਨਾਂ ਕਰਨ, 28 ਤੋਂ 30 ਨਵੰਬਰ ਨੂੰ ਵਿਧਾਇਕਾਂ ਨੂੰ ਜਨਤਕ ਡੈਪੂਟੇਸ਼ਨਾਂ ਰਾਹੀਂ ਮੰਗ ਪੱਤਰ ਦੇਣ ਉਪਰੰਤ 9 ਤੋਂ 10 ਦਸੰਬਰ ਨੂੰ ਹਰਪਾਲ ਸਿੰਘ ਚੀਮਾ, ਗੁਰਮੀਤ ਸਿੰਘ ਖੁਡੀਆਂ,ਬਲਕਾਰ ਸਿੰਘ ਮੰਤਰੀ ਤੇ ਹਰਭਜਨ ਸਿੰਘ ਈ ਟੀ ਓ ਦੇ ਘਰਾਂ ਅੱਗੇ ਤਿੰਨ ਰੋਜਾ ਧਰਨੇ ਦੇਣ ਦੇ ਪ੍ਰੋਗਰਾਮ ਨੂੰ ਪੂਰੇ ਜੋਰ ਸ਼ੋਰ ਨਾਲ ਲਾਗੂ ਕੀਤਾ ਜਾਵੇਗਾ।

# ਪਟਾਕੇ ਵੇਚਣ ਦੇ ਆਰਜ਼ੀ ਲਾਇਸੰਸ ਲਈ 3 ਤੱਕ ਜਮ੍ਹਾਂ ਕਰਵਾਈਆਂ ਜਾਣ ਦਰਖ਼ਾਸਤਾਂ : ਰੰਧਾਵਾ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)** -ਦੀਵਾਲੀ ਦੇ ਮੌਕੇ 'ਤੇ ਪਟਾਕੇ ਵੇਚਣ ਲਈ ਆਰਜ਼ੀ ਲਾਇਸੰਸ ਲੈਣ ਦੇ ਚਾਹਵਾਨ 28 ਅਕਤੂਬਰ ਤੋਂ 03 ਨਵੰਬਰ 2023 ਸ਼ਾਮ 5 ਵਜੇ ਤੱਕ ਦਫ਼ਤਰੀ ਕੰਮ ਦੇ ਸਮੇਂ ਦੌਰਾਨ ਸਬ-ਡਵੀਜ਼ਨ ਵਾਈਜ਼ ਆਪਣੀਆਂ ਦਰਖ਼ਾਸਤਾਂ ਨੇੜੇ ਦੇ ਸੇਵਾ ਕੇਂਦਰ ਵਿਖੇ ਦੇ ਸਕਦੇ ਹਨ। ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਨਿਸ਼ਚਿਤ ਕੀਤੇ ਗਏ ਸਮੇਂ ਦੌਰਾਨ ਪ੍ਰਾਪਤ ਹੋਈਆਂ ਦਰਖ਼ਾਸਤਾਂ ਨੂੰ ਹੀ ਵਿਚਾਰਿਆ ਜਾਵੇਗਾ ਅਤੇ ਇਸ ਸਬੰਧੀ ਮਿਤੀ 07 ਨਵੰਬਰ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਸ਼ਹੀਦ ਭਗਤ ਸਿੰਘ ਨਗਰ ਵਿਖੇ ਲਾਟਰੀ ਸਿਸਟਮ ਰਾਹੀਂ ਪਟਾਕੇ ਵੇਚਣ ਸਬੰਧੀ ਆਰਜ਼ੀ ਲਾਇਸੰਸ ਜਾਰੀ ਕਰਨ ਲਈ ਡਰਾਅ ਕੱਢਿਆ ਜਾਵੇਗਾ। ਉਨਾਂ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਨੂੰ ਆਰਜ਼ੀ ਲਾਇਸੰਸ ਜਾਰੀ ਕੀਤਾ ਜਾਵੇਗਾ, ਸਿਰਫ ਉਹ ਵਿਅਕਤੀ ਹੀ ਪਟਾਕੇ ਵੇਚਣ ਲਈ ਅਧਿਕਾਰਤ ਹੋਣਗੇ।



ਉਨ੍ਹਾਂ ਕਿਹਾ ਕਿ ਆਮ ਪਬਲਿਕ ਵੀ ਅਧਿਕਾਰਤ ਵਿਅਕਤੀਆਂ ਪਾਸੋਂ ਨਿਰਧਾਰਤ ਕੀਤੇ ਗਏ ਸਥਾਨਾਂ 'ਤੇ ਹੀ ਪਟਾਕੇ ਖਰੀਦੇ ਅਤੇ ਅਣ ਅਧਿਕਾਰਤ ਤੌਰ 'ਤੇ ਪਟਾਕੇ ਵੇਚਣ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਟਰੇਡ ਯੂਨੀਅਨ ਕੌਂਸਲ ਵੱਲੋਂ ਸਹਾਇਕ ਕਿਰਤ ਕਮਿਸ਼ਨਰ ਦਫਤਰ ਅੱਗੇ ਰੋਸ ਧਰਨਾ

**ਪਟਿਆਲਾ (ਨ ਜ਼ ਸ)** : ਸਥਾਨਕ ਸਹਾਇਕ ਕਿਰਤ ਕਮਿਸ਼ਨਰ ਦੇ ਦਫਤਰ ਸਾਹਮਣੇ ਟਰੇਡ ਯੂਨੀਅਨ ਕੌਂਸਲ ਪਟਿਆਲਾ ਵੱਲੋਂ ਦਰਸ਼ਨ ਸਿੰਘ ਲੁਬਾਣਾ ਜਨਰਲ ਸਕੱਤਰ ਤੇ ਉੱਤਮ ਸਿੰਘ ਬਾਗੜੀ ਪ੍ਰਧਾਨ ਟਰੇਡ ਯੂਨੀਅਨ ਕੌਂਸਲ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਦੇ ਕੰਮ ਘੰਟੇ 8 ਤੋਂ ਵਧਾ ਕੇ 12 ਘੰਟੇ ਰੋਜ਼ਾਨਾ ਕਰਨ ਦੇ ਨਿਰਦਈ ਫੈਸਲੇ ਵਿਰੁੱਧ ਪਿਛਲੇ 12 ਸਾਲਾਂ ਤੋਂ ਘੱਟੋ ਘੱਟ ਉਜ਼ਰਤਾਂ ਵਿੱਚ ਵਾਧਾ ਨਾ ਕਰਨਾ, ਘੱਟੋ ਘੱਟ ਉਜ਼ਰਤ ਵਾਜਬ ਤੌਰ 'ਤੇ 26000 ਰੁਪਏ ਮਹੀਨੇ ਤਹਿ ਕਰਨਾ, ਲੇਬਰ ਕਾਨੂੰਨਾਂ ਦੀ ਪਾਲਣਾ ਨਾ ਕਰਨ ਵਿਰੁੱਧ, ਕੰਟਰੈਕਟ/ਆਊਟ ਸੋਰਸ ਵਰਕਰਾਂ ਦੇ ਅਣਮਨੁੱਖੀ ਸ਼ੋਸ਼ਣ ਵਿਰੁੱਧ, ਸਕੀਮ ਵਰਕਰਾਂ ਨਾਲ ਘੋਰ ਬੇਇਨਸਾਫੀਆਂ ਵਿਰੁੱਧ ਆਪ ਸਰਕਾਰ ਵੱਲੋਂ ਮੁਲਾਜ਼ਮਾਂ, ਮਜ਼ਦੂਰਾਂ ਦੀਆਂ ਮੰਗਾਂ ਤੇ ਤਕਲੀਫਾਂ ਨੂੰ ਅਣਗੌਲਿਆ ਕਰਨ ਵਿਰੁੱਧ, ਲੇਬਰ ਵਿਭਾਗ ਵੱਲੋਂ ਮਜ਼ਦੂਰਾਂ ਨੂੰ ਸਮੇਂ ਸਿਰ ਇਨਸਾਫ ਨਾ ਦੇਣ ਦੇ ਵਿਰੁੱਧ ਆਦਿ ਮੰਗਾਂ ਤੇ ਨਵੀਆਂ ਮੁਸੀਬਤਾਂ ਖੜੀਆਂ ਕਰਨ ਦੇ ਵਿਰੋਧ ਵਿੱਚ ਵਿਸ਼ਾਲ ਰੋਸ ਧਰਨਾ ਦਿੱਤਾ ਗਿਆ।



ਇਸ ਮੌਕੇ ਧਰਨਾਕਾਰੀ ਕਿਰਤੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਦਰਸ਼ਨ ਸਿੰਘ ਲੁਬਾਣਾ ਤੇ ਉਤਮ ਸਿੰਘ ਬਾਗੜੀ ਨੇ ਕਿਹਾ ਕਿ ਜਿਵੇਂ ਮੋਦੀ ਸਰਕਾਰ ਆਪਣੀਆਂ ਸਰਮਾਏਦਾਰ ਕਾਰਪੋਰੇਟ ਪੱਖੀ ਨੀਤੀਆਂ ਤਹਿਤ ਮਿਹਨਤਕਸ਼ ਤੇ ਗਰੀਬ ਵਰਗ ਦਾ ਜੀਣਾ ਮੁਹਾਲ ਕਰ ਰਹੀ ਹੈ, ਆਰਥਕ ਸ਼ੋਸ਼ਣ ਕਰ ਰਹੀ ਹੈ, ਨਿੱਜੀਕਰਨ ਕਰ ਰਹੀ ਹੈ, ਪਬਲਿਕ ਸੈਕਟਰ ਤੇ ਸਰਕਾਰੀ ਜਾਇਦਾਦਾਂ ਵੇਚ ਰਹੀ ਹੈ, ਲੇਬਰ ਕਾਨੂੰਨਾਂ ਦਾ ਖਾਤਮਾ ਕਰ ਰਹੀ ਹੈ, ਮਿਹਨਤਕਸ਼ ਲੋਕਾਂ ਦੇ ਹੱਕਾਂ 'ਤੇ ਡਾਕਾ ਮਾਰਨ ਦੇ ਮਨਸੂਬਿਆਂ ਤਹਿਤ ਜਾਤਾਂ ਪਾਤਾਂ, ਮੰਦਰਾਂ, ਮਸਜਿਦਾਂ ਦੇ ਝਗੜੇ ਉਤਸ਼ਾਹਤ ਕਰਕੇ ਨਫਰਤੀ ਵਾਤਾਵਰਣ ਸਿਰਜ ਕੇ ਅਸਲ ਮੁੱਦਿਆਂ ਤੋਂ ਧਿਆਨ ਭਟਕਾ ਕੇ ਆਪਣੀ ਗੱਦੀ ਬਚਾਉਣ ਤੇ ਕਾਰਪੋਰੇਟ ਘਰਾਣਿਆਂ ਵੱਲੋਂ ਕੀਤੀ ਜਾ ਰਹੀ ਲੁੱਟ ਜਾਰੀ ਰੱਖਣ ਲਈ ਹਰ ਹਰਬਾ ਵਰਤ ਰਹੀ ਹੈ। ਉੱਸੇ ਤਰ੍ਹਾਂ ਭਗਵੰਤ ਮਾਨ ਸਰਕਾਰ ਵੀ ਸਰਮਾਏਦਾਰਾਂ ਤੇ ਕਾਰਪੋਰੇਟਾਂ ਦੀ ਚੁੰਗਲ ਵਿੱਚ ਸਪੱਸ਼ਟ ਤੌਰ 'ਤੇ ਸਵੈ ਇੱਛਾ ਨਾਲ ਫਸੀ ਨਜ਼ਰ ਆ ਰਹੀ ਹੈ। ਇਹ ਸਰਕਾਰ ਝੂਠ ਤੂਫਾਨ ਤੇ ਗੱਪੀਆਂ ਦੀ ਸਰਕਾਰ ਬਣ ਕੇ ਰਹਿ ਗਈ ਹੈ। ਮੁਲਾਜ਼ਮ, ਮਜ਼ਦੂਰ ਤੇ ਲੋੜਵੰਦ ਲੋਕਾਂ ਦੀਆਂ ਮੰਗਾਂ, ਮੁਸ਼ਕਲਾਂ ਤੇ ਮੁਸੀਬਤਾਂ ਦਾ ਹੱਲ ਕਰਨਾ ਇਸ ਦੇ ਅਜੰਡੇ 'ਤੇ ਹੀ ਨਹੀਂ ਹੈ। ਤਰ੍ਹਾਂ ਤਰ੍ਹਾਂ ਦੇ ਮਾਫੀਏ, ਸਰਮਾਏਦਾਰ ਤੇ ਅਫਸਰਸ਼ਾਹੀ ਦੇ ਚੱਕਰਵਿਊ ਵਿੱਚ ਵਿਚਰ ਰਹੀ। ਇਸ ਸਰਕਾਰ ਨੇ ਸਰਮਾਏਦਾਰਾਂ ਨੂੰ ਖੁਸ਼ ਕਰਨ ਲਈ ਕਿਰਤੀਆਂ ਦੇ ਕੰਮ ਘੰਟੇ 8 ਤੋਂ ਵਧਾ ਕੇ 12 ਘੰਟੇ ਰੋਜ਼ਾਨਾ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਇੱਕ ਘਿਨਾਉਣਾ ਤੇ ਨਿੰਦਣਯੋਗ ਕੰਮ ਕੀਤਾ ਹੈ, ਜਿਸ ਨਾਲ ਵਰਕਰਾਂ ਤੇ ਕੰਮ ਭਾਰ ਵਧੇਗਾ। ਉਨ੍ਹਾ ਕਿਹਾ ਕਿ 3 ਨਵੰਬਰ 2023 ਨੂੰ ਮੋਹਾਲੀ ਵਿਖੇ ਲੇਬਰ ਭਵਨ ਸਾਹਮਣੇ ਟਰੇਡ ਯੂਨੀਅਨਾਂ ਵੱਲੋਂ ਇਨ੍ਹਾਂ ਹੀ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਪੰਜਾਬ ਪੱਧਰੀ ਵਿਸ਼ਾਲ ਰੈਲੀ ਵਿੱਚ ਪਟਿਆਲੇ ਤੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

ਇਕੱਠ 'ਚ ਸਰਵਸ੍ਰੀ ਕਰਮਚੰਦ ਗਾਂਧੀ, ਸੁਖਦੇਵ ਰਾਮ ਸੁੱਖੀ ਪੀ.ਆਰ.ਟੀ.ਸੀ., ਜਗਮੋਹਨ ਨੌਲੱਖਾ, ਬਲਜਿੰਦਰ ਸਿੰਘ, ਮਾਧੋ ਰਾਹੀ, ਗੁਰਵਿੰਦਰ ਸਿੰਘ ਗੋਲਡੀ, ਰਾਮ ਲਾਲ ਰਾਮਾ, ਗੁਰਦਰਸ਼ਨ ਸਿੰਘ, ਜਗਤਾਰ ਬਾਬਾ, ਇੰਦਰਪਾਲ ਵਾਲੀਆ, ਦਿਆ ਸ਼ੰਕਰ, ਅਨਿਲ ਕੁਮਾਰ ਗਾਗਟ, ਗੁਰਪ੍ਰੀਤ ਸਿੰਘ, ਸ਼ਿਵ ਚਰਨ, ਮਖਣ ਸਿੰਘ, ਸਤਨਾਮ ਸਿੰਘ ਆਦਿ ਸ਼ਾਮਲ ਸਨ।

# ਪੁਲਸ ਤੇ ਅਪਰਾਧੀਆਂ ਦੇ ਗੱਠਜੋੜ ਖਿਲਾਫ਼ ਹੋਵੇਗਾ ਪੁਤਲਾ ਫੂਕ ਪ੍ਰਦਰਸ਼ਨਾਂ ਦਾ ਆਰੰਭ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)** ਬੀਤੇ ਦੋ ਹਫ਼ਤਿਆਂ ਤੋਂ ਸਬ-ਡਵੀਜ਼ਨ 'ਚ ਲਗਾਤਾਰ ਵਧ ਰਹੇ ਅਪਰਾਧਾਂ ਤੇ ਅਪਰਾਧੀਆਂ ਦੀ ਹੌਸਲਾ ਅਫ਼ਜ਼ਾਈ ਵਾਸਤੇ ਪੁਲਸ ਵੱਲੋਂ ਅਪਣਾਏ ਨਵੇਂ ਪੈਟਰਨ ਦੇ ਖਿਲਾਫ਼ ਸਮਾਜ ਅੰਦਰ ਲਹਿਰ ਖੜੀ ਹੋਣ ਲੱਗੀ ਹੈ। ਅਕਤੂਬਰ ਮਹੀਨੇ ਦੇ ਅਰੰਭ 'ਚ ਸੰਯੁਕਤ ਸਮਾਜ ਸੁਧਾਰ ਸੰਸਥਾ (ਰਜਿ) ਪੰਜਾਬ ਵੱਲੋਂ ਚਿੱਟਾ ਤੇ ਚਿੱਟੇ ਦੇ ਸਮਰਥਕਾਂ ਖਿਲਾਫ਼ ਮੁਹਿੰਮ ਦਾ ਆਗਾਜ਼ ਕੀਤਾ ਗਿਆ ਸੀ। ਸੰਸਥਾ ਨੇ ਨਸ਼ਾ ਤਸਕਰਾਂ ਦੀ ਜ਼ਮਾਨਤ ਮਨਜ਼ੂਰ ਹੋਣ ਉਪਰੰਤ ਐੱਮ.ਸੀ. ਜਾਂ ਨੰਬਰਦਾਰ ਵੱਲੋਂ ਕੀਤੀ ਜਾਂਦੀ ਸ਼ਨਾਖਤ ਦਾ ਵਿਰੋਧ ਕਰਦਿਆਂ ਅਪੀਲ ਕੀਤੀ ਸੀ ਕਿ ਚਿੱਟੇ ਅਤੇ ਹੋਰਨਾਂ ਤਸਕਰਾਂ ਦੀ ਸ਼ਨਾਖਤ ਤਸਦੀਕ ਨਾ ਕੀਤੀ ਜਾਵੇ, ਜਿਸ ਦੇ ਨਤੀਜੇ ਵਜੋਂ ਚਿੱਟੇ ਦਾ ਨੈੱਟਵਰਕ ਟੁੱਟਿਆ।



ਪੁਲਸ ਦੀਆਂ ਕੁਝ ਇੱਕਾ-ਦੁੱਕਾ ਕਾਲੀਆਂ ਭੇਡਾਂ 'ਤੇ ਬੋਲਦਿਆਂ ਸੰਯੁਕਤ ਸਮਾਜ ਸੁਧਾਰ ਸੰਸਥਾ (ਰਜਿ) ਦੇ ਪੰਜਾਬ ਪ੍ਰਧਾਨ ਪਰਮਿੰਦਰ ਪਾਸਾ ਤੇ ਮੁੱਖ ਪ੍ਰਬੰਧਕ ਪਿਆਰਾ ਸਿੰਘ ਨੇ ਦੱਸਿਆ ਕਿ ਤਸਕਰਾਂ ਤੋਂ ਹੁੰਦੀ ਕਾਲੀ ਕਮਾਈ ਘਟਣ ਕਰਕੇ ਕੁਝ ਭ੍ਰਿਸ਼ਟਾਚਾਰੀ ਪ੍ਰੇਸ਼ਾਨ ਹਨ। ਜਿਸ ਕਾਲੀ ਕਮਾਈ ਦਾ ਘਾਟਾ ਪੂਰਨ ਵਾਸਤੇ ਹੁਣ ਪੁਲਸ ਨੇ ਨਵਾਂ ਢੰਗ ਅਪਣਾਉਂਦਿਆਂ ਚੋਰ-ਲੁਟੇਰਿਆਂ ਤੇ ਗੁੰਡਾਗਰਦੀ ਕਰਨ ਵਾਲਿਆਂ ਦੀ ਪਿੱਠ ਥਾਪੜਨੀ ਸ਼ੁਰੂ ਕੀਤੀ ਹੈ, ਜਿਸ ਦੇ ਨਤੀਜੇ ਵਜੋਂ ਹੁਣ ਲਗਾਤਾਰ ਵਾਪਰ ਰਹੀਆਂ ਲੁੱਟਾਂ-ਖੋਹਾਂ ਅਤੇ ਗੁੰਡਾਗਰਦੀ ਤੋਂ ਪੀੜ੍ਹਤ ਆਮ ਲੋਕ ਅਪਰਾਧੀਆਂ ਦੇ ਖਿਲਾਫ਼ ਜ਼ੁਬਾਨ ਨਹੀਂ ਖੋਲ੍ਹਦੇ। ਉਨ੍ਹਾਂ ਦੱਸਿਆ ਕਿ ਅਪਰਾਧ ਪੀੜ੍ਹਤ ਲੋਕਾਂ ਨੂੰ ਪੁਲਸ ਡਰਾਵਾ ਦਿੰਦੀ ਹੈ ਕਿ ਅਪਰਾਧੀ ਅਨਸਰ, ਐੱਸ.ਸੀ. ਸ਼੍ਰੇਣੀ ਨਾਲ ਸਬੰਧਤ ਹਨ। ਜੇਕਰ ਅਪਰਾਧੀਆਂ ਖਿਲਾਫ਼ ਸ਼ਿਕਾਇਤ ਜਾਂ ਪਰਚਾ ਦਰਜ ਕਰਾਇਆ ਤਾਂ ਇਹ ਅਪਰਾਧੀ ਵੀ ਪੀੜਤਾਂ ਦੇ ਖਿਲਾਫ਼ ਐਸ.ਸੀ./ਐਸ.ਟੀ. ਐਕਟ ਅਧੀਨ ਜਾਤੀ ਸੂਚਕ ਸ਼ਬਦ ਬੋਲਣ ਦਾ ਪਰਚਾ ਦਰਜ ਕਰਵਾ ਦੇਣਗੇ।

ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਹੁਣ ਐਸ.ਸੀ./ਐਸ.ਟੀ. ਐਕਟ ਦੀ ਆੜ 'ਚ ਅਪਰਾਧੀਆਂ ਨੂੰ ਬਚਾਉਣ ਦੇ ਵਿੱਢੇ ਰੁਝਾਨ ਦੀਆਂ ਉਦਾਹਰਨਾਂ ਦਿੰਦਿਆਂ ਪੰਜਾਬ ਪ੍ਰਧਾਨ ਪਰਮਿੰਦਰ ਪਾਸਾ ਨੇ ਦੱਸਿਆ ਕਿ ਉਨ੍ਹਾਂ ਨੂੰ ਅਬੋਹਰ ਰੋਡ 'ਤੇ ਮਿਲੀ ਇੱਕ ਬਜ਼ੁਰਗ ਔਰਤ ਨੇ ਦੱਸਿਆ ਕਿ ਉਸ ਦੀ ਕੰਨ ਵਿੱਚੋਂ ਵਾਲੀ ਖਿੱਚ ਕੇ ਭੱਜਣ ਵਾਲੇ ਵਿਅਕਤੀ ਦੀ ਸੀਸੀਟੀਵੀ ਤਸਵੀਰ ਜਦੋਂ ਪੁਲਸ ਨੂੰ ਦਿਖਾਈ ਤਾਂ ਜਵਾਬ ਮਿਲਿਆ ਕਿ ਇਹ ਬੰਦਾ ਤਾਂ ਸ਼ਡਿਊਲ ਕਾਸਟ ਨਾਲ ਸਬੰਧਤ ਹੈ। ਜੇਕਰ ਤੁਸੀਂ ਲੁੱਟ-ਖੋਹ ਦਾ ਪਰਚਾ ਦਰਜ ਕਰਾਇਆ ਤਾਂ ਉਹ (ਅਪਰਾਧੀ) ਵੀ ਤੁਹਾਡੇ ਖਿਲਾਫ਼ ਜਾਤੀ ਸੂਚਕ ਸ਼ਬਦਾਂ ਦਾ ਪਰਚਾ ਦਰਜ ਕਰਾ ਸਕਦਾ ਹੈ। ਪੁਲਸ ਦੇ ਇਸ ਬਿਆਨ ਨਾਲ ਬਜ਼ੁਰਗ ਨੇ ਆਖਿਆ ਕਿ ਉਹ ਡਰ ਗਈ ਤੇ ਹੁਣ ਚੁੱਪ ਹੈ ਕਿ ਕਿਧਰੇ ਕੰਨ ਦੀ ਵਾਲੀ ਲੱਭਦੇ ਹੋਏ ਹੋਰ ਪਰਚਾ ਨਾ ਕਰਾ ਲਈਏ।

ਅਜਿਹੇ ਦੂਜੇ ਮਾਮਲੇ ਬਾਰੇ ਸੰਸਥਾ ਦੇ ਮੀਡੀਆ ਸਲਾਹਕਾਰ ਪੰਜਾਬ ਅੰਮ੍ਰਿਤ ਪਾਲ ਨੇ ਦੱਸਿਆ ਕਿ ਉਨ੍ਹਾਂ ਦੇ ਖੁਦ ਦੇ ਘਰ ਦੇ ਮੇਨ ਗੇਟ ਰਾਹੀਂ ਘਰ 'ਚ ਵੜ ਕੇ 8-9 ਹਮਲਾਵਰਾਂ ਨੇ ਉਸ ਦੇ ਭਰਾ ਦੀ ਕੁੱਟਮਾਰ ਤੇ ਬਚਾਅ ਕਰਨ ਆਏ ਬਜ਼ੁਰਗ ਪਿਤਾ ਨਾਲ ਧੱਕਾਮੁੱਕੀ ਕਰਦਿਆਂ, ਮੇਨ ਗੇਟ ਤੋਂ ਅੰਦਰ ਰੱਜ ਕੇ ਗੁੰਡਾਗਰਦੀ ਕੀਤੀ। ਸਾਰੇ ਵਰਤਾਰੇ ਦੀ ਵੀਡੀਓ ਦਿਖਾ ਕੇ ਇਸ ਕਾਂਡ ਦੀ ਪੁਲਸ ਨੂੰ ਕੀਤੀ ਸ਼ਿਕਾਇਤ ਦੇ ਜੁਆਬ 'ਚ ਪੁਲਿਸ ਨੇ ਹਮਲਾਵਰ ਧਿਰ ਵੱਲੋਂ ਪੀੜ੍ਹਤ ਧਿਰ ਦੇ ਖਿਲਾਫ਼ ਜਾਤੀ ਸੂਚਕ ਸ਼ਬਦ ਬੋਲਣ ਦੀ ਦਰਖਾਸਤ ਲੈ ਲਈ। ਖੁਦ 'ਤੇ ਜਾਤੀ ਸੂਚਕ ਸ਼ਬਦਾਂ ਦਾ ਝੂਠਾ ਪਰਚਾ ਦਰਜ ਹੋਣ ਦੇ ਡਰੋਂ ਐਸ.ਐਸ.ਪੀ. ਨੂੰ ਸ਼ਿਕਾਇਤ ਦੇਣ ਉਪਰੰਤ ਉਕਤ ਪਰਿਵਾਰ ਹੁਣ ਚੁੱਪ ਕਰ ਚੁੱਕਾ ਹੈ ਅਤੇ ਹਮਲੇ ਦੇ ਦਸ ਦਿਨਾਂ ਬਾਅਦ ਵੀ ਪੁਲਸ ਦੀ ਸਰਪ੍ਰਸਤੀ ਕਾਰਨ ਹਮਲਾਵਰ ਬੇਖੌਫ ਘੁੰਮ ਰਹੇ ਹਨ।

ਚੋਰ-ਪੁਲਸ ਗਠਜੋੜ ਬਿਆਨ ਕਰਦੀਆਂ ਭਿਆਨਕ ਤਸਵੀਰਾਂ ਦੀ ਸੀਸੀਟੀਵੀ ਸਾਹਮਣੇ ਆਈ, ਜਦੋਂ ਨਵੀਂ ਦਾਨਾ ਮੰਡੀ 'ਚ ਇੱਕ ਖੋਖੇ ਨੂੰ ਪਾੜ ਲਾ ਕੇ ਚੋਰੀ ਕਰਦਾ ਵਿਅਕਤੀ ਸੀਸੀਟੀਵੀ 'ਚ ਕੈਦ ਹੋਣ ਉਪਰੰਤ ਪੀੜ੍ਹਤ ਨੇ ਇਸ ਸਬੰਧੀ ਪੁਲਸ ਨੂੰ ਦੱਸਣਾ ਵੀ ਜ਼ਰੂਰੀ ਨਹੀਂ ਸਮਝਿਆ। ਇੱਕ ਹੋਰ ਸੀਸੀਟੀਵੀ ਵੀ ਦਿਖਾ ਰਹੀ ਹੈ ਕਿ ਮਲੋਟ ਰੋਡ 'ਤੇ ਅਰਮਾਨ ਮੋਬਾਈਲ ਦੁਕਾਨ ਤੋਂ ਫੋਨ ਚੋਰੀ ਕਰਕੇ ਭੱਜੇ ਚੋਰ ਨੇ ਕੋਟਕਪੂਰਾ ਚੌਂਕ 'ਚ ਹਰਮਨ ਟੈਲੀਕੋਮ 'ਤੇ ਵੀ ਮੋਬਾਈਲ ਚੋਰੀ ਕੀਤੇ। ਇਨ੍ਹਾਂ ਸਾਰੇ ਮਾਮਲਿਆਂ 'ਚ ਪੁਲਿਸ ਦੇ ਹੱਥ ਖਾਲੀ ਹਨ।

ਸੰਯੁਕਤ ਸਮਾਜ ਸੁਧਾਰ ਸੰਸਥਾ (ਰਜਿ) ਪੰਜਾਬ ਨੇ ਉਪਰੋਕਤ ਸਾਰੀਆਂ ਘਟਨਾਵਾਂ ਦਾ ਨੋਟਿਸ ਲੈਣ ਉਪਰੰਤ ਹੰਗਾਮੀ ਬੈਠਕ ਦੌਰਾਨ ਐਲਾਨ ਕੀਤਾ ਹੈ ਕਿ ਆਉਂਦੇ ਸੋਮਵਾਰ, 30 ਅਕਤੂਬਰ ਤੋਂ ਲਗਾਤਾਰ ਬੱਸ ਸਟੈਂਡ ਪੁਲਿਸ ਚੌਂਕੀ, ਥਾਣਾ ਸਿਟੀ ਅਤੇ ਡੀਐਸਪੀ ਦਫਤਰ ਵਿਖੇ ਪੁਤਲੇ ਫੂਕਣ ਉਪਰੰਤ ਅਗਲੇ ਹਫਤੇ 6 ਨਵੰਬਰ ਤੋਂ ਐਸ.ਐਸ.ਪੀ. ਦਫਤਰ ਮੂਹਰੇ ਲਗਾਤਾਰ ਪੁਤਲਾ ਫੂਕ ਪ੍ਰਦਰਸਨ ਦਾ ਦੌਰ ਜਾਰੀ ਰੱਖਿਆ ਜਾਵੇਗਾ।

## ਕਾਤਰਾਂ

### 10 ਗ੍ਰਾਮ ਹੈਰੋਇਨ ਸਮੇਤ 2 ਕਾਬੂ

**ਮੁਕਤਸਰ (ਸ਼ਮਿੰਦਰਪਾਲ/ਪੂਜਾ)**-ਐੱਸ ਆਈ ਜਗਸੀਰ ਸਿੰਘ ਸੀ.ਆਈ.ਏ. ਸਟਾਫ ਸਮੇਤ ਪੁਲਸ ਪਾਰਟੀ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਜਲਾਲਾਬਾਦ ਰੋਡ 'ਤੇ ਮੌਜੂਦ ਸੀ ਤਾਂ ਰੇਲਵੇ ਪੁਲ ਦੇ ਹੇਠਾਂ ਜਲਾਲਾਬਾਦ ਦੀ ਤਰਫੋਂ ਦੋ ਨੌਜਵਾਨ ਇੱਕ ਸਕੂਟੀ ਐਕਟਵਾ 'ਤੇ ਸਵਾਰ ਆਏ, ਜਿਸ 'ਤੇ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਹ 'ਤੇ ਉਨ੍ਹਾਂ ਨੂੰ ਰੋਕ ਕੇ ਨਾਮ ਪਤਾ ਪੁੱਛਿਆ ਤਾਂ ਇਨ੍ਹਾਂ ਨੇ ਆਪਣਾ ਨਾਮ ਰਾਜੇਸ਼ ਕੁਮਾਰ ਪੁੱਤਰ ਬ੍ਰਿਜ ਲਾਲ ਵਾਸੀ ਗਲੀ ਨੰਬਰ 12, ਗੁਰੂ ਅੰਗਰ ਨਗਰ, ਕੋਟਕਪੂਰਾ ਰੋਡ, ਸ੍ਰੀ ਮੁਕਤਸਰ ਸਾਹਿਬ ਤੇ ਸਕੂਟੀ ਚਾਲਕ ਦੇ ਪਿੱਛੇ ਬੈਠੇ ਨੌਜਵਾਨ ਨੇ ਆਪਣਾ ਨਾਲ ਮਨਪ੍ਰੀਤ ਸਿੰਘ ਪੁੱਤਰ ਰਾਜਪਾਲ ਸਿੰਘ ਵਾਸੀ ਟਿੱਬਾ ਬਸਤੀ ਸੰਮੇਵਾਲੀ ਰੋਡ, ਲੱਖੇਵਾਲੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੱਸਿਆ। ਤਲਾਸ਼ੀ ਦੌਰਾਨ ਇਨ੍ਹਾਂ ਦੇ ਕਬਜ਼ੇ ਵਿੱਚੋਂ 10 ਗ੍ਰਾਮ ਹੈਰੋਇਨ ਬ੍ਰਾਮਦ ਹੋਈ, ਜਿਸ 'ਤੇ ਇਨ੍ਹਾਂ ਖਿਲਾਫ ਮੁਕੱਦਮਾ ਦਰਜ ਕਰਕੇ ਗ੍ਰਿਫਤਾਰ ਕੀਤਾ ਗਿਆ।

### ਪਰਾਲੀ ਨੂੰ ਅੱਗ ਲਗਾਉਣ 'ਤੇ ਪਾਬੰਦੀ

**ਫ਼ਿਰੋਜ਼ਪੁਰ, (ਅਸ਼ੋਕ ਸ਼ਰਮਾ)**-ਜ਼ਿਲ੍ਹਾ ਮੈਜਿਸਟਰੇਟ ਫਿਰੋਜ਼ਪੁਰ ਰਾਜੇਸ਼ ਧੀਮਾਨ ਆਈਏਐੱਸ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰਬਰ-2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਿਰੋਜ਼ਪੁਰ ਦੀ ਹਦੂਦ ਅੰਦਰ ਝੋਨੇ ਦੀ ਪਰਾਲੀ ਆਦਿ ਨੂੰ ਅੱਗ ਲਗਾਉਣ 'ਤੇ ਰੋਕ ਲਗਾਈ ਹੈ।ਉਨ੍ਹਾ ਕਿਹਾ ਕਿ ਹਰ ਪਿੰਡ ਦੇ ਸਬੰਧਤ ਨੰਬਰਦਾਰ ਆਪਣੇ ਪਿੰਡ ਵਿੱਚ ਲੋਕਾਂ ਨੂੰ ਪਿੰਡਾਂ ਵਿੱਚ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕ ਕਰਨ ਤੇ ਜੇਕਰ ਕਿਸੇ ਵੀ ਪਿੰਡ ਵਿੱਚ ਅੱਗ ਲਗਾਉਣ ਦੀ ਘਟਨਾ ਸਾਹਮਣੇ ਆਉਂਦੀ ਹੈ ਤਾਂ ਉਸ ਪਿੰਡ ਦੇ ਨੰਬਰਦਾਰ ਦੀ ਜ਼ਿੰਮੇਵਾਰੀ ਫਿਕਸ ਕਰਦੇ ਹੋਏ ਕਾਨੂੰਨ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਹ ਹੁਕਮ 26 ਅਕਤੂਬਰ 2023 ਤੋਂ 30 ਨਵੰਬਰ 2023 ਤੱਕ ਲਾਗੂ ਰਹੇਗਾ।

### ਐਕਸਪਰਟ ਨੇ ਲਵਾਇਆ ਕੈਨੇਡਾ ਦਾ ਵਿਜ਼ਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਰੋਡ 'ਤੇ ਮੰਨੀ ਪ੍ਰਮੰਨੀ ਸੰਸਥਾ ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਦੇ ਹੈੱਡ ਦੇਵਾਂਸ਼ ਗੋਇਲ ਨੇ ਦੱਸਿਆ ਕਿ ਸੰਸਥਾ ਵੱਲੋਂ ਇਸ ਵਾਰ ਦੀਪਿਕਾ ਗੁਪਤਾ ਪਤਨੀ ਨਵੀਨ ਗੁਪਤਾ ਐੱਨ.ਐੱਸ. ਟ੍ਰੇਡਿੰਗ ਵਾਸੀ ਬਾਘਾ ਪੁਰਾਣਾ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਸਿਰਫ ਸੱਤ ਦਿਨਾਂ ਵਿੱਚ ਲਗਵਾਇਆ ਗਿਆ। ਇਸ ਮੌਕੇ ਦੇਵਾਂਸ਼ ਗੋਇਲ ਨੇ ਵੀਜ਼ਾ ਲੱਗਾ ਪਾਸਪੋਰਟ ਸੌਂਪ ਕੇ ਵਧਾਈ ਦਿੱਤੀ।

### ਕੈਂਬ੍ਰਿਜ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਖੇਡਾਂ 'ਚ ਮਾਰੀਆਂ ਮੱਲਾਂ



**ਕੋਟ ਇਸੇ ਖਾਂ (ਅਰੋੜਾ)**- ਕੈਂਬ੍ਰਿਜ ਕਾਨਵੈਂਟ ਸਕੂਲ ਜੋ ਕਿ ਕੋਟ ਈਸੇ ਖਾਂ ਦੇ ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੈ, ਜਿਸ ਦੇ ਵਿਦਿਆਰਥੀ ਆਏ ਦਿਨ ਪੜ੍ਹਾਈ, ਖੇਡਾਂ ਤੇ ਹੋਰ ਗਤੀਵਿਧੀਆਂ ਵਿੱਚ ਮੱਲਾਂ ਮਾਰਦੇ ਰਹਿੰਦੇ ਹਨ। ਇਸੇ ਤਰ੍ਹਾਂ ਕੈਂਬ੍ਰਿਜ ਸਕੂਲ ਦੇ ਹੋਣਹਾਰ ਵਿਦਿਆਰਥੀ ਰੁਮਾਨਦੀਪ ਸਿੰਘ ਨੇ ਹੈਮਰ ਥਰੋ ਤੇ ਅਨਮੋਲਪੀਤ ਸਿੰਘ ਨੇ ਜੈਵਲਿਨ ਥਰੋ ਵਿੱਚੋਂ ਦੂਸਰਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੀ ਮੈਨੇਜਰ ਮਨਦੀਪ ਮਾਲੜਾ ਵੱਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ ਤੇ ਸਨਮਾਨਤ ਵੀ ਕੀਤਾ ਗਿਆ ਅਤੇ ਅੱਗੋਂ ਵਾਸਤੇ ਆਉਣ ਵਾਲੀਆਂ ਖੇਡਾਂ ਵਿੱਚ ਵੀ ਵਧੀਆ ਪੁਜ਼ੀਸ਼ਨਾਂ ਹਾਸਲ ਕਰਨ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

### ਪ੍ਰੋਫ਼ੈਸਰ ਟਿਵਾਣਾ ਦੀ ਪੁਸਤਕ 'ਤੇ ਵਿਚਾਰ ਗੋਸ਼ਟੀ ਅੱਜ

**ਮਾਨਸਾ (ਪਮਾਰ)**-ਪੰਜਾਬ ਰੈਡੀਕਲ ਫੋਰਮ ਤੇ ਸੀਪੀਆਈ ਐੱਮ ਐੱਲ ਦੇ ਸੀਨੀਅਰ ਆਗੂ ਸਖਦਰਸ਼ਨ ਸਿੰਘ ਨੱਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪ੍ਰੋਫੈਸਰ ਅਜਾਇਬ ਸਿੰਘ ਟਿਵਾਣਾ ਵੱਲੋਂ ਲਿਖੀ ਪੁਸਤਕ ਪੰਜਾਬ ਸਟੂਡੈਂਟ ਯੂਨੀਅਨ ਇਤਿਹਾਸ ਦੀਆਂ ਝਲਕਾਂ ਬਾਰੇ ਇੱਕ ਵਿਚਾਰ ਗੋਸ਼ਟੀ ਸਥਾਨਕ ਬਚਤ ਭਵਨ ਵਿਖੇ 28 ਅਕਤੂਬਰ ਨੂੰ ਕਰਵਾਈ ਜਾ ਰਹੀ ਹੈ। ਇਸ ਗੋਸ਼ਟੀ ਸਮੇਂ ਵਿਚਾਰ ਚਰਚਾ ਕਰਨ ਲਈ ਪੈਨਲ ਵਿੱਚ ਦਰਸਨ ਖਟਕੜ, ਸਾਬਕਾ ਲੋਕ ਸਭਾ ਮੈਂਬਰ ਡਾ. ਧਰਮਵੀਰ ਗਾਂਧੀ, ਸਾਬਕਾ ਵਿਦਿਆਰਥੀ ਆਗੂ ਤੇ ਰਾਜਨੀਤਕ ਮਾਹਰ ਮਾਲਵਿੰਦਰ ਸਿੰਘ ਮਾਲੀ, ਕਮਲਜੀਤ ਖੰਨਾ, ਸੁਖਵਿੰਦਰ ਪੱਪੀ ਤੇ ਐਡਵੋਕੇਟ ਸੁਦੀਪ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਡਾ. ਕੁਲਦੀਪ ਸਿੰਘ ਦੀਪ ਤੇ ਡਾ. ਮੇਘਾ ਸਿੰਘ ਵੀ ਪਰਚੇ ਪੜ੍ਹਨਗੇ। ਇਸ ਸਮੇਂ ਉਨ੍ਹਾਂ ਨਾਲ ਅਮੋਲਕ ਡੇਲੂਆਣਾ, ਰਾਜਵਿੰਦਰ ਮੀਰ, ਹਰਗਿਆਨ ਸਿੰਘ ਢਿੱਲੋਂ ਤੇ ਜਸਪਾਲ ਖੋਖਰ ਆਦਿ ਆਗੂ ਹਾਜ਼ਰ ਸਨ।

# ਸਿਹਤ ਵਿਭਾਗ ਵੱਲੋਂ ਬਿੰਦਰਾ ਡੇਅਰੀ 'ਤੇ ਛਾਪਾ, ਸੈਂਪਲ ਭਰੇ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਦਿਵਾਲੀ ਦੇ ਤਿਉਹਾਰ ਦੇ ਮੱਦੇਨਜ਼ਰ ਜਿੱਥੇ ਕੁਝ ਹਲਵਾਈ ਤੇ ਹੋਰ ਦੁਕਾਨਦਾਰ, ਜਿਹੜੇ ਕਿ ਲਾਲਚ ਵਿੱਚ ਆ ਕੇ ਜ਼ਿਆਦਾ ਮੁਨਾਫਾ ਖੱਟਣ ਦੇ ਚੱਕਰ ਵਿੱਚ ਮਿਲਾਵਟੀ ਮਠਿਆਈਆਂ ਆਦਿ ਵੇਚਦੇ ਹਨ, ਪਰ ਸਿਹਤ ਵਿਭਾਗ ਵੀ ਉਨ੍ਹਾਂ ਉੱਪਰ ਪੂਰੀ ਤਰ੍ਹਾਂ ਸਖਤ ਹੈ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਹਰ ਰੋਜ਼ ਵੱਖ ਵੱਖ ਸ਼ਹਿਰਾਂ ਵਿੱਚ ਹਲਵਾਈਆਂ ਦੀਆਂ ਦੁਕਾਨਾਂ, ਡੇਅਰੀਆਂ 'ਤੇ ਜਾ ਕੇ ਚੈਕਿੰਗ ਕਰ ਰਹੀਆਂ ਹਨ ਅਤੇ ਮਿਠਾਈਆਂ ਆਦਿ ਦੇ ਸੈਂਪਲ ਭਰ ਕੇ ਉਨ੍ਹਾਂ ਦੀ ਗੁਣਵੱਤਾ ਜਾਂਚੀ ਜਾ ਰਹੀ ਹੈ। ਇਸ ਕੜੀ ਤਹਿਤ ਫਿਰੋਜ਼ਪੁਰ ਜ਼ਿਲ੍ਹੇ ਦੀ ਸਿਹਤ ਵਿਭਾਗ ਦੀ ਟੀਮ ਵੱਲੋਂ ਜ਼ਿਲ੍ਹਾ ਸਿਹਤ ਅਫਸਰ ਤਰਨ ਤਾਰਨ ਸੁਖਬੀਰ ਕੌਰ ਦੀ ਅਗਵਾਈ ਵਿੱਚ ਗੁਰੂ ਹਰਸਹਾਏ ਵਿਖੇ ਮਸ਼ਹੂਰ ਬਿੰਦਰਾ ਡੇਅਰੀ 'ਤੇ ਜਾ ਕੇ ਛਾਪਾ ਮਾਰਿਆ ਗਿਆ ਤੇ ਉੱਥੇ ਪਈਆਂ ਮਠਿਆਈਆਂ ਆਦਿ ਦੀ ਜਾਂਚ ਕਰਕੇ ਉਨ੍ਹਾਂ ਦੇ ਸੈਂਪਲ ਭਰੇ ਗਏ। ਜ਼ਿਲ੍ਹਾ ਸਿਹਤ ਅਫਸਰ ਸੁਖਬੀਰ ਕੌਰ ਨੇ ਦੱਸਿਆ ਕਿ ਇਸ ਹਫਤੇ ਦੀ ਚੈਕਿੰਗ ਦਾ ਮਕਸਦ, ਕਈ ਹਾਨੀਕਾਰਕ ਚੀਜ਼ਾਂ, ਜਿਨ੍ਹਾਂ ਨੂੰ ਮਠਿਆਈਆਂ ਦੀ ਪੈਕਿੰਗ ਆਦਿ ਲਈ ਵਰਤਿਆ ਜਾਂਦਾ ਹੈ, ਨੂੰ ਰੋਕਣਾ ਹੈ।

ਉਨ੍ਹਾਂ ਦੱਸਿਆ ਕਿ ਉਕਤ ਡੇਅਰੀ ਤੋਂ ਕੋਈ ਵੀ ਮਿਆਦ ਪੁਗਾ ਚੁੱਕੀ ਚੀਜ਼ ਨਹੀਂ ਮਿਲੀ ਤੇ ਕੁਝ ਸਿੰਗਲ ਯੂਜ਼ ਪਲਾਸਟਿਕ ਗਿਲਾਸ ਮਿਲੇ ਹਨ, ਜਿਸ ਨੂੰ ਸੁਟਵਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਨਕਲੀ ਮਠਿਆਈ ਤੇ ਮਿਲਾਵਟਖੋਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀ ਸਰਬਜੀਤ ਕੌਰ ਤੇ ਨਿਸ਼ਾਨ ਬਾਂਸਲ ਵੀ ਹਾਜ਼ਰ ਸਨ।

# ਫ਼ਸਲੀ ਰਹਿੰਦ-ਖੂੰਹਦ ਦੇ ਪ੍ਰਬੰਧਨ ਬਾਰੇ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ



**ਬਠਿੰਡਾ, ਸੰਗਤ ਮੰਡੀ (ਰਾਜਦੀਪ ਜੋਸ਼ੀ)** : ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਥਾਨਕ ਕ੍ਰਿਸ਼ੀ ਵਿਗਿਆਨ ਕੇਂਦਰ (ਕੇ.ਵੀ.ਕੇ) ਵੱਲੋਂ ਪਿੰਡ ਤਿਉਣਾ ਵਿਖੇ ਫ਼ਸਲੀ ਰਹਿੰਦ-ਖੂੰਹਦ ਦੇ ਪ੍ਰਬੰਧਨ ਬਾਰੇ ਸਕੂਲੀ ਵਿਦਿਆਰਥੀਆਂ ਨੂੰ ਲਾਮਬੰਦ ਕਰਨ ਲਈ ਇੱਕ ਪ੍ਰੋਗਰਾਮ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਸਕੂਲੀ ਵਿਦਿਆਰਥੀਆਂ ਨੂੰ ਵਾਤਾਵਰਨ ਪ੍ਰਦੂਸ਼ਣ ਪ੍ਰਤੀ ਜਾਗਰੂਕ ਕਰਨ ਤੇ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ 'ਤੇ ਨੁੱਕੜ ਨਾਟਕ, ਲੇਖ ਲਿਖਣ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕਰਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਵੀ ਕੀਤੀ ਗਈ। ਇਸ ਦੌਰਾਨ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਸਬੰਧੀ ਰੈਲੀ ਕੱਢਣ ਦੇ ਨਾਲ-ਨਾਲ ਕੇ.ਵੀ.ਕੇ. ਦੇ ਵਿਗਿਆਨੀਆਂ ਵੱਲੋਂ ਵਿਦਿਆਰਥੀਆਂ ਨਾਲ ਝੋਨੇ ਦੀ ਪਰਾਲੀ ਪ੍ਰਬੰਧਨ ਤਕਨੀਕਾਂ ਸਾਂਝੀਆਂ ਕਰਦਿਆਂ ਉਨ੍ਹਾਂ ਨੂੰ ਕੇ.ਵੀ.ਕੇ. ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵੀ ਜਾਗਰੂਕ ਕੀਤਾ ਗਿਆ।

# ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਨੇ ਵਿਕਾਸ ਕੰਮਾਂ ਦੀ ਕੀਤੀ ਸਮੀਖਿਆ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਜ਼ਿਲ੍ਹੇ 'ਚ ਚੱਲ ਰਹੇ ਵੱਖ-ਵੱਖ ਵਿਕਾਸ ਕੰਮਾਂ ਦਾ ਜਾਇਜ਼ਾ ਲੈਣ ਲਈ ਸ੍ਰੀ ਸੁਖਜਿੰਦਰ ਸਿੰਘ ਕਾਉਣੀ ਚੇਅਰਮੈਨ ਜ਼ਿਲ੍ਹਾ ਪਲੈਨਿੰਗ ਬੋਰਡ ਸ੍ਰੀ ਮੁਕਤਸਰ ਸਾਹਿਬ ਨੇ ਆਪਣੇ ਦਫ਼ਤਰ ਵਿਖੇ ਮੀਟਿੰਗ ਦਾ ਆਯੋਜਨ ਕੀਤਾ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਖੇਡ ਵਿਭਾਗ ਦੇ ਸਟੇਡੀਅਮ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਇਨ੍ਹਾਂ ਸਟੇਡੀਅਮ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਹੈ, ਉਸ ਨੂੰ ਜਲਦੀ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਜਿਨ੍ਹਾਂ ਸਰਕਾਰੀ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਜਾਂ ਪਖਾਨਿਆਂ ਦੀ ਸੱਮਸਿਆ ਹੋਵੇਗੀ, ਜਲਦੀ ਹੱਲ ਕਰ ਲਿਆ ਜਾਵੇਗਾ ਤੇ ਸਕੂਲਾਂ ਵਿੱਚ ਬੁਨਿਆਦੀ ਸਹੂਲਤਾਵਾਂ ਉਪਲਬਧ ਕਰਾਉਣ ਲਈ ਸਰਕਾਰ ਵੱਲੋਂ ਲੋੜੀਦਾ ਫੰਡ ਉਪਲਬਧ ਕਰਾਉਣ ਲਈ ਯਤਨਗੇ ਤਾਂ ਜੁ ਇਨ੍ਹਾਂ ਸਕੂਲਾਂ ਵਿੱਚ ਪੜ੍ਹਣ ਵਾਲੇ ਸਕੂਲੀ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਅਧੂਰੇ ਪਏ ਵਿਕਾਸ ਦੇ ਕੰਮਾਂ ਨੂੰ ਜਲਦੀ ਨੇਪਰੇ ਚਾੜ੍ਹਿਆ ਜਾਵੇ ਤਾਂ ਜੁ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਮਿਲ ਸਕੇ। ਚੇਅਰਮੈਨ ਨੇ ਪੰਚਾਇਤੀ ਰਾਜ, ਪੇਂਡੂ ਜਲ ਸਪਲਾਈ ਵਿਭਾਗ, ਜ਼ਿਲ੍ਹੇ ਦੀਆਂ ਨਗਰ ਪਾਲਕਾਵਾਂ, ਖੇਡਾਂ, ਸਿੱਖਿਆ ਵਿਭਾਗ, ਭੂਮੀ ਰੱਖਿਆ, ਭਲਾਈ ਵਿਭਾਗ ਤੇ ਕਿਰਤ ਵਿਭਾਗ ਦੇ ਕੰਮਾਂ ਦੀ ਵੀ ਸਮੀਖਿਆ ਕੀਤੀ। ਮੀਟਿੰਗ 'ਚ ਸ੍ਰੀ ਜਗਮੋਹਨ ਸਿੰਘ ਸੁਖਨਾ, ਸ੍ਰੀ ਰਾਜਾ ਮੱਲਣ, ਕੁਲਵੰਤ ਸਿੰਘ ਤੇ ਤਰਸੇਮ ਸਿੰਘ ਵੀ ਮੌਜੂਦ ਸਨ।

# ਸਰਕਾਰਾਂ ਕਿਸਾਨੀ ਤੇ ਜਵਾਨੀ ਨੂੰ ਖਤਮ ਕਰ ਰਹੀਆਂ : ਵੀਰ ਸਿੰਘ



**ਮੱਖੂ (ਰਛਪਾਲ ਸਿੰਘ ਸੰਧੂ)** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਦੇ ਪਿੰਡ ਨਿਜਾਮਦੀਨ ਵਾਲਾ ਇਕਾਈ ਪ੍ਰਧਾਨ ਸੁਖਵੰਤ ਸਿੰਘ ਦੀ ਅਗਵਾਈ ਹੇਠ ਮੋਦੀ ਸਰਕਾਰ ਤੇ ਕਾਰਪੋਰੇਟ ਘਰਾਣਿਆਂ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਮਖੂ ਦੇ ਪ੍ਰਧਾਨ ਵੀਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਜ਼ੋਨ ਪ੍ਰਧਾਨ ਵੀਰ ਸਿੰਘ ਨਿਜਾਮਦੀਨ ਵਾਲਾ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨੀ ਤੇ ਪੰਜਾਬ ਸਰਕਾਰ ਜਵਾਨੀ ਨੂੰ ਖਤਮ ਕਰ ਰਹੀ ਹੈ। ਮੋਦੀ ਸਰਕਾਰ ਕਿਸਾਨਾਂ ਦੀ ਖੁਸ਼ਹਾਲੀ ਲਈ ਕੋਈ ਵਿਸ਼ੇਸ਼ ਪੈਕੇਜ ਲਾਗੂ ਨਹੀਂ ਕਰ ਰਹੀ, ਸਗੋਂ ਕਿਸਾਨਾਂ ਦੀ ਜ਼ਮੀਨ ਕਾਰਪੋਰੇਟ ਘਰਾਣਿਆਂ ਦੇ ਹੱਥ ਦੇਣ ਲਈ ਬਿੱਲ ਤੱਕ ਪਾਸ ਕਰ ਦਿੱਤਾ ਸੀ। ਕਿਸਾਨਾਂ ਦੇ ਵਿਰੋਧ ਵਿੱਚ ਕੇਂਦਰ ਸਰਕਾਰ ਵੱਲੋਂ ਬਿੱਲ ਵਾਪਸ ਲੈਣੇ ਪਏ। ਪੰਜਾਬ ਦੇ ਲੋਕਾਂ ਨੇ ਬਹੁਤ ਉਮੀਦ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਆਸ ਕੀਤੀ ਸੀ ਕਿ ਇਹ ਸਰਕਾਰ ਪੰਜਾਬ ਵਿੱਚੋਂ ਨਸ਼ਾ ਖਤਮ ਕਰਕੇ ਪੰਜਾਬ ਦੀ ਜਵਾਨੀ ਨੂੰ ਬਚਾਏਗੀ, ਪਰ ਭਗਵੰਤ ਮਾਨ ਸਰਕਾਰ ਇਸ ਵਿੱਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ।

# ਸੰਗੀਤਕ ਨਾਟਕ ਪੰਚਲਾਈਟ ਦਾ ਮੰਚਨ

**ਸੰਗਤ ਮੰਡੀ (ਰਾਜਦੀਪ ਜੋਸ਼ੀ)** ਨਾਟਕ ਕੇਵਲ ਅਦਾਕਾਰੀ ਨਹੀਂ, ਸਗੋਂ ਵੱਖ-ਵੱਖ ਕਲਾਵਾਂ ਦਾ ਸੁਮੇਲ ਹੁੰਦਾ ਹੈ, ਜਿਸ ਨੂੰ ਜਦੋਂ ਕਲਾਕਾਰ ਆਪਣੇ ਹੁਨਰ ਨਾਲ ਪੇਸ਼ ਕਰਦੇ ਹਨ ਤਾਂ ਦਰਸ਼ਕ ਉਸਦਾ ਖੂਬ ਆਨੰਦ ਲੈਂਦੇ ਹਨ। ਇਸ ਗੱਲ ਦਾ ਸਬੂਤ ਨਾਟਿਅਮ ਪੰਜਾਬ ਵੱਲੋਂ ਨੌਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਤੇ ਡ੍ਰੀਮ ਹਾਈਟਸ ਦੇ ਸਾਂਝੇ ਸਹਿਯੋਗ ਨਾਲ ਬਠਿੰਡਾ ਦੀ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਕਰਾਏ ਜਾ ਰਹੇ 15ਰੋਜ਼ਾ 12ਵੇਂ ਕੌਮੀ ਨਾਟਕ ਮੇਲੇ ਦੀ ਚੌਥੀ ਸ਼ਾਮ ਵੇਖਣ ਨੂੰ ਮਿਲਿਆ, ਜਦੋਂ ਕੁਰਕਸ਼ੇਤਰ, ਹਰਿਆਣਾ ਤੋਂ ਆਈ ਨਿਊ ਉਥਾਨ ਥੀਏਟਰ ਗਰੁੱਪ ਦੀ ਟੀਮ ਵੱਲੋਂ ਆਪਣੀ ਸੱਭਿਆਚਾਰਕ ਸ਼ੈਲੀ ਦਾ ਪ੍ਰਦਰਸ਼ਨ ਕਰਦੇ ਹੋਏ ਫਨੀਸ਼ਵਰ ਨਾਥ ਰੇਣੂ ਦਾ ਲਿਖਿਆ ਸੰਗੀਤਕ ਨਾਟਕ ਪੰਚਲਾਈਟ ਦਾ ਮੰਚਨ ਕੀਤਾ ਗਿਆ।

ਵਿਕਾਸ ਸ਼ਰਮਾ ਦੀ ਨਿਰਦੇਸ਼ਨਾ 'ਚ ਪੇਸ਼ ਕੀਤੇ ਗਏ ਇਸ ਨਾਟਕ ਵਿੱਚ ਕਲਾਕਾਰਾਂ ਨੇ ਪੁਰਾਣੇ ਜ਼ਮਾਨੇ ਦੇ ਸਮੇਂ ਨੂੰ ਪੇਸ਼ ਕੀਤਾ। ਜਦੋਂ ਬਿਜਲੀ ਦੀ ਖੋਜ ਹਾਲੇ ਹੋਣੀ ਬਾਕੀ ਸੀ ਤੇ ਲਾਲਟੈਨ ਦਾ ਚਾਨਣ ਹੀ ਚਰਚਾ ਦਾ ਵਿਸ਼ਾ ਹੁੰਦਾ ਸੀ। ਨਾਟਕ ਵਿੱਚ ਇੱਕ ਪਿੰਡ ਵਿੱਚ ਲਾਲਟੈਨ ਪਹੁੰਚਣ ਕਾਰਨ ਬਵਾਲ ਹੋ ਜਾਂਦੇ ਹਨ ਤੇ ਉਹ ਲੋਕਾਂ ਨੂੰ ਜਲਾਉਣੀ ਵੀ ਨਹੀਂ ਆ ਰਹੀ ਹੁੰਦੀ, ਜਦੋਂਕਿ ਇਸ ਕੰਮ ਲਈ ਉਨ੍ਹਾਂ ਵੱਲੋਂ ਬਹੁਤ ਕੋਸ਼ਿਸ਼ਾਂ ਵੀ ਕੀਤੀਆਂ ਜਾਂਦੀਆਂ ਹਨ। ਤੁਕਬੰਦੀ ਤੇ ਸੰਗੀਤਾਂ ਨਾਲ ਸਜੇ ਨਾਟਕ ਨੂੰ ਦੇਖ ਕੇ ਦਰਸ਼ਕਾਂ ਨੇ ਠਹਾਕੇ ਲਾਉਂਦਿਆਂ ਨਾਟਕ ਦਾ ਆਨੰਦ ਮਾਣਿਆ। ਇਸ ਮੌਕੇ ਪਹੁੰਚੀਆਂ ਸਨਮਾਨਤ ਸ਼ਖ਼ਸੀਅਤਾਂ ਵਿੱਚ ਪੰਕਜ ਕੁਮਾਰ, ਅਸਿਸਟੈਂਟ ਕਮਿਸ਼ਨਰ (ਜਨਰਲ) ਬਠਿੰਡਾ, ਡਾ. ਗੁਰਸੇਵਕ ਸਿੰਘ, ਐਮਡੀ, ਕੇਅਰ ਹਸਪਤਾਲ, ਮਨਦੀਪ ਕੌਰ ਪ੍ਰਧਾਨ ਬੀਸੀ ਵਿੰਗ ਆਪ ਤੇ ਸੀਨੀਅਰ ਪੱਤਰਕਾਰ ਗੁਰਪ੍ਰੇਮ ਲਹਿਰੀ ਵੱਲੋਂ ਸ਼ਮਾ ਰੌਸ਼ਨ ਕਰਕੇ ਸ਼ਾਮ ਦੀ ਸ਼ੁਰੂਆਤ ਕੀਤੀ ਗਈ ਤੇ ਨਾਟਿਅਮ ਟੀਮ ਨੂੰ ਇਸ ਕੌਮੀ ਆਯੋਜਨ ਲਈ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਪ੍ਰਬੰਧਕਾਂ ਵਿੱਚੋਂ ਕੀਰਤੀ ਕਿਰਪਾਲ, ਡਾ ਵਿਤੁਲ ਗੁਪਤਾ ਤੇ ਡਾ ਪੂਜਾ ਗੁਪਤਾ ਨੇ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ।

# ਨੌਜਵਾਨ ਭਾਰਤ ਸਭਾ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ

**ਸਮਾਣਾ (ਇਕਬਾਲ ਸਿੰਘ ਬੱਲ)**-ਨੌਜਵਾਨ ਭਾਰਤ ਸਭਾ ਜ਼ਿਲ੍ਹਾ ਪਟਿਆਲਾ ਵੱਲੋਂ ਸਮਾਣਾ ਵਿਖੇ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਸੂਬਾ ਕਮੇਟੀ ਮੈਂਬਰ ਦਵਿੰਦਰ ਸਿੰਘ ਛਬੀਲਪੁਰ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿੱਚ ਸਤੰਬਰ, ਅਕਤੂਬਰ ਮਹੀਨੇ ਦੀ ਸਰਗਰਮੀ ਦੀ ਪੜਚੋਲ ਦੇ ਨਾਲ ਨਾਲ ਅਗਲੇ ਕਾਰਜ ਵਜੋਂ ਸੂਬਾ ਪੱਧਰੀ ਸੱਦੇ ਤਹਿਤ 16 ਨਵੰਬਰ ਨੂੰ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਕਨਵੈਨਸ਼ਨ ਕਰਨ ਦਾ ਫੈਸਲਾ ਕੀਤਾ ਗਿਆ, ਜੋ ਕਿ ਸਮਾਣਾ ਵਿਖੇ ਕਰਨੀ ਤੈਅ ਹੋਈ। ਪੰਜਾਬ ਦੇ ਮੌਜੂਦਾ ਹਾਲਾਤਾਂ ਅੰਦਰ ਨੌਜਵਾਨਾਂ ਦੀਆਂ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਨੂੰ ਦੇਖਦੇ ਹੋਏ ਇਸ ਕਨਵੈਨਸ਼ਨ ਨੂੰ ਪੰਜਾਬ ਅੰਦਰ ਨਸ਼ਿਆਂ ਲਈ ਜ਼ਿੰਮੇਵਾਰ ਪੁਲਸ, ਸਿਆਸਤਦਾਨ ਤੇ ਨਸ਼ਾ ਸਮਗਲਰਾਂ ਦੇ ਗੱਠਜੋੜ ਖਿਲਾਫ ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਫਿਰੋਜ਼ਪੁਰ ਤੂੜੀ ਬਾਜ਼ਾਰ ਵਿਖੇ ਸਥਿਤ ਗੁਪਤ ਟਿਕਾਣੇ ਨੂੰ ਮਿਊਜ਼ੀਅਮ 'ਚ ਤਬਦੀਲ ਕਰਨ ਤੇ ਲਾਇਬ੍ਰੇਰੀ ਬਣਾਉਣ ਲਈ ਚੱਲ ਰਹੇ ਸੰਘਰਸ਼ ਨੂੰ ਸਮਰਪਤ ਕਰਨ ਦਾ ਐਲਾਨ ਕੀਤਾ ਗਿਆ। ਕਨਵੈਨਸ਼ਨ ਦੀ ਤਿਆਰੀ ਲਈ ਸਮਾਣਾ, ਪਾਤੜਾਂ ਤੇ ਪਟਿਆਲਾ ਦੇ ਲਾਗਲੇ ਪਿੰਡਾਂ ਦੇ ਨੌਜਵਾਨਾਂ ਨੂੰ ਲਾਮਬੰਦ ਕਰਨ ਲਈ ਵਿਉਂਤਬੰਦੀ ਕੀਤੀ ਗਈ। ਇਸ ਮੌਕੇ ਸੂਬਾ ਆਗੂ ਦਵਿੰਦਰ ਸਿੰਘ ਛਬੀਲਪੁਰ ਤੋਂ ਇਲਾਵਾ ਜ਼ਿਲ੍ਹਾ ਸਕੱਤਰ ਖੁਸ਼ਵੰਤ ਹਨੀ, ਗੁਰਦੀਪ ਸਿੰਘ ਕਲਵਾਣੂ, ਮਨਪ੍ਰੀਤ ਸਿੰਘ ਮਰਦਾਹੇੜੀ, ਹਰਪਾਲ ਸਮਾਣਾ ਆਦਿ ਹਾਜ਼ਰ ਸਨ।



# ਉਦੇਦੀਪ ਸਿੰਘ ਨੇ ਉਪ ਕਮਿਸ਼ਨਰ ਆਬਕਾਰੀ ਦਾ ਅਹੁਦਾ ਸੰਭਾਲਿਆ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸ੍ਰੀ ਉਦੇਦੀਪ ਸਿੰਘ ਸਿੱਧੂ ਨੇ ਆਬਕਾਰੀ ਵਿਭਾਗ, ਪਟਿਆਲਾ ਜ਼ੋਨ ਦੇ ਉਪ ਕਮਿਸ਼ਨਰ ਦਾ ਅਹੁਦਾ ਸੰਭਾਲ ਲਿਆ। ਅਹੁਦਾ ਸੰਭਾਲਣ ਉਪਰੰਤ ਸਿੱਧੂ ਨੇ ਜ਼ੋਨ ਅਧੀਨ ਆਉਂਦੀਆਂ ਰੇਂਜਾਂ ਦੇ ਸਹਾਇਕ ਕਮਿਸ਼ਨਰ (ਆਬਕਾਰੀ) ਤੇ ਆਬਕਾਰੀ ਅਫਸਰਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਆਉਂਦੇ ਤਿਉਹਾਰਾਂ ਦੇ ਮੱਦੇਨਜ਼ਰ ਲਗਾਤਾਰ ਚੈਕਿੰਗਾਂ ਕੀਤੀਆਂ ਜਾਣ ਤੇ ਸ਼ਰਾਬ ਦੀ ਹੋਣ ਵਾਲੀ ਤਸਕਰੀ ਨੂੰ ਰੋਕਣ ਲਈ ਇਮਾਨਦਾਰੀ ਨਾਲ ਆਪਣੇ ਫ਼ਰਜ਼ਾਂ ਦੀ ਪੂਰਤੀ ਕੀਤੀ ਜਾਵੇ।

ਸਿੱਧੂ ਨੇ ਕਿਹਾ ਕਿ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਸ਼ਰਾਬ ਦੀ ਤਸਕਰੀ ਨੂੰ ਰੋਕਣ ਲਈ ਆਬਕਾਰੀ ਵਿਭਾਗ ਵੱਲੋਂ ਪੂਰੀ ਚੌਕਸੀ ਵਰਤਦੇ ਹੋਏ ਸ਼ਰਾਬ ਤਸਕਰੀ 'ਤੇ ਤਿੱਖੀ ਨਜ਼ਰ ਰੱਖੀ ਜਾਵੇਗੀ ਤੇ ਇਸ ਕੰਮ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮੀਟਿੰਗ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਹਰ ਮਹੀਨੇ ਦੀ ਤਰ੍ਹਾਂ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮੀਟਿੰਗ ਟੀਚਰਜ ਹੋਮ ਵਿਖੇ ਹੋਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਡਾਕਟਰ ਜਗਤਾਰ ਸਿੰਘ ਫੂਲ ਦੀ ਹਾਜ਼ਰੀ ਵਿੱਚ ਹੋਈ। ਡਾ. ਮਲਕੀਤ ਸਿੰਘ ਸੰਧੂ ਨੇ ਆਪਣੇ ਵਿਚਾਰ ਪੇਸ਼ ਕੀਤੇ ਗਏ ਤੇ ਸਾਰੇ ਡਾਕਟਰ ਸਾਥੀਆਂ ਨੂੰ ਸਾਫ਼ ਸੁਥਰੀ ਪ੍ਰੈਕਟਿਸ ਕਰਨ ਲਈ ਕਿਹਾ ਗਿਆ। ਡਾਕਟਰ ਭਰਥਰੀ ਸ਼ਰਮਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸਰਕਾਰ ਨੂੰ ਸਾਡੀਆਂ ਮੰਗਾਂ ਵੱਲ ਧਿਆਨ ਦੇਣ ਲਈ ਕਿਹਾ ਤੇ ਸਾਰਿਆਂ ਨੂੰ ਰਲ ਮਿਲ ਕੇ ਸਾਥ ਦੇਣ ਲਈ ਬੇਨਤੀ ਕੀਤੀ। ਇਸ ਤੋਂ ਇਲਾਵਾ ਦੂਨ ਪਬਲਿਕ ਸਕੂਲ ਦੇ ਸਟਾਫ਼ ਨੇ ਵੀ ਸ਼ਿਰਕਤ ਕੀਤੀ ਤੇ ਕਰੋਨਾ ਕਾਲ ਵੇਲੇ ਕੀਤੀ ਡਾਕਟਰ ਸਾਥੀਆਂ ਦੀ ਸੇਵਾ ਲਈ ਡਾਕਟਰ ਸਾਥੀਆਂ ਦਾ ਧੰਨਵਾਦ ਕੀਤਾ।

ਡਾਕਟਰ ਰਵੇਲ ਸਿੰਘ ਮਹਿਰਾਜ ਨੇ ਡਾਕਟਰ ਸਾਥੀਆਂ ਨੂੰ ਸਮੇਂ ਦੇ ਪਾਬੰਦ ਤੇ ਅਨੁਸ਼ਾਸਨ ਵਿੱਚ ਕੰਮ ਕਰਨ ਲਈ ਕਿਹਾ ਤੇ ਬਲਾਕ ਰਾਮਪੁਰਾ ਨੂੰ ਇਕ ਅਨੁਸ਼ਾਸਨੀ ਕਮੇਟੀ ਦਾ ਗਠਨ ਕਰਨ ਲਈ ਕਿਹਾ। ਡਾਕਟਰ ਜਗਤਾਰ ਸਿੰਘ ਫੂਲ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਸਾਰੇ ਸਾਥੀਆਂ ਨੂੰ ਨਸ਼ਾ ਰਹਿਤ ਪ੍ਰੈਕਟਿਸ ਕਰਨ ਲਈ ਕਿਹਾ। ਜੇਕਰ ਕੋਈ ਸਾਥੀ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਸ ਸਾਥੀ ਕੋਈ ਮਦਦ ਨਹੀਂ ਕੀਤੀ ਜਾਵੇਗੀ। ਡਾਕਟਰ ਨਿਰਮਲ ਸਿੰਘ ਬਲਾਕ ਪ੍ਰਧਾਨ ਨੇ ਮੀਟਿੰਗ 'ਚ ਪਹੁੰਚਣ ਤੇ ਸਾਰੇ ਡਾਕਟਰ ਸਾਥੀਆਂ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਇਸ ਮੀਟਿੰਗ 'ਚ ਡਾਕਟਰ ਕੌਰ ਸਿੰਘ ਕੈਸ਼ੀਅਰ, ਡਾਕਟਰ ਜਗਵਿੰਦਰ ਸਿੰਘ, ਡਾਕਟਰ ਰਜਿੰਦਰ ਸਿੰਘ ਭਾਈਰੂਪਾ, ਡਾਕਟਰ ਰੇਸ਼ਮ ਸਿੰਘ ਫੂਲ, ਡਾਕਟਰ ਮਲਕੀਤ ਸਿੰਘ, ਡਾਕਟਰ ਦੇਵ ਰਾਜ ਕੌਰੜੇ ਕੌੜਿਆਂ ਵਾਲੇ ਸੈਕਟਰੀ, ਡਾਕਟਰ ਮਨਜੀਤ ਸਿੰਘ ਪ੍ਰੈਸ ਸਕੱਤਰ ਤੇ ਵੱਡੀ ਗਿਣਤੀ ਵਿੱਚ ਡਾਕਟਰ ਸਾਥੀ ਹਾਜ਼ਰ ਸਨ।

# ਪੰਜਾਬ ਖੱਤਰੀ ਸਭਾ ਦੀ ਕੋਰ ਕਮੇਟੀ ਦੇ ਮੈਂਬਰਾਂ ਦੀਆਂ ਨਿਯੁਕਤੀਆਂ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਖੇਤਰੀ ਸਭਾ ਦੇ ਪ੍ਰਧਾਨ ਦਲਜੀਤ ਸਿੰਘ ਜ਼ਖ਼ਮੀ ਦੁਆਰਾ ਪੰਜਾਬ ਖੇਤਰੀ ਸਭਾ ਦੇ ਜ਼ਿਲ੍ਹਿਆਂ ਵਿੱਚ ਕੋਰ ਕਮੇਟੀ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਖੇਤਰੀ ਸਭਾ ਦੇ ਪਰਵਾਰਾਂ ਦੀ ਏਕਤਾ ਤੇ ਭਾਈਚਾਰਾ ਕਾਇਮ ਕਰਨਾ, ਖੱਤਰੀ ਸਭਾ ਦੇ ਪਰਿਵਾਰਾਂ ਵਿਚ ਦੁੱਖ-ਸੁੱਖ ਵਿੱਚ ਸਹਾਈ ਹੋਣਾ, ਖੱਤਰੀ ਸਭਾ ਦੇ ਪਰਵਾਰਾਂ ਦੇ ਆਪਸੀ ਮਤਭੇਦ ਦੂਰ ਕਰਨ-ਕਰਾਉਣ ਦਾ ਯਤਨ ਕਰਨਾ, ਖੱਤਰੀ ਸਭਾ ਦੇ ਪਰਵਾਰਾਂ ਦੇ ਹਰ ਔਕੜਾਂ ਵਿੱਚ ਜਾਇਜ਼ ਯੋਗ ਮਦਦ ਕਰਨਾ, ਖੱਤਰੀ ਸਭਾ ਦੇ ਪਰਵਾਰਾਂ ਦੇ ਲੜਕੇ-ਲੜਕੀਆਂ ਲਈ ਕੰਨਿਆਵਾਂ ਤੇ ਵਰਾਂ ਦੀ ਭਾਲ ਵਿੱਚ ਯਥਾ ਯੋਗ ਮਦਦ ਕਰਨਾ, ਖੇਤਰੀ ਬਰਾਦਰੀ ਦੇ ਰਸਮ ਰਿਵਾਜਾਂ ਵਿੱਚ ਯੋਗ ਸੁਧਾਰ ਲਿਆਉਣ 'ਚ ਸਹਾਇਕ ਹੋ ਸਕਣ, ਜਿਸ ਵਿੱਚ ਮੋਗਾ-ਸ੍ਰੀਮਤੀ ਮੀਨਾ ਕੋਹਲੀ, ਮੋਗਾ-ਸ੍ਰੀ ਦੀਪਕ ਕੌੜਾ ਤੇ ਵਰਿੰਦਰ ਕੌੜਾ, ਅਹਿਮਦਗੜ੍ਹ-ਸ੍ਰੀ ਰਾਜਿੰਦਰਪਾਲ ਪੁਰੀ, ਭਾਦਸੋਂ-ਸ੍ਰੀ ਸੰਜੀਵ ਕੁਮਾਰ ਲੇਖੀ, ਧੂਰੀ-ਸ੍ਰੀ ਰਾਏ ਚੰਦ ਭਗਰੀਆ, ਬਠਿੰਡਾ-ਸ੍ਰੀ ਨਰੋਤਮ ਬੱਤਾ ਅਤੇ ਜਗਦੀਸ਼ ਵਰਮਾ, ਮੰਡੀ ਗੋਬਿੰਦਗੜ੍ਹ-ਸ੍ਰੀ ਪਵਨ ਸੋਫਤ ਅਤੇ ਡਾ. ਜਗਮੋਹਨ ਕੌਸਲ, ਲੁਧਿਆਣਾ-ਸ੍ਰੀ ਜਗਦੀਸ਼ ਚੰਦ ਧੀਰ, ਮਾਛੀਵਾੜਾ-ਸ੍ਰੀ ਸੋਹਨ ਲਾਲ ਮਾਰਕਨ, ਪਟਿਆਲਾ-ਸ੍ਰੀ ਪਵਨ ਮਹਿਤਾ, ਰੋਪੜ-ਸ੍ਰੀ ਚਰਨਜੀਤ ਓਬਰਾਏ ਰੂਬੀ, ਖੰਨਾ-ਸ੍ਰੀ ਭਰਪੂਰ ਚੰਦ ਬੈਕਟਰ, ਨਾਭਾ-ਸ੍ਰੀ ਸੁਭਾਸ਼ ਸਾਹੀ, ਬਰਨਾਲਾ-ਸ੍ਰੀ ਨਰਿੰਦਰ ਚੋਪੜਾ, ਫ਼ਾਜ਼ਿਲਕਾ-ਸ੍ਰੀ ਗੁਰਜਿੰਦਰ ਸਿੰਘ ਚੋਪੜਾ, ਮੁਕਤਸਰ-ਸ੍ਰੀ ਸੁਦਰਸ਼ਨ ਸਿੰਘ ਬੇਦੀ, ਗੁਰਦਾਸਪੁਰ-ਸ੍ਰੀ ਦਰਸ਼ਨ ਕੁਮਾਰ, ਕੋਟਕਪੂਰਾ-ਸ੍ਰੀ ਰਾਜਿੰਦਰ ਕਕਰੀਆ, ਅਮਰਗੜ੍ਹ-ਸ੍ਰੀ ਐਡਵੋਕੇਟ ਕੇ.ਕੇ. ਰਿਵਾੜੀ, ਸਰਹਿੰਦ-ਸ੍ਰੀ ਰਵਿੰਦਰ ਪੁਰੀ, ਜਲੰਧਰ-ਸ੍ਰੀ ਪਰਦੀਪ ਤਲਵਾਰ, ਧੂਰੀ-ਸ੍ਰੀ ਵਰਿੰਦਰ ਕੁਮਾਰ, ਪਠਾਨਕੋਟ-ਸ੍ਰੀ ਰਾਜੇਸ਼ ਕੁਮਾਰ ਪੁਰੀ, ਮੋਹਾਲੀ-ਸ੍ਰੀ ਅਮਿਤ ਮਰਵਾਹਾ, ਹੁਸ਼ਿਆਰਪੁਰ-ਸ੍ਰੀ ਰਾਜਿੰਦਰ ਕੁਮਾਰ ਵਿਜ, ਜਲੰਧਰ-ਸ੍ਰੀ ਰਾਮ ਭਜ ਕਟਿਆਲ, ਚੰਡੀਗੜ੍ਹ-ਡਾ. ਜਸਪਾਲ ਚੰਦ ਵਧਵਰ, ਤਰਨਤਾਰਨ-ਸ੍ਰੀ ਦਲਜੀਤ ਸਿੰਘ ਕੋਹਲੀ,ਖੰਨਾ-ਸ੍ਰੀ ਅਸ਼ੋਕ ਕੁਮਾਰ ਵਿਜ, ਸੰਦੀਪ ਲੂੰਬਾ ਸਮਾਣਾ, ਸੁਰਿੰਦਰ ਧੀਰ ਰਾਮਪੁਰਾ, ਵਿਜੇ ਕਨੋਤਰਾ ਦੀਨਾ ਨਗਰ,ਸੰਜੀਵ ਓਹਰੀ ਦੀਨਾ ਨਗਰ, ਸੁਰਿੰਦਰ ਬੈਰੀ ਫ਼ਿਰੋਜ਼ਪੁਰ, ਵਿਨੋਦ ਕਪੂਰ ਖਰੜ, ਸਚਿਨ ਪੁਰੀ ਮੋਰਿੰਡਾ, ਨੇਪਾਲ ਸਿੰਘ ਬੇਦੀ ਮੁਕਤਸਰ, ਸ਼ਿਵ ਕੁਮਾਰ ਜਗੋਤਾ ਨੰਗਲ, ਰੋਮੀ ਵਡੇਰਾ ਪਠਾਨਕੋਟ, ਸੰਜੀਵ ਕੁਮਾਰ ਡੋਲਾ ਰਾਜਪੁਰਾ, ਸੰਜੀਵ ਪੁਰੀ ਮਲੌਦ ਨਿਯੁਕਤ ਕੀਤੇ ਗਏ।

# ਸ਼ਿਵਾਜ ਸਿੰਘ ਭੋਲਾ ਮਸਤੇਵਾਲ ਦੇ ਪਿਤਾ ਨੂੰ ਸੇਜਲ ਅੱਖਾਂ ਨਾਲ ਵਿਦਾਈ



**ਕੋਟ ਈਸੇ ਖਾਂ (ਅਰੋੜਾ)**-ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਤੇ ਮੌਜੂਦਾ ਕਾਂਗਰਸ ਬਲਾਕ ਪ੍ਰਧਾਨ ਸ਼ਿਵਾਜ ਭੋਲਾ ਮਸਤੇਵਾਲ ਦੇ ਪਿਤਾ ਮਹਿੰਦਰ ਸਿੰਘ, ਜਿਨ੍ਹਾਂ ਦਾ ਦੇਹਾਂਤ ਹੋ ਗਿਆ ਸੀ ਤੇ ਜਿਹੜੇ ਦਿਹਾਤੀ ਯੂਥ ਅਕਾਲੀ ਦਲ ਦੇ ਪ੍ਰਧਾਨ ਮਨਫੂਲ ਸਿੰਘ ਲਾਡੀ ਮਸਤੇਵਾਲ ਦੇ ਤਾਇਆ ਵੀ ਸਨ, ਦਾ ਉਨ੍ਹਾਂ ਦੇ ਪਿੰਡ ਮਸਤੇਵਾਲ ਦੀ ਸ਼ਮਸ਼ਾਨਘਾਟ ਵਿਖੇ ਸੇਜਲ ਅੱਖਾਂ ਨਾਲ ਵੱਡੀ ਗਿਣਤੀ ਵਿੱਚ ਪਹੁੰਚੇ ਸਾਕ ਸੰਬੰਧੀਆਂ, ਸੱਜਣ ਮਿੱਤਰ ਤੇ ਸਨੇਹੀਆਂ ਦੀ ਹਾਜ਼ਰੀ ਵਿੱਚ ਅੰਤਮ ਸੰਸਕਾਰ ਕਰ ਦਿੱਤਾ ਗਿਆ, ਜਿਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਸ਼ਿਵਾਜ ਸਿੰਘ ਭੋਲਾ ਵੱਲੋਂ ਵਿਖਾਈ ਗਈ। ਦੱਸਣਾ ਬਣਦਾ ਹੈ ਕਿ ਇਨ੍ਹਾਂ ਦਾ ਪਿੱਛੋਂ ਤੋਂ ਲੈ ਕੇ ਸਾਰਾ ਪਰਵਾਰ ਰਾਜਨੀਤਕ ਪਿੜ ਵਿੱਚ ਚੰਗੀ ਮੁਹਾਰਤ ਰੱਖਦਾ ਆ ਰਿਹਾ ਹੈ ਤੇ ਇਸੇ ਦਾ ਹੀ ਨਤੀਜਾ ਹੈ ਕਿ ਮਹਿੰਦਰ ਸਿੰਘ ਦੇ ਵਿੱਛੜ ਜਾਣ 'ਤੇ ਹਰੇਕ ਰਾਜਨੀਤਕ ਪਾਰਟੀ ਦੇ ਆਗੂ ਤੇ ਵਰਕਰ ਉਨ੍ਹਾਂ ਦੇ ਗ੍ਰਹਿ ਵਿਖੇ ਦੁੱਖ ਸਾਂਝਾ ਕਰਨ ਲਈ ਹਾਜ਼ਰੀ ਲਵਾ ਰਹੇ ਹਨ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸਾਬਕਾ ਹਲਕਾ ਧਰਮਕੋਟ ਦੇ ਕਾਂਗਰਸ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਸੁਖਜੀਤ ਸਿੰਘ ਕਾਕਾ ਲੋਹਗੜ੍ਹ, 'ਆਪ' ਦੇ ਮਾਰਕੀਟ ਕਮੇਟੀ ਕੋਟ ਈਸੇ ਖਾਂ ਦੇ ਚੇਅਰਮੈਨ ਸ੍ਰੀ ਅਮਨਦੀਪ ਸਿੰਘ ਪੰਡੋਰੀ, ਅਕਾਲੀ ਦਲ ਦੇ ਹਲਕਾ ਧਰਮਕੋਟ ਦੇ ਇੰਚਾਰਜ ਬਰਜਿੰਦਰ ਸਿੰਘ ਬਰਾੜ, ਸੀਪੀਆਈ (ਐਮ) ਦੇ ਜ਼ਿਲ੍ਹਾ ਸਕੱਤਰ ਕਾ: ਜੀਤਾ ਸਿੰਘ ਨਾਰੰਗ, ਇੰਦਰਜੀਤ ਸਿੰਘ ਚੇਅਰਮੈਨ ਤਲਵੰਡੀ ਭੰਗੇਰੀਆਂ, ਇਕਬਾਲ ਸਿੰਘ ਸਮਰਾ ਲੋਹਗੜ੍ਹ, ਸੋਹਣਾ ਸਿੰਘ ਖੇਲਾ ਪ੍ਰਧਾਨ ਜ਼ਿਲ੍ਹਾ ਯੂਥ ਕਾਂਗਰਸ, ਕ੍ਰਿਸ਼ਨ ਤਿਵਾੜੀ ਸਕੱਤਰ ਪੀਪੀਸੀਸੀ, ਗੁਰਬੀਰ ਸਿੰਘ ਗੋਗਾ ਸਾਬਕਾ ਚੇਅਰਮੈਨ, ਮੁਲਾਜ਼ਮ ਸਫਾ ਵਿੱਚ ਜਾਣੇ ਪਛਾਣੇ ਜਸਵਿੰਦਰ ਸਿੰਘ ਸਿੱਧੂ 'ਆਪ' ਕੁਆਡੀਨੇਟ, ਦਰਸ਼ਨ ਸਿੰਘ ਲਲਿਹਾਂਦੀ, ਅਮਨਦੀਪ ਸਿੰਘ ਗਿੱਲ ਪ੍ਰਧਾਨ ਫ਼ਤਿਹਗੜ੍ਹ ਪੰਜਤੂਰ, ਗੁਰਮੀਕ ਸਿੰਘ ਭੁੱਲਰ ਚੇਅਰਮੈਨ ਦਸਮੇਸ਼ ਸਕੂਲ, ਅਵਤਾਰ ਸਿੰਘ ਪੀਏ ਲੋਹਗੜ੍ਹ, ਜਸਵਿੰਦਰ ਸਿੰਘ ਬਲਖੰਡੀ ਸਾਬਕਾ ਚੇਅਰਮੈਨ ਤੇ ਸੰਦੀਪ ਸੰਧੂ ਆਦਿ ਸ਼ਾਮਲ ਸਨ।

# ਸਿਹਤ ਵਿਭਾਗ ਵੱਲੋਂ ਟੈਲੀ ਮਾਨਸ ਪੰਜਾਬ ਪ੍ਰੋਗਰਾਮ ਅਧੀਨ ਬੈਨਰ ਤੇ ਪੋਸਟਰ ਜਾਰੀ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਪੰਜਾਬ ਸਰਕਾਰ ਲੋਕਾਂ ਨੂੰ ਤੰਦਰੁਸਤ ਰੱਖਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ, ਜਿਸ ਤਹਿਤ ਪੰਜਾਬ ਸਰਕਾਰ ਵੱਲੋਂ ਟੈਲੀ ਮਾਨਸ ਪੰਜਾਬ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਗਰਾਮ ਸਬੰਧੀ ਸਿਹਤ ਵਿਭਾਗ ਵੱਲੋਂ ਦਫਤਰ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਵਿਖੇ ਡਾ. ਰੀਟਾ ਬਾਲਾ ਸਿਵਲ ਸਰਜਨ ਦੀ ਯੋਗ ਅਗਵਾਈ ਵਿੱਚ ਬੈਨਰ ਤੇ ਪੋਸਟਰ ਜਾਰੀ ਕੀਤੇ ਗਏ। ਬੈਨਰ ਤੇ ਪੋਸਟਰ ਜਾਰੀ ਕਰਦੇ ਹੋਏ ਡਾ. ਪ੍ਰਭਜੀਤ ਸਿੰਘ ਸਹਾਇਕ ਸਿਵਲ ਸਰਜਨ ਨੇ ਕਿਹਾ ਕਿ ਸਾਡੇ ਸਮਾਜ ਵਿੱਚ ਮਾਨਸਿਕ ਰੋਗਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਕਾਰਨ ਲੋਕ ਬੀਮਾਰ ਹੋਣ ਦੇ ਨਾਲ ਨਾਲ ਆਤਮ ਹੱਤਿਆ ਵੀ ਵਧ ਰਹੀਆਂ ਹਨ। ਉਨ੍ਹਾ ਕਿਹਾ ਕਿ ਮਾਨਸਿਕ ਰੋਗਾਂ ਸਬੰਧੀ ਜਾਣਕਾਰੀ ਦੇਣ ਲਈ ਮਾਨਸਿਕ ਸਿਹਤ ਪ੍ਰੋਗਰਾਮ ਅਧੀਨ ਪੰਜਾਬ ਸਰਕਾਰ ਵੱਲੋਂ ਟੈਲੀ ਮਾਨਸ ਪੰਜਾਬ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਅਧੀਨ ਅਸੀਂ ਟੋਲ ਫ੍ਰੀ ਨੰਬਰ 14416 'ਤੇ ਕਾਲ ਕਰਕੇ ਆਪਣੇ ਮਾਨਸਿਕ ਰੋਗਾਂ ਤੇ ਉਨ੍ਹਾਂ ਦੇ ਇਲਾਜ ਬਾਰੇ ਮੁਫਤ ਜਾਣਕਾਰੀ ਹਾਸਲ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਮਾਨਸਿਕ ਰੋਗਾਂ ਨੂੰ ਛੁਪਾਉਣਾ ਨਹੀਂ ਚਾਹੀਦਾ, ਸਗੋਂ ਇਨ੍ਹਾਂ ਬਾਰੇ ਦੱਸ ਕੇ ਮਾਹਰ ਡਾਕਟਰ ਤੋਂ ਇਲਾਜ ਕਰਵਾਉਣਾ ਚਾਹੀਦਾ ਹੈ।

ਇਸ ਮੌਕੇ ਡਾ. ਬੰਦਨਾ ਬਾਂਸਲ ਡੀ.ਐੱਮ.ਸੀ. ਨੇ ਕਿਹਾ ਕਿ ਮਾਨਸਿਕ ਬਿਮਾਰੀ ਤੋਂ ਪੀੜਤ ਲੋਕ ਸੰਸਾਰ ਦੇ ਹਰੇਕ ਦੇਸ਼ ਵਿੱਚ ਮਿਲਦੇ ਹਨ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਾਰੇ ਹਸਪਤਾਲਾਂ ਵਿੱਚ ਮਾਨਸਿਕ ਰੋਗਾਂ ਦੀਆਂ ਦਵਾਈਆਂ ਮੁਫਤ ਉਪਲਬਧ ਹਨ। ਸਾਨੂੰ ਆਪਣੇ ਬੱਚਿਆਂ ਤੇ ਪਰਵਾਰ ਨੂੰ ਵੱਧ ਤੋਂ ਵੱਧ ਸਮਾਂ ਦੇਣਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਬਿਮਾਰੀ ਤੋਂ ਬਚਾਇਆ ਜਾ ਸਕੇ। ਇਸ ਮੌਕੇ ਸੁਖਮੰਦਰ ਸਿੰਘ ਜ਼ਿਲ੍ਹਾ ਮਾਸ ਮੀਡੀਆ ਅਫਸਰ ਨੇ ਦੱਸਿਆ ਕਿ ਡਿਪਰੈਸ਼ਨ (ਉਦਾਸੀ ਰੋਗ) ਨੂੰ ਛੁਪਾਉਣਾ ਨਹੀਂ ਚਾਹੀਦਾ। ਇਸ ਸਬੰਧੀ ਸਕੇ ਸਬੰਧੀਆਂ ਨਾਲ ਗੱਲਬਾਤ ਕਰਕੇ ਇਸ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਇਸ ਮੌਕੇ ਦੀਪਕ ਕੁਮਾਰ ਡੀ.ਪੀ.ਐੱਮ.,ਸ਼ਿਵਪਾਲ ਸਿੰਘ ਡੀ.ਸੀ.ਐੱਮ, ਭੁਪਿੰਦਰ ਸਿੰਘ ਸਟੈਨੋ ਆਦਿ ਹਾਜ਼ਰ ਸਨ।


**ਉੱਤਰ ਰੇਲਵੇ**

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਚਾਰ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 16.11.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
|---|---|---|---|---|---|
| ਨਿਵਿਦਾ ਅਪਲੋਡ ਕਰਨ ਦੀ ਮਿਤੀ | 25.10.2023 | ਬੋਲੀ ਸ਼ੁਰੂ ਦੀ ਮਿਤੀ | 02.11.2023 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 16.11.2023 15:00 ਵਜੇ |

| ਲ.ਨੰ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ |
|---|---|---|
| 1. | 285-2023-24-UHP-DRM-FZR | ਸਹਾਇਕ ਮੰਡਲ ਇੰਜੀਨੀਅਰ/ਉਧਮਪੁਰ ਦੇ ਤਹਿਤ ਆਉਣ ਵਾਲੇ ਸੈਕਸ਼ਨ ਜੰਮੂ-ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਸੈਕਸ਼ਨ ਤੇ ਕਿਮੀ 15 ਤੋਂ 15.560 ਤਕ, ਕਿਮੀ. 19 ਤੋਂ 23 ਕਿਮੀ. 41 ਤੋਂ 43 ਅਤੇ ਕਿਮੀ. 49 ਤੋਂ 51 ਤਕ ਟੀਆਰਆਰ (ਪੀ) 8.56 ਕਿ.ਮੀ. ਦਾ ਕੰਮ ਕਰਨ ਲਈ। |

| ਵਿਗਿਆਪਨ ਮੂਲ | ਬਿਆਨਾ ਰਾਸ਼ੀ | ਆਫਰ ਦੀ ਵੈਲੀਡਿਟੀ | ਸਮਾਪਤੀ ਦਾ ਸਮਾਂ |
|---|---|---|---|
| ₹1,67,25,399.05 | ₹2,33,600/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ - ਪੂਰਾ ਟ੍ਰੈਕ ਨਵੀਨੀਕਰਨ/ਪੂਰਾ ਰੇਲ ਨਵੀਨੀਕਰਨ/ ਪੂਰਾ ਫਿਟਿੰਗ ਨਵੀਨੀਕਰਨ/ ਪੂਰਾ ਟਰਨ ਆਊਟ ਨਵੀਨੀਕਰਨ, ਟ੍ਰੈਕ ਮੇਂਟੇਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਨਾਲ ਟਰਨ ਆਊਟ ਨਵੀਨੀਕਰਨ ਦਾ ਕੰਮ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ. : 285-2023-24-UHP-DRM-FZR

ਤਾਰੀਕ: 25.10.2023 3344/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਤਕਨੀਕੀ ਵਿੱਦਿਅਕ ਅਦਾਰੇ ਨੌਜਵਾਨਾਂ ਨੂੰ ਵਿਕਾਸ ਦੇ ਰਾਹ 'ਤੇ ਅੱਗੇ ਲਿਆ ਰਹੇ : ਡਾ. ਸੁਸ਼ੀਲ ਮਿੱਤਲ

ਸ੍ਰੀ ਅੰਮ੍ਰਿਤਸਰ ਸਾਹਿਬ (ਜਸਬੀਰ ਸਿੰਘ ਪੱਟੀ)-ਤਕਨੀਕੀ ਵਿੱਦਿਅਕ ਸੰਸਥਾਵਾਂ ਰਾਜ ਅਤੇ ਦੇਸ਼ ਵਿੱਚ ਹੁਨਰ ਵਿਕਾਸ ਨੂੰ ਉਤਸ਼ਾਹਤ ਕਰਦੀਆਂ ਹਨ। ਅੱਜ ਤਕਨੀਕੀ ਵਿੱਦਿਅਕ ਅਦਾਰੇ ਨੌਜਵਾਨ ਪੀੜ੍ਹੀ ਨੂੰ ਰੁਜ਼ਗਾਰ ਦੇ ਚਾਹਵਾਨ ਹੀ ਨਹੀਂ ਸਗੋਂ ਰੁਜ਼ਗਾਰ ਦੇਣ ਵਾਲੇ ਬਣਾ ਰਹੇ ਹਨ। ਇਸ ਸਥਿਤੀ ਵਿੱਚ ਸੈਕੰਡਰੀ ਸਕੂਲ ਜਾਣ ਵਾਲੇ ਵਿਦਿਆਰਥੀਆਂ ਦੇ ਮਾਪਿਆਂ, ਸਕੂਲ ਸਿੱਖਿਆ ਅਧਿਕਾਰੀਆਂ, ਸਕੂਲ ਮੁਖੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨੌਜਵਾਨ ਪੀੜ੍ਹੀ ਨੂੰ ਆਪਣੇ ਆਲੇ-ਦੁਆਲੇ ਦੀਆਂ ਤਕਨੀਕੀ ਸਿੱਖਿਆ ਸੰਸਥਾਵਾਂ ਨਾਲ ਜੋੜਨ ਅਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਉਨ੍ਹਾਂ ਨੂੰ ਤਕਨੀਕੀ ਸਿਖਿਆ ਦੇ ਵਿੱਦਿਅਕ ਅਦਾਰਿਆਂ ਵਿੱਚ ਦਾਖਲਾ ਲੈਣ ਲਈ ਉਤਸ਼ਾਹਤ ਕਰਨ। ਅਜਿਹਾ ਕਹਿਣਾ ਹੈ ਸੂਬੇ ਦੀ ਸਭ ਤੋਂ ਵੱਡੀ ਤਕਨੀਕੀ ਯੂਨੀਵਰਸਿਟੀ ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ. ਪੀ.ਟੀ.ਯੂ.) ਦੇ ਵਾਈਸ ਚਾਂਸਲਰ (ਉਪ-ਕੁਲਪਤੀ) ਡਾ. ਸੁਸ਼ੀਲ ਮਿੱਤਲ ਦਾ। ਡਾ. ਮਿੱਤਲ ਯੂਨੀਵਰਸਿਟੀ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਕੈਂਪਸ ਵਿਖੇ ਕਰਵਾਏ ਸੈਮੀਨਾਰ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਅੰਮ੍ਰਿਤਸਰ ਕੈਂਪਸ ਵਿਖੇ "ਤਕਨੀਕੀ ਸਿੱਖਿਆ ਵਿੱਚ ਬਿਹਤਰ ਭਵਿੱਖ ਦੀਆਂ ਸੰਭਾਵਨਾਵਾਂ" ਵਿਸ਼ੇ 'ਤੇ



ਰੌਸ਼ਨੀ ਪਾਉਣ ਦੇ ਉਦੇਸ਼ ਨਾਲ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਤਕਨੀਕੀ ਸਿੱਖਿਆ ਦੇ ਭਵਿੱਖ ਅਤੇ ਸਾਡੇ ਨੌਜਵਾਨਾਂ ਲਈ ਪ੍ਰਦਾਨ ਕੀਤੀਆਂ ਜਾ ਰਹੀਆਂ ਬੇਅੰਤ ਸੰਭਾਵਨਾਵਾਂ ਦੀ ਪੜਚੋਲ ਕਰਨ ਲਈ ਇਕੱਠੇ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰੋਫੈਸਰ (ਡਾ.) ਅਸ਼ੀਸ਼ ਅਰੋੜਾ, ਡਾਇਰੈਕਟਰ, ਆਈ.ਕੇ.ਜੀ.ਪੀ.ਟੀ.ਯੂ. ਅੰਮ੍ਰਿਤਸਰ ਕੈਂਪਸ ਦੇ ਸਵਾਗਤੀ ਭਾਸ਼ਣ ਨਾਲ ਹੋਈ।

ਪ੍ਰੋਫੈਸਰ ਅਰੋੜਾ ਨੇ ਆਏ ਹੋਏ ਮਹਿਮਾਨਾਂ, ਸਨਮਾਨਤ ਪ੍ਰਤੀਭਾਗੀਆਂ ਅਤੇ ਮੁੱਖ ਮਹਿਮਾਨ ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਸੁਸ਼ੀਲ ਮਿੱਤਲ ਦਾ ਨਿੱਘਾ ਸਵਾਗਤ ਕੀਤਾ। ਪਹਿਲੇ ਸੈਸ਼ਨ ਵਿੱਚ ਵੀ.ਸੀ ਡਾ. ਮਿੱਤਲ ਨੇ ਦੇਸ਼ ਦੇ ਭਵਿੱਖ ਨੂੰ ਸੰਵਾਰਨ ਵਿੱਚ ਵਿੱਦਿਅਕ ਸੰਸਥਾਵਾਂ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ। ਸੈਮੀਨਾਰ ਵਿੱਚ ਯੂਨੀਵਰਸਿਟੀ ਦੇ ਡੀਨ ਪ੍ਰੋਫੈਸਰ (ਡਾ.) ਸਤਵੀਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ, ਜਿਨ੍ਹਾਂ ਨੇ ਤਕਨੀਕੀ ਸਿੱਖਿਆ ਵਿੱਚ ਕਰੀਅਰ ਦੀਆਂ ਸੰਭਾਵਨਾਵਾਂ ਬਾਰੇ ਚਰਚਾ ਕੀਤੀ। ਨੀਲਮ ਮਹੇ, ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ, ਅੰਮ੍ਰਿਤਸਰ, ਨੇ ਵਿਦਿਆਰਥੀਆਂ ਲਈ ਤਕਨੀਕੀ ਸਿੱਖਿਆ ਦੀ ਮਹੱਤਤਾ ਬਾਰੇ ਆਪਣਾ ਦ੍ਰਿਸ਼ਟੀਕੋਣ ਸਾਂਝਾ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਸ਼ੀਲ ਕੁਮਾਰ ਤੁਲੀ ਵੀ ਹਾਜ਼ਰ ਸਨ।

ਇਸ ਪ੍ਰੋਗਰਾਮ ਵਿੱਚ ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ ਦੇ ਡਿਪਟੀ ਸੀ ਈ ਓ ਤੀਰਥ ਪਾਲ ਸਿੰਘ, ਜ਼ਿਲ੍ਹਾ ਕੈਰੀਅਰ ਗਾਈਡੈਂਸ ਕਾਊਂਸਲਰ ਜਸਬੀਰ ਸਿੰਘ ਗਿੱਲ ਸਮੇਤ ਕਈ ਉੱਘੀਆਂ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ। ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ ਦੇ ਕਰੀਅਰ ਕਾਊਂਸਲਰ ਗੌਰਵ ਕੁਮਾਰ ਨੂੰ ਵੀ ਸਨਮਾਨਤ ਕੀਤਾ ਗਿਆ! ਪ੍ਰੋਫੈਸਰ (ਡਾ.) ਅਮਿਤ ਸਰੀਨ ਨੇ ਸਾਰੇ ਭਾਗੀਦਾਰਾਂ ਦਾ ਅੰਮ੍ਰਿਤਸਰ ਕੈਂਪਸ ਲਈ ਉਹਨਾਂ ਦੀ ਸਰਗਰਮ ਭਾਗੀਦਾਰੀ ਅਤੇ ਸਮਰਥਨ ਲਈ ਧੰਨਵਾਦ ਕੀਤਾ। ਸੈਮੀਨਾਰ ਵਿੱਚ ਆਈ ਕੇ ਜੀ ਪੀ ਟੀ ਯੂ ਅੰਮ੍ਰਿਤਸਰ ਕੈਂਪਸ ਦੇ ਡਿਪਟੀ ਰਜਿਸਟਰਾਰ ਸੌਰਭ ਸ਼ਰਮਾ ਅਤੇ ਸੰਸਥਾ ਦੇ ਫੈਕਲਟੀ ਮੈਂਬਰ ਵੀ ਹਾਜ਼ਰ ਸਨ।

# ਭੱਠਾ ਮਜ਼ਦੂਰਾਂ ਨੂੰ ਬਣਦੀ ਮਜ਼ਦੂਰੀ ਨਾ ਮਿਲਣ ਕਾਰਨ ਅਣਮਿੱਥੇ ਸਮੇਂ ਦੀ ਹੜਤਾਲ ਦਾ ਸੱਦਾ





ਪਠਾਨਕੋਟ (ਦਵਿੰਦਰ ਸਿੰਘ)-ਗਰਮੀ ਦੇ ਸੀਜ਼ਨ ਦੌਰਾਨ ਘੱਟ ਮਜ਼ਦੂਰੀ ਦੇਣ ਵਾਲੇ ਭੱਠਾ ਮਾਲਕਾਂ ਖਿਲਾਫ ਕਾਰਵਾਈ ਕਰਨ ਅਤੇ ਬਕਾਇਆ ਮਜ਼ਦੂਰੀ ਦਿਵਾਉਣ ਲਈ ਸੈਂਕੜੇ ਭੱਠਾ ਮਜ਼ਦੂਰਾਂ ਨੇ ਡਿਪਟੀ ਕਮਿਸ਼ਨਰ ਜ਼ਿਲ੍ਹਾ ਪਠਾਨਕੋਟ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ। ਡਿਪਟੀ ਕਮਿਸ਼ਨਰ ਦੇ ਵਿਸ਼ੇਸ਼ ਦੌਰੇ 'ਤੇ ਹੋਣ ਕਰਕੇ ਤਹਿਸੀਲਦਾਰ ਪਠਾਨਕੋਟ ਲਸ਼ਮਣ ਸਿੰਘ ਨੇ ਮੰਗ ਪੱਤਰ ਲਿਆ। ਉਨ੍ਹਾਂ ਦੇ ਨਾਲ ਲੇਬਰ ਇਨਫੋਰਸਮੈਂਟ ਅਫਸਰ ਵੀ ਹਾਜ਼ਰ ਸਨ। ਵਾਪਸੀ ਦੌਰਾਨ ਧਰਨੇ ਵਿੱਚ ਬੈਠੇ ਮਜ਼ਦੂਰਾਂ ਦੀਆਂ ਮੰਗਾਂ/ਮੁਸ਼ਕਲਾਂ ਸੁਣਨ ਉਪਰੰਤ ਡਿਪਟੀ ਕਮਿਸ਼ਨਰ ਜ਼ਿਲ੍ਹਾ ਪਠਾਨਕੋਟ ਨੇ ਮੰਗਾਂ ਦਾ ਫੌਰੀ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ। ਲਾਲ ਝੰਡਾ ਪੰਜਾਬ ਲੇਬਰ ਯੂਨੀਅਨ ਸਬੰਧਤ ਸੀਟੀਯੂ ਪੰਜਾਬ ਦੇ ਆਗੂਆਂ ਕਾਮਰੇਡ ਸ਼ਿਵ ਕੁਮਾਰ, ਜਸਵੰਤ ਸਿੰਘ ਬੁੱਟਰ, ਦਰਸ਼ਨ ਸਿੰਘ ਅਤੇ ਮਨਹਰਨ ਨੇ ਕਿਹਾ ਕਿ ਜੇਕਰ ਭੱਠਾ ਮਾਲਕਾਂ ਨੇ ਗਰਮੀ ਦੇ ਸੀਜ਼ਨ ਦਾ ਬਕਾਇਆ ਰੇਟ ਮਜ਼ਦੂਰਾਂ ਨੂੰ ਇੱਕ ਹਫਤੇ ਦੇ ਅੰਦਰ ਅੰਦਰ ਨਾ ਦਿੱਤਾ ਤਾਂ ਭੱਠਿਆਂ ਉਪਰ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਜਾਣ ਦਾ ਸੱਦਾ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਲੇਬਰ ਵਿਭਾਗ ਦੇ ਅਧਿਕਾਰੀਆਂ ਨੇ ਆਨਾ-ਕਾਨੀ ਕਰਨ ਦੀ ਕੋਸ਼ਿਸ਼ ਕੀਤੀ ਤਾਂ 3 ਨਵੰਬਰ 2023 ਨੂੰ ਲੇਬਰ ਕਮਿਸ਼ਨਰ ਪੰਜਾਬ ਦੇ ਮੁੱਖ ਦਫਤਰ ਮੁਹਾਲੀ ਵਿਖੇ ਟਰੇਡ ਯੂਨੀਅਨਾਂ ਦੀ ਸਾਂਝੀ ਰੈਲੀ ਵਿੱਚ ਵੀ ਇਹ ਮੁੱਦਾ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਭੱਠਾ ਮਜ਼ਦੂਰਾਂ ਗੋਵਰਧਨ, ਨੁਤੇਸ਼ ਕੁਮਾਰ, ਦਜਾਰਾਮ, ਯਾਦਰਾਮ, ਸੰਤ ਰਾਮ, ਸੰਤੋਸ਼, ਰਾਮ ਚੰਦ, ਗੇਂਦਰਾਮ, ਲਛਮਣ, ਰਾਜ ਕੁਮਾਰ, ਕਰਿਸ਼ਨਾ ਬਬਲੂ, ਵਿਸ਼ਨੂੰ ਪ੍ਰਹਿਲਾਦ ਅਤੇ ਭੱਠਾ ਮਜ਼ਦੂਰਾਂ ਦੇ ਸਮਰਥਨ ਵਿੱਚ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਅਜੀਤ ਰਾਮ ਗੰਦਲਾਂ ਲਾਹੜੀ ਅਤੇ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੇ ਆਗੂ ਸਾਥੀ ਸੋਹਨ ਲਾਲ ਨੇ ਭੱਠਾ ਮਜ਼ਦੂਰਾਂ ਦੀਆਂ ਮੰਗਾਂ ਨੂੰ ਮਨਵਾਉਣ ਲਈ ਸੰਘਰਸ਼ ਵਿੱਚ ਹਰ ਸੰਭਵ ਮਦਦ ਦੇਣ ਦਾ ਐਲਾਨ ਕੀਤਾ।

# 255 ਗ੍ਰਾਮ ਹੈਰੋਇਨ ਸਮੇਤ ਨੌਜਵਾਨ ਕਾਬੂ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਵਲਟੋਹਾ ਪੁਲਸ ਵੱਲੋਂ ਇੱਕ ਨੌਜਵਾਨ ਨੂੰ 255 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸਬ ਡਵੀਜ਼ਨ ਭਿੱਖੀਵਿੰਡ ਦੇ ਡੀਐੱਸਪੀ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਐੱਸਐੱਚਓ ਵਲਟੋਹਾ ਗੁਰਚਰਨ ਸਿੰਘ ਵੱਲੋਂ ਭੈੜੇ ਪੁਰਸ਼ਾਂ ਨੂੰ ਦਬੋਚਣ ਲਈ ਗੁਪਤ ਸੂਚਨਾ ਦੇ ਆਧਾਰ 'ਤੇ ਅਲਗੋਂ ਹਵੇਲੀਆਂ ਨੇੜੇ ਪੈਂਦੇ ਪੁਲ 'ਤੇ ਨਾਕਾਬੰਦੀ ਕੀਤੀ ਗਈ ਸੀ। ਸ਼ਾਮ ਨੂੰ ਸਮਾਂ ਕਰੀਬ 5:35 ਵਜੇ ਇੱਕ ਨੌਜਵਾਨ ਜੋ ਮੋਟਰਸਾਈਕਲ ਤੇ ਸਵਾਰ ਹੋ ਕੇ ਵਲਟੋਹੇ ਵਾਲੇ ਪਾਸਿਓਂ ਆ ਰਿਹਾ ਸੀ, ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਅਤੇ ਉਸ ਨੇ ਆਪਣੇ ਖੱਬੇ ਹੱਥ ਵਿੱਚ ਫੜਿਆ ਲਿਫਾਫਾ ਸੜਕ ਦੇ ਖੱਬੇ ਪਾਸੇ ਸੁੱਟ ਕੇ ਮੋਟਰਸਾਈਕਲ ਮੋੜ ਕੇ ਭੱਜਣਾ ਸ਼ੁਰੂ ਕਰ ਦਿੱਤਾ, ਜਿਸ ਤੋਂ ਬਾਅਦ ਪੁਲਸ ਪਾਰਟੀ ਨੇ ਉਸ ਨੂੰ ਕਾਬੂ ਕਰ ਲਿਆ।

ਜ਼ਿਕਰਯੋਗ ਹੈ ਕਿ ਪੁਲਸ ਪਾਰਟੀ ਵੱਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਉਪਰੋਕਤ ਨੌਜਵਾਨ ਨੇ ਆਪਣਾ ਨਾਮ ਅਮਨਦੀਪ ਸਿੰਘ ਉਰਫ ਅਮਨ ਪੁੱਤਰ ਮੋਹਨ ਲਾਲ ਵਾਸੀ ਅਮਰਕੋਟ ਦੱਸਿਆ ਹੈ। ਜਦੋਂ ਪੁਲਸ ਪਾਰਟੀ ਨੇ ਸੜਕ ਕਿਨਾਰੇ ਸੁੱਟੇ ਲਿਫਾਫੇ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 255 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ ਦੇ ਆਧਾਰ 'ਤੇ ਉਪਰੋਕਤ ਨੌਜਵਾਨ ਖਿਲਾਫ ਸਬੰਧਤ ਧਾਰਾਵਾਂ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਖ਼ਾਲਸਾ ਇੰਟਰਨੈਸ਼ਨਲ ਪਬਲਿਕ ਸਕੂਲ ਲਿਟ ਆਰਟ ਮੁਕਾਬਲੇ 'ਚ ਫਸਟ ਰਨਰਅੱਪ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ )-ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਦੇ ਵਿਦਿਆਰਥੀਆਂ ਨੇ ਵਿਜ਼ਨਰੀ ਵੈਂਚਰਜ਼ ਮੁਕਾਬਲੇ 'ਚ ਵਧੀਆ ਪ੍ਰਦਰਸ਼ਨ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ।



ਸਕੂਲ ਵਿਦਿਆਰਥੀਆਂ ਨੇ ਸਪਰਿੰਗ ਡੇਲ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ ਵਿਖੇ ਵੱਖ-ਵੱਖ ਵਿਸ਼ਿਆਂ 'ਤੇ ਅਧਾਰਤ ਮੁਕਾਬਲਿਆਂ ਦੌਰਾਨ ਲਿਟ ਆਰਟ ਮੁਕਾਬਲੇ 'ਚ ਵਧੀਆ ਕਾਰਗੁਜ਼ਾਰੀ ਦਿਖਾਉਂਦਿਆਂ ਫਸਟ ਰਨਰਅੱਪ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਨਿਰਮਲਜੀਤ ਕੌਰ ਗਿੱਲ ਨੇ ਜੇਤੂ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਭੇਟ ਕਰਦਿਆਂ ਦੱਸਿਆ ਕਿ ਵਿਜ਼ਨਰੀ ਵੈਂਚਰਜ਼ ਮੁਕਾਬਲੇ 'ਚ ਭਾਗ ਲੈਂਦਿਆਂ ਏਕਸਪ੍ਰੀਤ ਕੌਰ ਅਤੇ ਇਸ਼ਿਤਾ ਮਿਨਹਾਸ ਦੀ ਟੀਮ ਨੇ ਫ਼ਸਟ ਰਨਰਅੱਪ ਦਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਇਸ ਮੌਕੇ ਅਧਿਆਪਕਾਂ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ, ਜਿਨ੍ਹਾਂ ਦੇ ਸਹਿਯੋਗ ਅਤੇ ਵਿਸ਼ੇਸ਼ ਉਪਰਾਲਿਆਂ ਸਦਕਾ ਵਿਦਿਆਰਥੀਆਂ ਨੇ ਜੇਤੂ ਇਨਾਮ ਹਾਸਲ ਕੀਤੇ ਹਨ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

## 'ਆਪ' ਦੇ ਨਵ-ਨਿਯੁਕਤ ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ ਦਾ ਸਨਮਾਨ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਕੁਲਦੀਪ ਸਿੰਘ ਧਾਲੀਵਾਲ ਵੱਲੋਂ ਪਾਰਟੀ ਪ੍ਰਤੀ ਨਿਸ਼ਕਾਮ ਸੇਵਾਵਾਂ ਨਿਭਾਉਣ ਨਾਤੇ ਸੀਨੀਅਰ



ਆਗੂ ਤੇ ਨਗਰ ਪੰਚਾਇਤ ਅਜਨਾਲਾ ਦੇ ਸਵੱਛ ਅਭਿਆਨ ਦੇ ਬ੍ਰਾਂਡ ਅੰਬੈਸਡਰ ਦਵਿੰਦਰ ਸਿੰਘ ਸੋਨੂੰ ਨੂੰ ਮੁੜ ਦੂਜੀ ਵਾਰ 'ਆਪ' ਦੇ ਬਲਾਕ ਅਜਨਾਲਾ ਦਾ ਪ੍ਰਧਾਨ ਥਾਪੇ ਜਾਣ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਪਾਰਟੀ ਆਗੂਆਂ ਤੇ ਵਲੰਟੀਅਰਾਂ ਵੱਲੋਂ ਸਾਬਕਾ ਕੌਂਸਲਰ ਬਲਜਿੰਦਰ ਸਿੰਘ ਮਾਹਲ, ਕੌਂਸਲਰ ਬੀਬੀ ਗਿਆਨ ਕੌਰ, ਕੌਂਸਲਰ ਅਵਿਨਾਸ਼ ਮਸੀਹ ਦੀ ਸਾਂਝੀ ਅਗਵਾਈ 'ਚ ਕਰਵਾਏ ਇੱਕ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਨਵ-ਨਿਯੁਕਤ ਪ੍ਰਧਾਨ ਦਵਿੰਦਰ ਸਿੰਘ ਸੋਨੂੰ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ 'ਆਪ' ਦੇ ਫਾਊਂਡਰ ਮੈਂਬਰ ਪਵਿੱਤਰ ਸਿੰਘ ਫੈਂਸੀ, ਅਮਰਦੀਪ ਸਿੰਘ ਰਿੰਕੂ, ਸੀਨੀ.ਆਗੂ ਜਸਪਿੰਦਰ ਸਿੰਘ ਛੀਨਾ, ਅਮਿਤ ਔਲ, ਅਜੇ ਕੁਮਾਰ, ਅਮਿਤ ਪੁਰੀ, ਬੱਬੂ ਖੋਜੀ ਤੇੜਾ, ਦੀਪਕ ਭੱਟੀ, ਮਿਸ ਗੀਤਾ ਗਿੱਲ, ਗੁਰਨਾਮ ਸਿੰਘ, ਸੁਖਦਿਆਲ ਸਿੰਘ, ਰਸ਼ਪਾਲ ਸਿੰਘ ਕੋਟਲਾ, ਗੁਰਦੇਵ ਸਿੰਘ ਗੁਲਾਬ, ਸਰਬਜੀਤ ਸਿੰਘ ਚੱਕ, ਪ੍ਰਗਟ ਸਿੰਘ ਬੱਲ, ਬੱਬੂ ਅਜਨਾਲਾ, ਬੀਬੀ ਸਰੋਜ, ਬੀਬੀ ਹਰਿੰਦਰਪਾਲ ਕੌਰ ਮੱਤੇਨੰਗਲ ਆਦਿ ਹਾਜ਼ਰ ਸਨ।

## ਬਾਲ ਮਜ਼ਦੂਰੀ ਤੇ ਬਾਲ ਭਿੱਖਿਆ ਰੋਕਣ ਲਈ ਲੋਕਾਂ ਨੂੰ ਕੀਤਾ ਜਾਗਰੂਕ

ਕਲਾਨੌਰ, (ਮਨਦੀਪ ਕੁਮਾਰ ਕੋਹਲੀ)-ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖਿਆ ਨੂੰ ਉੱਚਾ ਚੁੱਕਣ ਅਤੇ ਬਾਲ ਮਜ਼ਦੂਰੀ ਨੂੰ ਰੋਕਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਅੱਜ ਕਲਾਨੌਰ ਵਿੱਚ ਮਾਨਯੋਗ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਾਲ ਮਜ਼ਦੂਰੀ ਅਤੇ ਬਾਲ ਭਿੱਖਿਆ ਨੂੰ



ਰੋਕਣ ਲਈ ਉਪ ਮੰਡਲ ਅਫਸਰ ਦੀ ਅਗਵਾਈ ਵਿੱਚ ਸੀਡੀਪੀਓ ਮੈਡਮ ਸੁਦੇਸ਼ ਕੁਮਾਰੀ ਸਮੇਤ ਬਲਾਕ ਪੱਧਰੀ ਟਾਸਕ ਫੋਰਸ ਵੱਲੋਂ ਰੇਡ ਕੀਤੀ ਗਈ। ਇਹ ਰੇਡ ਬਾਬਾ ਕਾਰ ਕਲੋਨੀ ਤੋਂ ਸ਼ੁਰੂ ਹੋ ਕੇ ਕਲਾਨੌਰ ਬੱਸ ਸਟੈਂਡ ਮੇਨ ਬਾਜ਼ਾਰਾਂ ਵਿੱਚੋਂ ਹੁੰਦੀ ਹੋਈ ਸ਼ਿਵ ਮੰਦਿਰ ਤੱਕ ਕੀਤੀ ਗਈ ਜਿਸ ਵਿੱਚ ਬੱਚਿਆਂ ਦੇ ਮਾਤਾ-ਪਿਤਾ ਨੂੰ ਅਤੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਉਹ ਆਪਣੇ ਬੱਚਿਆਂ ਦੇ ਵਧੀਆ ਭਵਿੱਖ ਲਈ ਬੱਚਿਆਂ ਨੂੰ ਬਾਲ ਮਜ਼ਦੂਰੀ ਨਾ ਕਰਵਾਉਣ, ਬੱਚਿਆਂ ਨੂੰ ਸਕੂਲਾਂ ਵਿੱਚ ਭੇਜ ਕੇ ਉਨ੍ਹਾਂ ਨੂੰ ਪੜ੍ਹਾਈ ਕਰਵਾਈ ਜਾਵੇ। ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਮੁਫਤ ਸਿੱਖਿਆ ਦਿੱਤੀ ਜਾਂਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾ ਨਾ ਰਹੇ। ਇਸ ਜਾਗਰੂਕਤਾ ਅਭਿਆਨ ਵਿੱਚ ਸੀਡੀਪੀਓ ਦਫਤਰ ਦੇ ਕਰਮਚਾਰੀ, ਹੈਲਥ ਮਹਿਕਮੇ ਵੱਲੋਂ ਗੁਰਪ੍ਰੀਤ ਪਾਲ, ਪ੍ਰਭਜੋਤ ਸਿੰਘ ਐੱਚਆਈ ਅਤੇ ਸਿੱਖਿਆ ਮਹਿਕਮੇ ਦੇ ਮੁਲਾਜ਼ਮ ਵੀ ਮੌਜੂਦ ਸਨ।

## ਬਾਪੂ ਕਾਬਲ ਸਿੰਘ ਦੀਆਂ ਅਸਥੀਆਂ ਜਲ ਪ੍ਰਵਾਹ

ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਪੰਜਾਬੀ ਲੋਕ ਗਾਇਕ ਧੀਰਾ ਗਿੱਲ ਦੇ ਸਤਿਕਾਰਯੋਗ ਪਿਤਾ ਬਾਪੂ ਕਾਬਲ ਸਿੰਘ ਗਿੱਲ ਜੋ ਸੰਖੇਪ ਬਿਮਾਰੀ ਪਿੱਛੋਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਦੀਆਂ



ਅਸਥੀਆਂ ਪਰਿਵਾਰਕ ਮੈਂਬਰਾਂ ਵੱਲੋਂ ਧਾਰਮਿਕ ਰਵਾਇਤਾਂ ਅਨੁਸਾਰ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਵਿਖੇ ਇਸ਼ਨਾਨ ਕਰਵਾਉਣ ਉਪਰੰਤ ਦਰਿਆ ਬਿਆਸ ਵਿਖੇ ਜਲ ਪ੍ਰਵਾਹ ਕਰ ਦਿੱਤੀਆਂ ਗਈਆਂ। ਪਰਿਵਾਰਕ ਮੈਂਬਰਾਂ ਤੋਂ ਮਿਲੀ ਜਣਕਾਰੀ ਅਨੁਸਾਰ ਉਨ੍ਹਾਂ ਦੀ ਅੰਤਿਮ ਅਰਦਾਸ 31 ਅਕਤੂਬਰ ਨੂੰ ਪਿੰਡ ਦੁਬਲੀ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਵਿਖੇ ਹੋਵੇਗੀ। ਇਸ ਮੌਕੇ ਗਾਇਕ ਧੀਰਾ ਗਿੱਲ ਅਤੇ ਪਰਿਵਾਰ ਨਾਲ ਗੁਰਲਾਲ ਰੂਹਾਨੀ, ਕਮੇਡੀ ਕਲਾਕਾਰ ਕਾਂਸ਼ੀ ਰਾਮ ਚੰਨ, ਸਾਬੀ ਅਟਵਾਲ, ਸੁਖਜਿੰਦਰ ਸਿੰਘ ਨਿੱਕੂ ਸਫਰੀ, ਕਾਬਲ ਖਡੂਰ ਸਾਹਿਬ, ਕਰਨ ਰੂਹਾਨੀ, ਸੁਰਜੀਤ ਲਾਲਕਾ ਨੇ ਦੁੱਖ ਪ੍ਰਗਟ ਕੀਤਾ।

## ਐੱਨ. ਸੀ. ਸੀ. ਦਾ ਉਦੇਸ਼ ਕੈਡਿਟਾਂ ਦੇ ਆਤਮ-ਵਿਸ਼ਵਾਸ ਨੂੰ ਵਧਾਉਣਾ: ਰੂਹੀ ਭਗਤ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂ ਵਿਖੇ ਫਸਟ ਪੰਜਾਬ ਗਰਲਜ਼ ਬਟਾਲੀਅਨ, ਅੰਮ੍ਰਿਤਸਰ ਦੇ ਕਮਾਂਡਿੰਗ ਅਫਸਰ ਕਰਨਲ ਅਮਨਦੀਪ ਸਿੰਘ ਔਲਖ (ਸੈਨਾ ਮੈਡਲ) ਅਤੇ ਸੂਬੇਦਾਰ ਮੇਜਰ ਸਤਪਾਲ ਸਿੰਘ ਵੱਲੋਂ ਸਕੂਲ ਦਾ ਦੌਰਾ ਕੀਤਾ ਗਿਆ । ਇਸ ਮੌਕੇ ਪੀ. ਆਈ. ਸਟਾਫ



ਦੁਆਰਾ ਜੋ ਐੱਨ. ਸੀ. ਸੀ. ਕੈਡਿਟਾਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ ਉਸ ਨੂੰ ਦੇਖਿਆ ਗਿਆ ਅਤੇ ਟ੍ਰੇਨਿੰਗ ਨੂੰ ਹੋਰ ਵਧੀਆ ਅਤੇ ਬਿਹਤਰੀਨ ਬਣਾਉਣ ਲਈ ਕਿਹਾ ਗਿਆ। ਇਸ ਮੌਕੇ ਐੱਨ. ਸੀ. ਸੀ. ਇੰਚਾਰਜ ਲੈਫਟੀਨੈਂਟ ਰੂਹੀ ਭਗਤ ਅਤੇ ਸਾਰੇ ਕੈਡਿਟਾਂ ਨਾਲ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਐੱਨ.ਸੀ.ਸੀ. ਦਾ ਉਦੇਸ਼ ਕੈਡਿਟਾਂ ਦੇ ਆਤਮ-ਵਿਸ਼ਵਾਸ ਨੂੰ ਵਧਾਉਣਾ ਅਤੇ ਉਨ੍ਹਾਂ ਦੀਆਂ ਮੁੱਢ ਪ੍ਰਨਾਲੀਆਂ ਨੂੰ ਡੂੰਘਾ ਕਰਨਾ ਅਤੇ ਉਨ੍ਹਾਂ ਨੂੰ ਸਾਡੇ ਦੇਸ਼ ਦੇ ਅਮੀਰ ਸੱਭਿਆਚਾਰ ਅਤੇ ਪਰੰਪਰਾਵਾਂ ਨਾਲ ਜਾਣੂ ਕਰਵਾਉਣਾ ਹੈ। ਸਕੂਲ ਪ੍ਰਿੰ. ਸ਼ਾਲਿਨੀ ਦੱਤਾ ਵੱਲੋਂ ਕਰਨਲ ਅਮਨਦੀਪ ਸਿੰਘ ਔਲਖ ਦਾ ਹਾਰਦਿਕ ਸਵਾਗਤ ਕੀਤਾ ਗਿਆ ਅਤੇ ਇਸ ਦੌਰੇ ਤੇ ਆਉਣ ਲਈ ਧੰਨਵਾਦ ਕੀਤਾ। ਇਸ ਮੌਕੇ ਸਕੂਲ ਉੱਪ ਪ੍ਰਿੰ. ਪਰਮਿੰਦਰ ਕੌਰ, ਹੈੱਡ ਮਾਸਟਰ ਪਰਮਜੀਤ ਸਿੰਘ, ਹਰਦੀਪ ਸਿੰਘ ਲੈਫਟੀਨੈਂਟ ਰੂਹੀ ਭਗਤ, ਹਵਲਦਾਰ ਜਗਦੀਸ ਸਿੰਘ ਅਤੇ ਹਵਲਦਾਰ ਰਣਜੀਤ ਸਿੰਘ ਹਾਜ਼ਰ ਸਨ।

# ਮੁਆਵਜ਼ਾ ਲੈਣ ਲਈ ਫਾਈਲਾਂ ਤੁਰੰਤ ਐੱਸਡੀਐੱਮ-2 ਦੇ ਦਫ਼ਤਰ ਜਮ੍ਹਾਂ ਕਰਵਾਉਣ ਦੀ ਅਪੀਲ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਐੱਸ. ਡੀ. ਐੱਮ. ਅੰਮ੍ਰਿਤਸਰ-2 ਨਿਕਾਸ ਕੁਮਾਰ ਨੇ ਉਕਤ ਤਹਿਸੀਲ ਦੇ ਇਲਾਕਾ ਵਾਸਿਆਂ ਨੂੰ ਅਪੀਲ ਕਰਦੇ ਕਿਹਾ ਕਿ ਦਿੱਲੀ-ਅੰਮ੍ਰਿਤਸਰ-ਕੱਟੜਾ ਅਤੇ ਭਾਰਤ ਮਾਲਾ ਐਕਸਪ੍ਰੈਸ ਸੜਕ ਵਿੱਚ ਜਿਨ੍ਹਾਂ ਦੀ ਜ਼ਮੀਨ ਆਈ ਹੈ ਉਹ ਆਪਣੇ ਪੈਸੇ ਲੈਣ ਲਈ ਐੱਸਡੀਐੱਮ ਅੰਮ੍ਰਿਤਸਰ-2 ਦੇ ਦਫ਼ਤਰ ਜੋ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਧਰਾਤਲੀ ਮੰਜ਼ਿਲ 'ਤੇ ਸਥਿੱਤ ਹੈ, ਵਿਖੇ ਆ ਕੇ ਆਪਣੀਆਂ ਫਾਈਲਾਂ ਜਮ੍ਹਾ ਕਰਵਾਉਣ ਤਾਂ ਜੋ ਉਨ੍ਹਾਂ ਦੀ ਬਣਦੀ ਅਵਾਰਡ ਰਾਸ਼ੀ ਬੈਂਕ ਖਾਤਿਆਂ ਵਿੱਚ ਭੇਜੀ ਜਾ ਸਕੇ। ਉਨ੍ਹਾਂ ਦੱਸਿਆ ਕਿ ਭਾਰਤ ਮਾਲਾ ਪ੍ਰੋਜੈਕਟ ਲਈ ਪੰਡੋਰੀ, ਵਰਪਾਲ, ਬੋਹਦ, ਝੀਤਾ ਖੁਰਦ, ਖਾਪੜ ਖੇੜ੍ਹੀ, ਮਹਿਮਾ, ਮੰਡਿਆਲਾ, ਇਬਨ ਖੁਰਦ, ਬਾਸਰਕੇ ਭੈਣੀ, ਗੁਰੂਵਾਲੀ, ਗੁਮਾਨਪੁਰਾ, ਮੁੱਲਾ ਬਹਿਰਾਮ, ਚੱਕ ਮੁਕੰਦ, ਝੀਤਾ ਕਲਾਂ, ਥਾਂਦੇ, ਰਾਮਪੁਰਾ, ਇਬਨ ਕਲਾਂ, ਚੱਬਾ, ਖੁਰਮਣੀਆਂ ਅਤੇ ਰੱਖ ਝੀਤਾ ਪਿੰਡਾਂ ਦੀ ਜ਼ਮੀਨ ਸਬੰਧੀ ਨੋਟੀਫਿਕੇਸ਼ਨ ਜਾਰੀ ਹੋ ਚੁੱਕਾ ਹੈ। ਇਸ ਤੋਂ ਇਲਾਵਾ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈਸ ਲਈ ਬੱਲ ਖੁਰਦ, ਮੀਰਾਂ ਕੋਟ ਕਲਾਂ, ਮੁਰਾਦਪੁਰਾ, ਭੈਣੀ ਗਿੱਲਾਂ, ਪੰਡੋਰੀ ਵੜੈਚ , ਫਹਿਤਗੜ੍ਹ ਸ਼ੁੱਕਰਚੱਕ, ਵੇਰਕਾ, ਰੱਖ ਝੀਤਾ, ਮਾਨਾਂਵਾਲਾ, ਬਿਸ਼ੰਬਰਪੁਰਾ, ਓਠੀਆਂ ਪਿੰਡ ਦੀ



ਜ਼ਮੀਨ ਸਬੰਧੀ ਨੋਟੀਫਿਕੇਸ਼ਨ ਜਾਰੀ ਹੋ ਕੇ ਅਵਾਰਡ ਰਾਸ਼ੀ ਐਲਾਨੀ ਜਾ ਚੁੱਕੀ ਹੈ। ਉਨਾਂ ਕਿਹਾ ਕਿ ਜਿਨ੍ਹਾਂ ਵੀ ਲੋਕਾਂ ਦੀ ਜ਼ਮੀਨ ਜਾਂ ਹੋਰ ਥਾਂ ਇਸ ਸੜਕ ਲਈ ਲਿਆ ਗਿਆ ਹੈ, ਉਹ ਆਪਣੀ ਫਾਈਲ ਜਿਸ ਵਿੱਚ ਦਰਖਾਸਤ, ਪੋਜ਼ੈਸ਼ਨ ਸਰਟੀਫਿਕੇਟ, ਆਧਾਰ ਕਾਰਡ, ਪੈਨ ਕਾਰਡ, ਬੈਂਕ ਦੀ ਪਾਸਬੁੱਕ ਦੀ ਫੋਟੋਕਾਪੀ ਜੋ ਕਿ ਨੋਟਰੀ ਪਬਲਿਕ ਤੋਂ ਤਸਦੀਕਸ਼ੁਦਾ ਹੋਵੇ, ਤਾਜ਼ਾ ਲਈ ਗਈ ਫਰਦ ਜਮਾਬੰਦੀ, ਸੇਵਾ ਕੇਂਦਰ ਤੋਂ ਤਸਦੀਕ ਕੀਤਾ ਫੋਟੋ ਵਾਲਾ ਮੁਆਵਜ਼ਾ ਬਾਂਡ ਅਤੇ ਹਲਕਾ ਪਟਵਾਰੀ ਕਾਨੂੰਨਗੋ ਤੇ ਤਹਿਸੀਲਦਾਰ ਤੋਂ ਤਸਦੀਕ ਕੀਤਾ ਰਿਪੋਰਟ ਪ੍ਰੋਫਾਰਮਾ ਲੈ ਕੇ ਕਿਸੇ ਵੀ ਕੰਮ ਵਾਲੇ ਦਿਨ ਐੱਸਡੀਐੱਮ. ਅੰਮ੍ਰਿਤਸਰ-2 ਦੇ ਦਫ਼ਤਰ ਵਿਖੇ ਜਮ੍ਹਾ ਕਰਵਾਉਣ।

## ਤਿਓਹਾਰੀ ਮੌਸਮ ਦਾ ਜਸ਼ਨ ਸ਼ੁੱਧ ਖੰਡ ਨਾਲ ਮਨਾਓ

ਲੁਧਿਆਣਾ : ਖੰਡ, ਭਾਰਤੀ ਰਸੋਈ ਦੀਆਂ ਪਰੰਪਰਾਵਾਂ ਦਾ ਇੱਕ ਅਨਿੱਖੜਵਾਂ ਅੰਗ ਹੈ। ਪੈਕ ਕੀਤੀ ਚੀਨੀ ਸਫਾਈ ਦੇ ਇੱਕ ਬੇਮਿਸਾਲ ਪੱਧਰ ਦੀ ਪੇਸ਼ਕਸ਼ ਕਰਦੀ ਹੈ। ਨਾਲ ਹੀ ਮਧੁਰ ਸ਼ੂਗਰ ਵਰਗਾ ਪ੍ਰਸਿੱਧ ਬ੍ਰਾਂਡ ਜੋ ਕਿ ਭਾਰਤ ਵਿਚ ਵਿਕਣ ਵਾਲਾ ਨੰਬਰ ਵਨ ਬ੍ਰਾਂਡ ਹੈ, ਨਾ ਸਿਰਫ ਇਹ ਸੁਨਿਸ਼ਚਿਤ ਕਰਦਾ ਹੈ ਕਿ ਖੰਡ ਨੂੰ ਫੈਕਟਰੀ ਤੋਂ ਲੈ ਕੇ ਪਲੇਟ ਤੱਕ ਮਨੁੱਖੀ ਹੱਥਾਂ ਨਾਲ ਛੂਹਿਆ ਨਾ ਜਾਵੇ, ਸਗੋਂ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਖੰਡ ਵਿਚ ਘੱਟੋ-ਘੱਟ 99.9% ਸੁਕਰੋਜ਼ ਹੋਵੇ ਅਤੇ ਮਿਲਾਵਟ ਕਰਨ ਦੀ ਕੋਈ ਗੁੰਜਾਇਸ਼ ਨਾ ਛੱਡੀ ਜਾਵੇ।

ਕੁਝ ਸਸਤੀ ਖੰਡ ਖਾਸ ਤੌਰ 'ਤੇ ਖੁੱਲ੍ਹੀ ਖੰਡ ਕਈ ਵਾਰ ਪੁਰਾਣੀ ਸਲਫਿਟੇਸ਼ਨ ਪ੍ਰਕਿਰਿਆ ਦੀ ਵਰਤੋਂ ਕਰਕੇ ਵੀ ਬਣਾਈ ਜਾਂਦੀ ਹੈ, ਜਿਸ ਨਾਲ ਖੰਡ ਵਿੱਚ ਸਲਫਰ ਦੀ ਉੱਚ ਮਾਤਰਾ ਰਹਿ ਜਾਂਦੀ ਹੈ ਜਿਸਦਾ ਇੱਕ ਸਪਸ਼ਟ ਸੰਕੇਤ ਇਹ ਹੈ ਕਿ ਖੰਡ ਦਾ ਰੰਗ ਫਿੱਕਾ ਹੁੰਦਾ ਹੈ ਅਤੇ ਸਮਾਂ ਬੀਤਣ ਨਾਲ ਹੌਲੀ-ਹੌਲੀ ਪੀਲਾ ਹੋ ਜਾਂਦਾ ਹੈ।

# ਆਰ ਡੀ ਖੋਸਲਾ ਸਕੂਲ ਦੇ ਚਾਰ ਵਿਦਿਆਰਥੀਆਂ ਦੀ ਰਾਜ ਪੱਧਰੀ ਕਰਾਟੇ ਟੀਮ ਲਈ ਚੋਣ

ਬਟਾਲਾ (ਤਰਲੋਕ ਬੱਗਾ)-ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਖੇਡਾਂ ਦੇ ਜ਼ਿਲ੍ਹਾ ਪੱਧਰੀ ਕਰਾਟੇ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਅੱਠ ਵਿਦਿਆਰਥੀਆਂ ਨੇ ਪਹਿਲਾ ਅਤੇ ਚਾਰ ਵਿਦਿਆਰਥੀਆਂ ਨੇ ਦੂਜਾ ਸਥਾਨ ਹਾਸਲ ਕੀਤਾ। ਸਕੂਲ ਦੇ ਚਾਰ ਵਿਦਿਆਰਥੀ ਰਾਜ ਪੱਧਰੀ ਕਰਾਟੇ ਮੁਕਾਬਲੇ ਲਈ ਚੁਣੇ ਗਏ। ਅੰਡਰ 14 ਲੜਕੀਆਂ ਦੀ ਕਰਾਟੇ ਟੀਮ ਵਿੱਚ ਦਿਵਿਆ ਅਤੇ ਕਾਰਤਿਸ਼ਾ ਨੇ ਪਹਿਲਾ, ਵੈਸ਼ਾਲੀ ਅਤੇ ਕੋਸ਼ਿਕਾ ਮਹਾਜਨ ਨੇ ਦੂਜਾ ਸਥਾਨ ਹਾਸਲ ਕੀਤਾ।

ਅੰਡਰ 14 ਅਤੇ 17 ਲੜਕਿਆਂ ਦੀ ਕਰਾਟੇ ਟੀਮ ਵਿੱਚ ਦਾਨਿਸ਼ ਬਾਵਾ, ਜਗਦੀਸ਼ ਸਿੰਘ, ਸੁਖਮਨਪ੍ਰੀਤ ਸਿੰਘ, ਜੈਦੀਪ ਸਿੰਘ, ਅਦਿੱਤਿਆ ਅਤੇ ਕਰਨਬੀਰ ਸਿੰਘ ਨੇ ਪਹਿਲਾ, ਰਾਜਦੀਪ ਸਿੰਘ ਅਤੇ ਸਹਿਜਪ੍ਰੀਤ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਰਾਜ ਪੱਧਰੀ ਕਰਾਟੇ ਮੁਕਾਬਲੇ ਲਈ ਜਗਦੀਸ਼ ਸਿੰਘ,



ਜੈਦੀਪ ਸਿੰਘ, ਆਦਿਤਿਆ ਅਤੇ ਕਰਨਬੀਰ ਸਿੰਘ ਦੀ ਚੋਣ ਕੀਤੀ ਗਈ।

ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ ਅਤੇ ਪ੍ਰਿੰ. ਡਾ: ਬਿੰਦੂ ਭੱਲਾ ਨੇ ਇਸ ਖੇਡ ਮੁਕਾਬਲੇ 'ਚ ਸਫਲਤਾ ਹਾਸਲ ਕਰਨ ਵਾਲੇ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਕੋਚ ਮਨਜਿੰਦਰ ਸਿੰਘ ਨੂੰ ਹਾਰਦਿਕ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੱਤੀਆਂ।

ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਖੇਡਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।

# ਲੋਕ ਸਭਾ ਚੋਣਾਂ ਦੀ ਤਿਆਰੀ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੀ ਜ਼ਿਲ੍ਹਾ ਪੱਧਰੀ ਮੀਟਿੰਗ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਲੋਕ ਸਭਾ ਚੋਣਾਂ ਦੀ ਤਿਆਰੀ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਅੱਜ ਅਜਨਾਲਾ ਦੇ ਡੀ.ਆਰ.ਪੈਲੇਸ ਵਿਚ ਹੋਈ, ਜਿਸ ਦੀ ਪ੍ਰਧਾਨਗੀ ਭਾਰਤੀ ਜਨਤਾ ਪਾਰਟੀ ਕੌਮੀ ਅਗਜੈਕਟਿਵ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਅਤੇ ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਕ ਅਤੇ ਓ.ਬੀ.ਸੀ. ਮੋਰਚਾ ਪੰਜਾਬ ਦੇ ਪ੍ਰਧਾਨ ਅਮਰਪਾਲ ਸਿੰਘ ਬੋਨੀ ਨੇ ਕੀਤੀ। ਜਿਸ ਵਿਚ 2024 ਦੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਨੇ ਤਿਆਰੀਆਂ ਹੁਣ ਤੋਂ ਹੀ ਸ਼ੁਰੂ ਕਰ ਦਿੱਤੀਆਂ ਹਨ।



ਮੀਟਿੰਗ ਵਿਚ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਦੱਸਿਆ ਕਿ ਮੋਦੀ ਸਰਕਾਰ ਵੱਲੋਂ ਕੀਤੇ ਵਿਕਾਸ ਅਤੇ ਚੱਲ ਰਹੀਆਂ ਸਕੀਮਾਂ ਲਈ ਲੋਕਾਂ ਨੂੰ ਜਾਣੂ ਕਰਵਾਉਣ ਲਈ ਇਕ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਜਿਸ ਵਿਚ ਦੱਸਿਆ ਜਾਵੇਗਾ ਕਿ ਜਿਵੇਂ ਕੱਚੇ ਮਕਾਨਾਂ ਨੂੰ ਪੱਕੇ ਕਰਨਾ, ਮਨਰੇਗਾ ਸਕੀਮ, ਆਟਾ ਦਾਲ ਸਕੀਮ ਅਤੇ ਸ੍ਰੀ ਕਰਤਾਰਪੁਰ ਸਾਹਿਬ ਦਾ ਕੋਰੀਡੋਰ, ਸਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਤੇ ਬਾਲ ਦਿਵਸ ਮਨਾਉਣ ਅਤੇ ਅਨੇਕਾਂ ਹੋਰ ਚੱਲ ਰਹੀਆਂ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਪ੍ਰਧਾਨ ਅਤੇ ਅਤੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਇੰਚਾਰਜ , ਮਨਦੀਪ ਸਿੰਘ ਮੰਨਾ, ਸੂਰਜ ਭਰਤਵਾਜ ਸੈਕਟਰੀ ਪੰਜਾਬ, ਰਜਿੰਦਰ ਮੋਹਨ ਛੀਨਾ, ਸੁਸ਼ੀਲ ਦੇਵਗਨ ਜ਼ਿਲ੍ਹਾ ਸੈਕਟਰੀ, ਡਾ. ਰਾਮ ਚਾਵਲਾ, ਸੁਖਜਿੰਦਰ ਸਿੰਘ ਪਿੰਟੂ, ਹਰਜਿੰਦਰ ਸਿੰਘ ਠੇਕੇਦਾਰ, ਮੁਖਵਿੰਦਰ ਸਿੰਘ ਰਾਜਾਸਾਂਸੀ, ਜ਼ਿਲ੍ਹਾ ਵਾਇਸ ਪ੍ਰਧਾਨ ਪ੍ਰਦੀਪ ਕੁਮਾਰ ਬੰਟਾ, ਬੀਬੀ ਜਗਦੀਸ਼ ਕੌਰ ਕੋਰ ਕਮੇਟੀ ਮੈਂਬਰ, ਸ਼ਹਿਰੀ ਪ੍ਰਧਾਨ ਕੌਂਸਲਰ ਵਿਕਰਮ ਬੇਦੀ, ਅਜਨਾਲਾ ਦਿਹਾਤੀ ਪ੍ਰਧਾਨ ਗੁਰਵਿੰਦਰ ਸਿੰਘ ਮੁਕਾਮ, ਬਲਵਿੰਦਰ ਸਿੰਘ ਚੱਕ ਡੋਗਰਾ, ਸਵਰਨ ਸਿੰਘ ਚੱਕ ਡੋਗਰਾ, ਇਦਰਜੀਤ ਸਿੰਘ ਰਮਦਾਸ, ਗੁਰਇਕਬਾਲ ਸਿੰਘ, ਜਸਪਾਲ ਸਿੰਘ ਗੋਰਾ, ਕੌਂਸਲਰ ਦੀਪਕ ਸਰਪਾਲ, ਕੌਂਸਲਰ ਦੀਪੂ ਅਰੋੜਾ, ਕੌਂਸਲਰ ਸ਼ਿਵਦੀਪ ਸਿੰਘ ਚਾਹਲ, ਕੌਂਸਲਰ ਨੰਦ ਲਾਲ ਬਾਊ, ਕੌਂਸਲਰ ਕਸ਼ਮੀਰ ਸਿੰਘ ਕਾਕੂ ਪੀ.ਏ, ਧਰਮਿੰਦਰ ਸਿੰਘ ਪ੍ਰਿੰਸ, ਰਾਮੇਸ਼ ਕੌਂਸਲ, ਜਸਬੀਰ ਸਿੰਘ ਅਜਨਾਲਾ, ਵਿਜੈ ਕੁਮਾਰ ਸਰੀਨ, ਵਿਨੋਦ ਅਰੋੜਾ, ਵਿਪਨ ਖੱਤਰੀ, ਸੌਰਵ ਸਰੀਨ, ਰਾਜੇਸ਼ ਚੌਹਾਨ, ਸਤੀਸ਼ ਗਾਂਧੀ, ਢਿੱਲੋਂ ਸਾਹਬ ਚੱਕੀ ਵਾਲੇ ਆਦਿ ਹਾਜ਼ਰ ਸਨ।

# ਏ-ਜ਼ੋਨ ਦੇ ਪਹਿਲੇ ਦਿਨ ਦੇ ਭੰਗੜੇ ਦੇ ਮੁਕਾਬਲਿਆਂ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਛਾਇਆ

ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ )- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ "ਏ-ਜ਼ੋਨ" ਜਿਸ 'ਚ ਅੰਮ੍ਰਿਤਸਰ ਦੇ ਕਾਲਜ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਕੈਂਪਸ ਆਉਂਦਾ ਹੈ, ਦਾ ਤਿੰਨ ਰੋਜ਼ਾ ਜ਼ੋਨਲ ਯੁਵਕ ਮੇਲਾ ਬੜੇ ਉਤਸ਼ਾਹ ਨਾਲ ਸ਼ੁਰੂ ਹੋ ਗਿਆ ਹੈ। ਇਸ ਦੇ ਪਹਿਲੇ ਦਿਨ ਜਿੱਥੇ ਭੰਗੜੇ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਦੀ ਭੰਗੜਾ ਟੀਮ ਆਪਣੀ ਦਮਦਾਰ ਪੇਸ਼ਕਾਰੀ ਦੇ ਨਾਲ ਪਹਿਲਾ ਸਥਾਨ ਹਾਸਲ ਕਰਦਿਆ ਪਹਿਲੇ ਦਿਨ ਦਾ ਮੇਲਾ ਲੁੱਟ ਲਿਆ । ਇਸੇ ਤਰ੍ਹਾਂ ਖਾਲਸਾ ਕਾਲਜ ਦੇ ਭੰਗੜੇ ਦੀ ਟੀਮ ਵੀ ਆਪਣੀ ਉੱਤਮਤਾ ਸਦਕਾ ਦੂਸਰਾ ਸਥਾਨ ਹਾਸਲ ਕਰਨ ਵਿਚ ਕਾਮਯਾਬ ਹੋ ਗਈ । ਜਦੋਂ ਕਿ ਤੀਸਰੇ ਸਥਾਨ 'ਤੇ ਤ੍ਰਿਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਅੰਮ੍ਰਿਤਸਰ ਦੀ ਭੰਗੜੇ ਦੀ ਟੀਮ ਰਹੀ। ਮੁੱਖ ਮਹਿਮਾਨ ਦੇ ਤੌਰ 'ਤੇ ਪੁੱਜੇ ਡੀਨ ਵਿਦਿਆਰਥੀ ਭਲਾਈ ਪ੍ਰੋ. ਪ੍ਰੀਤ ਮੋਹਿੰਦਰ ਸਿੰਘ ਬੇਦੀ ਨੇ ਸੰਬੋਧਨ 'ਚ ਕਿਹਾ ਕਿ ਯੂਥ ਫੈਸਟੀਵਲ ਵਿਦਿਆਰਥੀਆਂ ਵਿਚ ਕਲਾ ਦੀ ਚਿਣਗ ਪੈਦਾ ਕਰਨ ਦਾ ਕੰਮ ਕਰਦੇ ਹਨ। ਉਨ੍ਹਾ ਇਸ ਸਮੇਂ ਵੱਖ-ਵੱਖ ਵਿਦਿਆਰਥੀ ਕਲਾਕਾਰਾਂ ਨੂੰ ਜਿੱਤ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਤੇ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਜਸਪਾਲ ਸਿੰਘ ਸੰਧੂ ਦੀ ਸੁਚੱਜੀ ਅਗਵਾਈ ਸਦਕਾ ਯੂਥ ਫੈਸਟੀਵਲ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹਦਾ ਹੋਇਆ ਅੱਗੇ ਵਧ ਰਿਹਾ ਹੈ । ਉਹਨਾਂ ਯੁਵਕ ਭਲਾਈ ਵਿਭਾਗ ਦੀ ਸਮੁੱਚੀ ਟੀਮ ਨੂੰ ਵੀ ਮੁਬਾਰਕਾਂ ਦਿੱਤੀਆਂ । ਇਸ ਤੋਂ ਪਹਿਲਾਂ ਯੁਵਕ ਭਲਾਈ ਦੇ ਇੰਚਾਰਜ, ਡਾ. ਅਮਨਦੀਪ ਸਿੰਘ ਨੇ ਆਏ ਹੋਏ ਮੁੱਖ ਮਹਿਮਾਨ ਪ੍ਰੋ. ਬੇਦੀ ਅਤੇ ਬਾਰਡਰ ਜ਼ੋਨ ਦੇ ਚੀਫ ਇੰਜੀਨੀਅਰ ਸਤਿੰਦਰ ਸ਼ਰਮਾ ਦਾ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਇੱਥੇ ਪੁੱਜਣ 'ਤੇ ਨਿੱਘਾ ਸਵਾਗਤ ਕੀਤਾ । ਉਨ੍ਹਾ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਸਮੇਤ ਬਾਰਾਂ ਕਾਲਜ ਇਸ ਯੂਥ ਫੈਸਟੀਵਲ ਦਾ ਹਿੱਸਾ ਬਣ ਰਹੇ ਹਨ । ਉਨ੍ਹਾ ਤਿੰਨ ਦਿਨ ਤੱਕ ਚੱਲਣ ਵਾਲੇ ਇਸ "ਏ" ਜ਼ੋਨ ਯੁਵਕ ਮੇਲੇ ਦਾ ਵਿਦਿਆਰਥੀਆਂ ਨੂੰ ਭਰਪੂਰ



ਅਨੰਦ ਲੈਣ ਦਾ ਸੱਦਾ ਦਿੱਤਾ । ਦਸ਼ਮੇਸ਼ ਆਡੀਟੋਰੀਅਮ ਵਿੱਚ ਵਿਚ ਅੱਜ ਪਹਿਲੇ ਦਿਨ ਭੰਗੜਾ, ਵੈਸਟਰਨ ਵੋਕਲ ਸੋਲੋ, ਵੈਸਟਰਨ ਗਰੁੱਪ ਸੌਂਗ, ਵੈਸਟਰਨ ਇੰਸਟਰੂਮੈਂਟਲ ਸੋਲੋ, ਫੋਕ ਆਰਕੈਸਟਰਾ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਇਸ ਤੋਂ ਇਲਾਵਾ ਗੁਰੂ ਨਾਨਕ ਭਵਨ ਦੀ ਸਟੇਜ 'ਤੇ ਕਲਾਸੀਕਲ ਇੰਸਟ. (ਪੀ), ਕਲਾਸੀਕਲ ਇੰਸਟ. (ਨਪ), ਕਲਾਸੀਕਲ ਵੋਕਲ, ਵਾਰ ਗਾਇਨ, ਕਵੀਸ਼ਰੀ ਅਤੇ ਆਰਕੀਟੈਕਚਰ ਵਿਭਾਗ ਸਟੇਜ 'ਤੇ ਆਨ ਦੀ ਸਪਾਟ ਪੇਂਟਿੰਗ, ਕਾਰਟੂਨਿੰਗ, ਕੋਲਾਜ, ਕਲੇ ਮਾਡਲਿੰਗ, ਆਨ ਦਾ ਸਪਾਟ ਫੋਟੋਗ੍ਰਾਫੀ, ਇੰਸਟਾਲੇਸ਼ਨ ਦਾ ਆਯੋਜਨ ਕੀਤਾ ਗਿਆ। 27 ਅਕਤੂਬਰ ਨੂੰ, ਦਸਮੇਸ਼ ਆਡੀਟੋਰੀਅਮ ਵਿੱਚ, ਕਾਸਟਿਊਮ ਪਰੇਡ, ਮਾਈਮ, ਮਿਮਿਕਰੀ, ਸਕਿੱਟ, ਵਨ ਐਕਟ ਪਲੇ; ਗੁਰੂ ਨਾਨਕ ਭਵਨ ਵਿਚ ਸਮੂਹ ਸ਼ਬਦ/ਭਜਨ, ਸਮੂਹ ਗੀਤ ਭਾਰਤੀ, ਗੀਤ/ਗਜ਼ਲ, ਲੋਕ ਗੀਤ, ਆਰਕੀਟੈਕਚਰ ਵਿਭਾਗ ਵਿਚ ਰੰਗੋਲੀ, ਫੁਲਕਾਰੀ, ਮਹਿੰਦੀ, ਪੋਸਟਰ ਮੇਕਿੰਗ ਅਤੇ ਕਾਨਫਰੰਸ ਹਾਲ ਵਿਚ ਕਾਵਿ-ਸੰਵਾਦ, ਭਾਸ਼ਣ, ਵਾਦ-ਵਿਵਾਦ ਦੇ ਮੁਕਾਬਲੇ ਹੋਣਗੇ। 28 ਅਕਤੂਬਰ ਨੂੰ ਦਸਮੇਸ਼ ਆਡੀਟੋਰੀਅਮ ਵਿੱਚ ਗਿੱਧਾ, ਕਲਾਸੀਕਲ ਡਾਂਸ, ਗਰੁੱਪ ਡਾਂਸ ਅਤੇ ਕਾਨਫਰੰਸ ਹਾਲ ਵਿੱਚ ਕੁਇਜ਼ ਮੁਕਾਬਲੇ ਕਰਵਾਏ ਜਾਣਗੇ।

# ਭਾਈ ਗੁਰਦਾਸ ਸਕੂਲ ਲੱਖਣ ਕਲਾਂ ਦੇ ਵਿਹੜੇ 'ਚ ਦਾਦਾ-ਦਾਦੀ ਡੇ ਮਨਾਇਆ

ਕਲਾਨੌਰ (ਮਨਦੀਪ ਕੁਮਾਰ ਕੋਹਲੀ)-ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਦੇ ਵਿਹੜੇ ਵਿੱਚ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਬੀਰ ਸਿੰਘ ਕਾਹਲੋਂ ਅਤੇ ਪ੍ਰਿੰ. ਬਲਜਿੰਦਰ ਕੌਰ ਕਾਹਲੋਂ ਦੀ ਰਹਿਨੁਮਾਈ ਹੇਠ ਦਾਦਾ-ਦਾਦੀ ਡੇ ਮਨਾਇਆ ਗਿਆ। ਸਕੂਲ ਵਿੱਚ ਮਨਾਏ ਗਏ ਇਸ ਦਾਦਾ ਦਾਦੀ ਡੇ 'ਤੇ ਸਕੂਲ ਪ੍ਰਿੰਸੀਪਲ ਬਲਜਿੰਦਰ ਕੌਰ ਵੱਲੋਂ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ ਕਈ ਜੋੜਿਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਬੱਚਿਆਂ ਨੂੰ ਇਹ



ਸਿੱਖਿਆ ਦਿੱਤੀ ਗਈ ਕਿ ਆਪਣੇ ਬਜ਼ੁਰਗਾਂ ਦੀ ਸੇਵਾ ਕਰੋ ਅਤੇ ਉਨ੍ਹਾਂ ਦਾ ਆਦਰ ਸਤਿਕਾਰ ਕਰੋ। ਸ਼ਾਮਿਲ ਹੋਏ ਬੱਚਿਆਂ ਜਿਵੇਂ ਕਿ ਕਿਰਨਦੀਪ ਕੌਰ ਅਤੇ ਉਸਦੇ ਦਾਦਾ ਨਰਿੰਦਰ ਸਿੰਘ ਦਾਦੀ ਗੁਰਮੀਤ ਕੌਰ, ਅਭੀ ਜੋਤ ਅਤੇ ਉਸਦੇ ਦਾਦੀ ਕੌਸ਼ੱਲਿਆ ਸ਼ਰਮਾ, ਮਨਰੀਤ ਕੌਰ ਅਤੇ ਉਸ ਦੇ ਦਾਦੀ ਰਵਿੰਦਰ ਕੌਰ, ਦਿਲਪ੍ਰੀਤ ਸਿੰਘ ਅਤੇ ਉਸਦੇ ਦਾਦੀ ਚਰਨਜੀਤ ਕੌਰ, ਗੁਰਕੀਰਤ ਸਿੰਘ ਅਤੇ ਉਸਦੇ ਦਾਦਾ ਸਤਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਉਸਦੇ ਦਾਦਾ ਗੁਰਦੇਵ ਸਿੰਘ, ਜਸਮੀਤ ਕੌਰ ਉਸ ਦੇ ਦਾਦੀ ਜਸਬੀਰ ਕੌਰ, ਗੁਰਸਹਿਜ ਸਿੰਘ ਅਤੇ ਉਸਦੇ ਦਾਦੀ ਜੋਗਿੰਦਰ ਕੌਰ ਅਤੇ ਹੋਰ ਵੀ ਕਈ ਬਜ਼ੁਰਗਾਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਵਿੱਚ ਪਹੁੰਚੇ ਬੱਚਿਆਂ ਦੇ ਘਰਾਂ ਤੋਂ ਆਏ ਦਾਦਾ-ਦਾਦੀ ਨੇ ਪ੍ਰਿੰ. ਬਲਜਿੰਦਰ ਕੌਰ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਬਹੁਤ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੇ ਕਿਹਾ ਕਿ ਇਹੋ ਜਿਹੇ ਪ੍ਰੋਗਰਾਮ ਕਰਵਾਉਣ ਨਾਲ ਬੱਚਿਆਂ ਦੇ ਮਨਾਂ ਵਿੱਚ ਆਪਣੇ ਮਾਤਾ-ਪਿਤਾ ਤੇ ਬਜ਼ੁਰਗਾਂ ਦਾ ਸਤਿਕਾਰ ਵਧੇਗਾ।

## ਦਿਲ ਦਾ ਦੌਰਾ ਪੈਣ ਕਾਰਨ ਵਿਅਕਤੀ ਦੀ ਮੌਤ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਰ ਚਾਲਕ ਨੂੰ ਦਿਲ ਦਾ ਦੌਰਾ ਪੈਣ ਕਾਰਨ ਕਾਰ ਦਰੱਖਤ ਨਾਲ ਜਾ ਟਕਰਾਈ ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਥਾਣਾ ਤਿੱਬੜ ਤੋਂ ਮਿਲੀ ਜਾਣਕਾਰੀ ਅਨੁਸਾਰ ਪਿੰਡ ਕੋਟ ਟੋਡਰ ਮੱਲ ਵਾਸੀ ਬਖਸ਼ੀਸ਼ ਸਿੰਘ ਪੁੱਤਰ ਜਗਤਾਰ ਸਿੰਘ ਅੱਜ 12 ਵਜੇ ਦੇ ਕਰੀਬ ਆਪਣੀ ਆਲਟੋ ਕਾਰ ਪੀਬੀ 10 9077 'ਤੇ ਸਵਾਰ ਹੋ ਕੇ ਆਪਣੇ ਪਿੰਡ ਟੋਡਰ ਮੱਲ ਤੋਂ ਗੁਰਦਾਸਪੁਰ ਕਿਸੇ ਕੰਮ ਲਈ ਜਾ ਰਿਹਾ ਸੀ। ਜਦੋਂ ਉਹ ਗੁਰਦਾਸਪੁਰ ਸ੍ਰੀ ਹਰਗੋਬਿੰਦਪੁਰ ਮਾਰਗ 'ਤੇ ਪੈਂਦੇ ਸ਼ਾਹ ਜੰਕਸ਼ਨ ਦੇ ਕੋਲ ਪੁੱਜਾ ਤਾਂ ਅਚਾਨਕ ਉਸ ਦੇ ਦਿਲ ਦੀ ਗਤੀ ਰੁਕ ਗਈ ਅਤੇ ਕਾਰ ਦਾ ਸੰਤੁਲਨ ਵਿਗੜ ਗਿਆ। ਕਾਰ ਸੜਕ ਕਿਨਾਰੇ ਲੱਗੇ ਦਰੱਖਤ ਨਾਲ ਜਾ ਟਕਰਾਈ ਜਿਸ ਕਾਰਨ ਚਾਲਕ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਥਾਣਾ ਤਿੱਬੜ ਵੱਲੋਂ ਮ੍ਰਿਤਕ ਦੇ ਪਰਿਵਾਰ ਵਾਲਿਆਂ ਨੂੰ ਸੂਚਿਤ ਕਰਨ ਤੋਂ ਬਾਅਦ ਉਸ ਦੀ ਲਾਸ਼ ਪੋਸਟਮਾਰਟਮ ਲਈ ਗੁਰਦਾਸਪੁਰ ਦੇ ਸਿਵਲ ਹਸਪਤਾਲ ਭੇਜ ਦਿੱਤੀ। ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ।

# ਜੱਗਾ ਮਜੀਠੀਆ ਵੱਲੋਂ 'ਆਪ' ਵਰਕਰਾਂ ਨਾਲ ਵਿਸ਼ੇਸ਼ ਇਕੱਤਰਤਾ



ਮਜੀਠਾ (ਸੋਇਮ ਆਨੰਦ)-ਪੰਜਾਬ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਸੂਬਾ ਵਾਸੀਆਂ ਨਾਲ ਜਿਹੜੇ ਵਾਅਦੇ ਅਤੇ ਗਾਰੰਟੀਆਂ ਕੀਤੀਆਂ ਸਨ ਉਹ ਨਿਭਾਉਣ ਵਾਸਤੇ ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਵਚਨਬੱਧ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਪ ਆਗੂ ਜਗਵਿੰਦਰਪਾਲ ਸਿੰਘ ਜੱਗਾ ਮਜੀਠੀਆ ਨੇ ਮਜੀਠਾ ਵਿਖੇ ਵਰਕਰਾਂ ਦੀ ਇਕੱਤਰਤਾ ਦੌਰਾਨ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਨੇ ਕਿਹਾ ਕਿ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਵਲੋਂ ਲੰਮੇ ਸਮੇਂ ਤੱਕ ਸੂਬੇ ਦੇ ਪ੍ਰਸ਼ਾਸਨਿਕ ਹਲਕਿਆਂ ਵਿਚ ਫੈਲਾਈਆਂ ਗਈਆਂ ਬੇਨਿਯਮੀਆਂ ਦਰੁੱਸਤ ਕਰਨ ਵਾਸਤੇ ਕੁਝ ਸਮਾਂ ਤਾਂ ਲੱਗਦਾ ਹੈ ਜਿਸ ਕਰਕੇ ਸਾਰੇ ਵਾਅਦੇ ਪੂਰੇ ਕਰਨ ਵਿਚ ਦੇਰੀ ਹੋ ਰਹੀ ਹੈ ਪਰ ਫਿਰ ਵੀ ਸਰਕਾਰ ਪੂਰੀ ਦ੍ਰਿੜਤਾ ਨਾਲ ਇਹ ਸਾਰੇ ਕੰਮ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨੀਅਤ ਅਤੇ ਨੀਤੀ ਵਿਚ ਕੋਈ ਫਰਕ ਨਹੀਂ, ਸਰਕਾਰ ਨੇ ਪ੍ਰਬੰਧ ਵਿਚ ਬਹੁਤ ਹੱਦ ਤੱਕ ਸੁਧਾਰ ਲਿਆਂਦਾ ਹੈ। ਜੱਗਾ ਮਜੀਠੀਆ ਨੇ ਲੋਕਾਂ ਨੂੰ ਸਰਕਾਰ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ ਤਾਂ ਕਿ ਸਰਕਾਰ ਲੋਕਾਂ ਦੀ ਭਲਾਈ ਵਾਸਤੇ ਠੋਸ ਕਦਮ ਚੁੱਕ ਸਕੇ। ਉਨ੍ਹਾਂ ਕਿਹਾ ਕਿ 2024 ਵਿਚ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਸਾਰੀਆਂ 13 ਸੀਟਾਂ ਤੇ ਇਤਿਹਾਸਕ ਜਿੱਤ ਦਰਜ ਕਰਵਾਏਗੀ। ਇਸ ਮੌਕੇ ਜੱਗਾ ਮਜੀਠੀਆ ਦੇ ਨਾਲ ਜਗਦੀਪ ਸਿੰਘ ਗੋਗਾ ਮਜੀਠਾ, ਕਾਬੁਲ ਸਿੰਘ ਗਿੱਲ ਮਜੀਠਾ, ਬਿਕਰਮਜੀਤ ਸਿੰਘ ਸਾਬਕਾ ਸਰਪੰਚ, ਅਮਨਪਾਲ ਸਿੰਘ ਨਾਗ, ਨਿਰਮਲ ਸਿੰਘ ਸਾਬਕਾ ਸਰਪੰਚ, ਬਚਿੱਤਰ ਸਿੰਘ ਢਿੰਗਨੰਗਲ, ਅਮਰਜੀਤ ਸਿੰਘ ਸਾਬਕਾ ਕੌਂਸਲਰ ਮਜੀਠਾ, ਪਰਮਜੀਤ ਸਿੰਘ ਪੰਮਾ ਪ੍ਰਧਾਨ, ਸੁਰਿੰਦਰ ਸਿੰਘ ਮਜੀਠਾ, ਪ੍ਰਿਤਪਾਲ ਸਿੰਘ ਬੱਲ, ਨਿਰਮਲ ਸਿੰਘ ਮਜੀਠਾ, ਗੁਲਸ਼ਨ ਕੁਮਾਰ ਆਦਿ ਹਾਜ਼ਰ ਸਨ।

# ਏ ਟੀ ਐੱਮ ਕਾਰਡ ਬਦਲ ਕੇ 1 ਲੱਖ 12 ਹਜ਼ਾਰ ਦੀ ਠੱਗੀ

## ਇਲਾਕੇ ਅੰਦਰ ਲੁੱਟਾਂ-ਖੋਹਾਂ ਹੋਣ ਕਰਕੇ ਦਹਿਸ਼ਤ ਦਾ ਮਾਹੌਲ

ਗੁਰਦਾਸਪੁਰ (ਜਨਕ ਮਹਾਜਨ)-ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੇ ਪਿੰਡ ਨੰਗਲ ਦੇ ਇਕ ਵਿਅਕਤੀ ਦਾ ਨੌਜਵਾਨ ਵਲੋਂ ਏ. ਟੀ. ਐਮ. ਕਾਰਡ ਬਦਲ ਕੇ 1 ਲੱਖ 12 ਹਜ਼ਾਰ ਰੁਪਏ ਦੀ ਠੱਗੀ ਵੱਜਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੀੜਤ ਚੰਨਣ ਸਿੰਘ ਪੁੱਤਰ ਮੇਲਾ ਸਿੰਘ ਵਾਸੀ ਨੰਗਲ ਲਮੀਨ ਨੇ ਪੁਲਸ ਥਾਣਾ ਸ਼ਾਲਾ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ



ਪੁਲ ਤਿਬੜੀ ਦੇ ਐੱਸ. ਬੀ. ਆਈ. ਦੇ ਏ. ਟੀ. ਐਮ. ਵਿਚੋਂ 1 ਹਜ਼ਾਰ ਰੁਪਏ ਕਢਵਾਉਣ ਵਾਸਤੇ ਦੁਪਹਿਰ ਇਕ ਵਜੇ ਦੇ ਕਰੀਬ ਗਿਆ ਸੀ ਅਤੇ ਉਥੇ ਪਹਿਲਾਂ ਹੀ ਨੌਜਵਾਨ ਖੜ੍ਹਾ ਸੀ ਅਤੇ ਉਸ ਨੂੰ ਕਿਹਾ ਕਿ ਮੈਨੂੰ ਪੈਸੇ ਕਢਵਾਉਣੇ ਨਹੀਂ ਆਉਂਦੇ ਤਾਂ ਉਸ ਨੂੰ ਆਪਣਾ ਕੋਡ ਦੱਸ ਕੇ ਇਕ ਹਜ਼ਾਰ ਰੁਪਏ ਕਢਵਾ ਲਏ। ਇਸੇ ਦੌਰਾਨ ਉਸ ਨੌਜਵਾਨ ਨੇ ਮੇਰਾ ਏ. ਟੀ. ਐਮ. ਬਦਲ ਕੇ ਮੈਨੂੰ ਆਪਣਾ ਏ. ਟੀ. ਐਮ. ਫੜਾ ਦਿੱਤਾ। ਜਦੋਂ ਉਸ ਨੂੰ ਬੈਂਕ ਬੈਲੇਂਸ ਚੈੱਕ ਕਰਨ ਲਈ ਕਿਹਾ ਤਾਂ ਉਹ ਕਹਿੰਦਾ ਮੈਨੂੰ ਬੈਲੇਂਸ ਚੈੱਕ ਕਰਨਾ ਨਹੀਂ ਆਉਂਦਾ ਅਤੇ ਜਦੋਂ ਅਸੀਂ ਦੁਸਹਿਰੇ ਵਾਲੇ ਦਿਨ 24 ਅਕਤੂਬਰ ਨੂੰ ਪੈਸੇ ਕਢਵਾਉਣ ਵਾਸਤੇ ਦੁਬਾਰਾ ਗਏ ਤਾਂ ਏ. ਟੀ. ਐਮ. ਕਾਰਡ ਨਹੀਂ ਚਲਿਆ ਅਤੇ ਪਤਾ ਚੱਲਿਆ ਕਿ ਉਨ੍ਹਾਂ ਦੇ ਖ਼ਾਤੇ ਵਿਚੋਂ 10-10 ਹਜ਼ਾਰ ਰੁਪਏ ਕਰਕੇ ਉਸ ਨੌਜਵਾਨ ਵਲੋਂ 1 ਲੱਖ 12 ਹਜ਼ਾਰ ਰੁਪਏ ਕਢਵਾ ਲਏ ਗਏ ਹਨ ਅਤੇ ਬਾਅਦ ਵਿਚ ਅਸੀਂ ਏ. ਟੀ. ਐੱਮ. ਬੰਦ ਕਰਵਾ ਦਿੱਤਾ ਅਤੇ ਬਾਕੀ 3 ਲੱਖ 44 ਹਜ਼ਾਰ ਰੁਪਏ ਬਚ ਗਏ। ਉਨ੍ਹਾਂ ਦੱਸਿਆ ਕਿ ਮੇਰੇ ਨਾਲ ਹੋਈ ਹੇਰਾ-ਫੇਰੀ ਦੀ ਸ਼ਿਕਾਇਤ ਥਾਣਾ ਪੁਰਾਣਾ ਸ਼ਾਲਾ ਨੂੰ ਦੇ ਦਿੱਤੀ ਹੈ। ਪੀੜਤ ਪਰਿਵਾਰ ਨੇ ਏ. ਟੀ. ਐਮ. ਵਿਚ ਲੱਗੇ ਕੈਮਰਿਆਂ ਦੀ ਸੀ. ਸੀ. ਟੀ. ਵੀ. ਫੁਟੇਜ ਵੀ ਪੁਲਸ ਨੂੰ ਚੈੱਕ ਕਰਵਾ ਦਿੱਤਾ ਹੈ। ਲੋਕਾਂ ਨੇ ਦੱਸਿਆ ਕਿ ਇਲਾਕੇ ਅੰਦਰ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਨਿੱਤ ਵਾਪਰ ਰਹੀਆਂ ਹਨ ਅਤੇ ਪੁਲਸ ਪ੍ਰਸ਼ਾਸਨ ਖਾਮੋਸ਼ ਨਜ਼ਰ ਆ ਰਿਹਾ ਹੈ ਜਿਸ ਕਰਕੇ ਲੋਕਾਂ ਦਾ ਪੁਲਸ ਪ੍ਰਸ਼ਾਸਨ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਨੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਪੁਲਸ ਨੂੰ ਹਦਾਇਤਾਂ ਕਰਕੇ ਚੋਰੀ ਅਤੇ ਲੁੱਟ-ਖੋਹ ਦੀਆਂ ਘਟਨਾਵਾਂ ਨੂੰ ਰੋਕਣ ਵਾਸਤੇ ਪੁਲਸ ਦੀ ਗਸ਼ਤ ਵਧਾਈ ਜਾਵੇ ਤਾਂ ਜੋ ਲੋਕ ਲੁੱਟਾਂ-ਖੋਹਾਂ ਤੋਂ ਬਚ ਸਕਣ।

## ਐੱਮਵੇ ਇੰਡੀਆ ਵੱਲੋਂ ਨਿਊਟ੍ਰੀਲਾਈਟ ਡੇਲੀ ਪਲੱਸ ਪੇਸ਼

ਜਲੰਧਰ : ਡਾਇਰੈਕਟ ਸੇਲਿੰਗ ਕੰਪਨੀਆਂ ਵਿੱਚੋਂ ਇੱਕ ਐੱਮਵੇ ਇੰਡੀਆ ਨੇ ਹਾਲ ਹੀ ਵਿੱਚ ਪੇਸ਼ ਕੀਤੇ ਗਏ ਨਵੇਂ ਮਲਟੀਵਿਟਾਮਿਨ ਅਤੇ ਮਲਟੀਮਿਨਰਲ ਹੈਲਥ ਸਪਲੀਮੈਂਟ, ਨਿਊਟ੍ਰੀਲਾਈਟ ਡੇਲੀ ਪਲੱਸ ਨੂੰ ਇੱਕ ਪਲੱਸ ਲਾਈਫ ਲਈ ਪੇਸ਼ ਕੀਤਾ ਹੈ। ਇਹ ਕ੍ਰਾਂਤੀਕਾਰੀ ਫਾਰਮੂਲਾ 24 ਜ਼ਰੂਰੀ ਵਿਟਾਮਿਨਾਂ ਅਤੇ ਖਣਿਜਾਂ ਨਾਲ ਭਰਪੂਰ ਹੈ ਅਤੇ ਪੌਦਿਆਂ ਦੇ ਕੇਂਦਰਾਂ ਦੀ ਮਾਤਰਾ ਤੋਂ ਦੁੱਗਣਾ ਹੈ। ਲਾਂਚ ਤੇ ਟਿੱਪਣੀ ਕਰਦਿਆਂ ਐੱਮਵੇ ਇੰਡੀਆ ਦੇ ਸੀਐੱਮਓ ਅਜੈ ਖੰਨਾ ਨੇ ਕਿਹਾ ਕਿ ਮਿੰਟਲ ਦੇ ਇੱਕ ਸਰਵੇਖਣ ਅਨੁਸਾਰ, ਲਗਭਗ 75 ਫੀਸਦੀ ਭਾਰਤੀਆਂ ਦਾ ਮੰਨਣਾ ਹੈ ਕਿ ਵਿਟਾਮਿਨ, ਖਣਿਜ ਅਤੇ ਪੂਰਕ ਨਿਯਮਿਤ ਤੌਰ 'ਤੇ ਖਾਣ ਨਾਲ ਉਨ੍ਹਾਂ ਨੂੰ ਸਮੁੱਚੀ ਸਿਹਤ ਅਤੇ ਤੰਦਰੁਸਤੀ ਪ੍ਰਾਪਤ ਕਰਨ ਵਿੱਚ ਮਦਦ ਮਿਲਦੀ ਹੈ। ਇਸ ਤੋਂ ਇਲਾਵਾ 74 ਫੀਸਦੀ ਭਾਰਤੀ ਰੋਜਾਨਾ ਰੁਝੇਵਿਆਂ ਭਰੀ ਜੀਵਨ ਸ਼ੈਲੀ ਕੰਮ ਦੇ ਦਬਾਅ ਅਤੇ ਸੀਮਤ ਸਰੀਰਕ ਗਤੀਵਿਧੀਆਂ ਕਾਰਨ ਤਣਾਅ ਤੋਂ ਪੀੜਤ ਹਨ। ਇਸ ਲਈ, ਪੋਸ਼ਣ ਸਹਾਇਤਾ ਦੇ ਨਾਲ, ਤਣਾਅ ਪ੍ਰਬੰਧਨ 'ਤੇ ਵਾਧੂ ਮਦਦ ਇੱਕ ਵੱਡਾ ਯੋਗਦਾਨ ਹੈ।

# ਲਿਟਲ ਸਪਰਾਊਟ ਸਕੂਲ 'ਚ ਦਾਖਲੇ ਲਈ ਭਾਰੀ ਉਤਸ਼ਾਹ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਡਾਇਰੈਕਟਰ ਸ. ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਮਿਹਨਤ ਸਦਕਾ ਬਹੁਤ ਹੀ ਕੁਸ਼ਲਤਾਪੂਰਵਕ ਚੱਲ ਰਿਹਾ ਹੈ। ਵਿਦਿਆਰਥੀਆਂ 'ਚ ਦਾਖਲਾ ਲੈਣ ਲਈ ਭਾਰੀ ਉਤਸ਼ਾਹ ਹੈ। ਦਾਖਲੇ ਬਾਰੇ ਜਾਣਕਾਰੀ ਪ੍ਰਦਾਨ ਕਰਨ ਅਤੇ ਮਾਪਿਆਂ ਦੀ ਸੁਵਿਧਾ ਲਈ ਹੈਲਪ ਡੈਸਕ ਦੀ ਵੀ ਸਥਾਪਨਾ ਕੀਤੀ ਗਈ ਹੈ। ਸਕੂਲ ਵਿੱਚ ਦਾਖਲੇ ਲਈ ਚਾਹਵਾਨ ਵਿਦਿਆਰਥੀਆਂ ਦੇ ਮਾਪੇ ਕਿਸੇ ਵੀ ਜਾਣਕਾਰੀ ਲਈ ਮੋਬਾਇਲ ਨੰਬਰ 94634-94634 'ਤੇ ਸੰਪਰਕ ਕਰ ਸਕਦੇ ਹਨ। ਪ੍ਰਿੰ. ਕਿਰਨ ਕੇਸਰ ਦੁਆਰਾ ਜਾਣਕਾਰੀ ਦਿੱਤੀ ਗਈ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਸੀ. ਬੀ. ਐੱਸ. ਸੀ. ਐਫੀਲਿਏਟਿਡ ਸਕੂਲ ਹੈ। ਲਿਟਲ ਸਪਰਾਊਟ ਵਿੱਚ ਦਾਖਲਾ ਲੈਣ ਲਈ ਬੱਚੇ ਦੀ ਉਮਰ ਦੋ ਸਾਲ ਤੋਂ ਉਪਰ ਹੋਣੀ ਚਾਹੀਦੀ ਹੈ। ਇਸ ਸਕੂਲ ਵਿੱਚ ਵਿਦਿਆਰਥੀਆਂ ਵਿੱਚ ਆਪਣੀ ਪੜ੍ਹਾਈ ਪ੍ਰਤੀ ਉਤਸ਼ਾਹ ਭਰਨ ਲਈ ਬਹੁਤ ਹੀ ਰੋਚਕ ਢੰਗ ਨਾਲ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਵਿਦਿਆਰਥੀਆਂ ਦੇ ਮਾਨਸਿਕ ਵਿਕਾਸ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਂਦੀਆਂ



ਹਨ ਅਤੇ ਮਾਨਸਿਕ ਵਿਕਾਸ ਦੇ ਨਾਲ ਸਰੀਰਕ ਵਿਕਾਸ ਲਈ ਖੇਡਾਂ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਸਕੂਲ ਵਿੱਚ ਐਕਟੀਵਿਟੀ ਡੇ ਦਾ ਆਯੋਜਨ ਕੀਤਾ ਜਾਂਦਾ ਹੈ। ਵਿਦਿਆਰਥੀਆਂ ਦੇ ਮਾਪਿਆਂ ਅਤੇ ਅਧਿਆਪਕਾਂ ਵਿੱਚ ਤਾਲਮੇਲ ਪੈਦਾ ਕਰਨ ਲਈ ਪੇਰੈਂਟ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਂਦਾ ਹੈ। ਲੋੜਵੰਦ ਵਿਦਿਆਰਥੀਆਂ ਦੀ ਸਕੂਲ ਵੱਲੋਂ ਹਰ ਸੰਭਵ ਮਦਦ ਕੀਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਨੂੰ ਵਿੱਦਿਆ ਪ੍ਰਾਪਤ ਕਰਨ ਵਿੱਚ ਕੋਈ ਮੁਸ਼ਕਿਲ ਨਾ ਆਵੇ। ਪ੍ਰਿੰਸੀਪਲ ਨੇ ਦੱਸਿਆ ਕਿ ਸਕੂਲ ਵਿੱਚ ਦਾਖਲੇ ਲਈ ਵਿਦਿਆਰਥੀਆਂ ਅਤੇ ਮਾਪਿਆਂ ਵਿੱਚ ਭਾਰੀ ਉਤਸ਼ਾਹ ਹੈ।

28--Otc-PAGE- 12qxd.qxd 10/27/2023 10:31 PM Page 1



# ਖਾਲਸਾ ਕਾਲਜ ਤੇ ਗੁਰੂਸਰ ਸੁਧਾਰ ਸਰਕਾਰੀ ਕਾਲਜ ਲੀਗ ਰਾਊਂਡ 'ਚ ਦਾਖਲ



**ਮਾਹਿਲਪੁਰ-(ਸਫਰੀ)**—ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਖੇਡ ਮੈਦਾਨਾਂ ਵਿੱਚ ਕਰਵਾਏ ਜਾ ਰਹੇ ਛੇ ਰੋਜ਼ਾ ਇੰਟਰ ਕਾਲਜ ਫੁੱਟਬਾਲ (ਲੜਕੇ) ਟੂਰਨਾਮੈਂਟ ਦੇ ਤੀਜੇ ਦਿਨ ਦਰਸ਼ਕਾਂ ਨੂੰ ਦਿਲਕਸ਼ ਖੇਡ ਮੁਕਾਬਲੇ ਦੇਖਣ ਨੂੰ ਮਿਲੇ। ਮੁੱਖ ਮਹਿਮਾਨ ਵੱਜੋਂ ਸਿੱਖ ਐਜੂਕੇਸ਼ਨਲ ਕੌਂਸਲ ਦੇ ਮੈਨੇਜਰ ਇੰਦਰਜੀਤ ਸਿੰਘ ਭਾਰਟਾ ਅਤੇ ਬਾਬੂ ਹਰੀ ਸਿੰਘ ਬਾਸੀ ਇੰਟਰਪ੍ਰੋਨਿਅਰਸ਼ਿਪ ਸੈਂਟਰ ਦੇ ਚੇਅਰਮੈਨ ਗੁਰਬਰਗ ਸਿੰਘ ਬਾਸੀ ਨੇ ਸ਼ਿਰਕਤ ਕੀਤੀ ਜਦਕਿ ਖੇਡ ਸਮਾਰੋਹ ਦੀ ਪ੍ਰਧਾਨਗੀ ਗੁਰਮੇਲ ਸਿੰਘ ਗਿੱਲ, ਗੁਰਦੇਵ ਸਿੰਘ ਗਿੱਲ, ਵੀਰਇੰਦਰ ਸ਼ਰਮਾ, ਸੈਨੇਟਰ ਡਾ. ਜਗਤਾਰ ਸਿੰਘ, ਕਪਿਲ ਕੁਮਾਰ ਸ਼ਰਮਾ, ਵਿੰਗ ਕਮਾਂਡਰ ਹਰਦੇਵ ਸਿੰਘ ਢਿੱਲੋਂ,ਕੋਚ ਭੁਪਿੰਦਰ ਸਿੰਘ, ਤਰਸੇਮ ਭਾਅ ਅਤੇ ਪ੍ਰਿੰ ਡਾ. ਪਰਵਿੰਦਰ ਸਿੰਘ ਨੇ ਕੀਤੀ। ਇਸ ਮੌਕੇ ਹਾਜ਼ਰ ਸ਼ਖ਼ਸੀਅਤਾਂ ਵੱਲੋਂ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਗਈ ਅਤੇ ਖਿਡਾਰੀਆਂ ਦੀ ਹੌਂਸਲਾ ਅਫ਼ਜਾਈ ਕੀਤੀ ਗਈ। ਦਿਨ ਦੇ ਪਹਿਲੇ ਮੈਚ ਵਿੱਚ ਜੀ.ਐਚ.ਜੀ. ਖਾਲਸਾ ਕਾਲਜ, ਗੁਰੂਸਰ ਸੁਧਾਰ ਨੇ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਨੂੰ 2-1 ਦੇ ਫਰਕ ਨਾਲ ਹਰਾ ਕੇ ਲੀਗ ਰਾਊਂਡ ਵਿੱਚ ਪ੍ਰਵੇਸ਼ ਕੀਤਾ। ਦੂਜੇ ਮੈਚ ਵਿੱਚ ਸਰਕਾਰੀ ਕਾਲਜ ਸੈਕਟਰ 11, ਚੰਡੀਗੜ੍ਹ ਦੀ ਟੀਮ ਐੱਸਜੀਜੀਐੱਸ ਖਾਲਸਾ ਕਾਲਜ ਸੈਕਟਰ 26, ਚੰਡੀਗੜ੍ਹ ਨੂੰ 3-1 ਦੇ ਫਰਕ ਨਾਲ ਹਰਾ ਕੇ ਅਗਲੇ ਦੌਰ ਵਿਚ ਦਾਖਿਲ ਹੋਈ। ਤੀਜੇ ਮੈਚ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਟੀਮ ਨੇ ਪੰਜਾਬ ਯੂਨੀਵਰਸਿਟੀ ਕੈਂਪਸ ਦੀ ਟੀਮ ਨੂੰ 2-0 ਦੇ ਫਰਕ ਨਾਲ ਹਰਾ ਕੇ ਅਗਲੇ ਰਾਊਂਡ ਵਿਚ ਦਾਖਿਲਾ ਹਾਸਲ ਕੀਤਾ। ਇਸ ਮੌਕੇ ਪਰਮਜੀਤ ਸਿੰਘ ਬੈਂਸ, ਇਕਬਾਲ ਸਿੰਘ ਖੇੜਾ, ਰਣਜੀਤ ਕੌਰ ਬੈਂਸ, ਗੁਰਦਿਆਲ ਸਿੰਘ, ਜੈਲਦਾਰ ਦਵਿੰਦਰ ਸਿੰਘ, ਰਾਮ ਸਰੂਪ ਖਡਿਆਲਾ ਸੈਣੀਆਂ, ਗੁਰਮਿੰਦਰ ਕੈਂਡੋਵਾਲ,ਗੁਰਦਿਆਲ ਸਿੰਘ ਬੈਂਸ, ਤਲਵਿੰਦਰ ਹੀਰ, ਅਸ਼ੋਕ ਕੁਮਾਰ, ਪ੍ਰੋ ਰਾਜ ਕੁਮਾਰ ਆਦਿ ਸਮੇਤ ਵੱਖ ਵੱਖ ਕਾਲਜਾਂ ਤੋਂ ਪੁੱਜੇ ਕੋਚ, ਖਿਡਾਰੀ ਅਤੇ ਸਥਾਨਕ ਫੁੱਟਬਾਲ ਪ੍ਰੇਮੀ ਹਾਜ਼ਰ ਸਨ।

# ਵਿਸ਼ੇਸ਼ ਸਰਸਰੀ ਸੁਧਾਈ ਵੋਟਰ ਸੂਚੀਆਂ ਦਾ ਬੂਥ 33 ਤੇ 34 ਦਾ ਪ੍ਰਕਾਸ਼ਨ



**ਜਲੰਧਰ (ਰਾਜੇਸ਼ ਥਾਪਾ)** ਭਾਰਤੀ ਚੋਣ ਕਮਿਸਨ ਤੇ ਪੰਜਾਬ ਚੋਣ ਕਮਿਸਨ ਅਤੇ ਜਿਲ੍ਹਾ ਜਲੰਧਰ ਦੇ ਚੋਣ ਅਧਿਕਾਰੀ ਤੇ ਵਿਧਾਨ ਸਭਾ ਜਲੰਧਰ 034 ਪੱਛਮੀ ਦੇ ਸਹਾਇਕ ਆਰ ਓ ਡਾਕਟਰ ਦਿਨੇਸ਼ ਕੁਮਾਰ ਅਤੇ ਸੈਕਟਰ ਅਫਸਰ ਪਰਮਜੀਤ ਸਿੰਘ ਦੀਆਂ ਹਦਾਇਤਾਂ ਮੁਤਾਬਕ ਮਿਤੀ 01-01-2024 ਵਿਸੇਸ ਸਰਸਰੀ ਵੋਟਰ ਸੂਚੀ ਦਾ ਪ੍ਰਕਾਸਨ ਕੀਤਾ ਗਿਆ। ਬੂਥ ਨੰਬਰ 33 ਅਤੇ 34 ਦੇ ਬੀ ਐਲ ਓ ਗਣੇਸ਼ ਭਗਤ ਅਤੇ ਵਰਿੰਦਰ ਸ਼ਰਮਾ ਨੇ ਜੰਜ ਘਰ ਨਜਦੀਕ ਗੁਰੂ ਦੁਆਰਾ ਸਿੰਘ ਸਭਾ ਮਾਡਲ ਹਾਊਸ ਵਿਖੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਅਤੇ ਵੋਟਰਾ ਦੀ ਹਾਜਰੀ ਵਿੱਚ ਵੋਟਰ ਸੂਚੀ ਦਾ ਪ੍ਰਕਾਸਨ ਕੀਤਾ ਗਿਆ। ਇਸ ਮੌਕੇ ਬੀ ਐਲ ਓ ਗਣੇਸ ਭਗਤ ਅਤੇ ਵਰਿੰਦਰ ਸ਼ਰਮਾ ਨੇ ਦੱਸਿਆ ਮਿਤੀ 01-01-2024 ਤੇ ਅਧਾਰਿਤ ਮੁੱਢਲੀ ਪ੍ਰਕਾਸਨਾ ਦੀ ਮਿਤੀ 27-10-2023 ਨੂੰ ਕਰ ਦਿੱਤੀ ਗਈ ਹੈ। ਚੋਣ ਕਮਿਸਨ ਦੀਆਂ ਹਦਾਇਤਾਂ ਮੁਤਾਬਕ ਮਿਤੀ 4-11-2023 ਅਤੇ 5-11-2023 ਨੂੰ ਵਿਸੇਸ ਕੈਂਪ ਸਵੇਰੇ 10 ਤੋਂ ਸਾਮ 5 ਵਜੇ ਤੱਕ ਲਗਾਏ ਜਾ ਰਹੇ ਹਨ। ਜਿਹੜੇ ਵੋਟਰ 1-1-2024 ਤੱਕ ਦੀ ਉਮਰ ਵਾਲੇ ਨਵੇਂ ਵੋਟਰ ਜਾਂ ਜੇਕਰ ਕੋਈ ਵੋਟਰ ਵੋਟ ਬਣਾਉਣ ਤੋਂ ਰਹਿ ਗਿਆ ਉਹ ਫਾਰਮ ਨੰਬਰ 6 ਅਤੇ ਜੇਕਰ ਕੋਈ ਵੋਟ ਕਟਵਾਉਣ ਲਈ ਫਾਰਮ ਨੰਬਰ 7 ਅਤੇ ਸੋਧ ਕਰਵਾਉਣ ਲਈ ਫਾਰਮ ਨੰਬਰ 8 ਭਰਕੇ ਆਪਣੀ ਸੋਧ ਕਰਵਾ ਸਕਦਾ ਹੈ ਅਤੇ 8ਏ ਫਾਰਮ ਆਪਣੀ ਵੋਟ ਨੂੰ ਹੋਰ ਬੂਥ ਵਿੱਚ ਸ਼ਿਫਟ ਕਰਵਾਉਣ ਲਈ ਭਰਕੇ ਦੇ ਸਕਦਾ ਹੈ। ਇਸ ਲਈ ਵੋਟਰ ਨੂੰ ਆਪਣੇ ਲੋੜੀਂਦੇ ਦਸਤਾਵੇਜ ਲੈ ਕੇ ਆਉਣੇ ਪੈਣ ਗਏ। ਇਸ ਮੌਕੇ ਤੇ ਆਮ ਪਾਰਟੀ ਦੇ ਨੇਤਾ ਸੁਰਿੰਦਰ ਸ਼ਿਦਾ, ਅਮਰੀਕ ਸਿੰਘ ਮੀਕਾ, ਨਰੇਸ਼ ਸਿੰਗਲਾ, ਕਮਲਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ ਵੱਲੋਂ, ਅਤੇ ਸੂਰਜ ਕੁਮਾਰ, ਰਾਮੇਸ਼ ਹੈਰੀ, ਬੋਧ ਰਾਮ, ਹਾਜ਼ਰ ਸਨ।

# ਪੰਜਾਬੀ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਇਆ ਜਾਵੇ : ਰਾਏਕੋਟੀ

**ਬਹਿਰਾਮ (ਅਵਤਾਰ ਕਲੇਰ)**-ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਸਨਮਾਨ ਦੇਣ ਦੇ ਹੱਕ ਵਿੱਚ ਰਾਏਕੋਟ ਤੋਂ ਸ਼ੁਰੂ ਹੋਈ ਪੈਦਲ ਯਾਤਰਾ ਖਟਕੜ ਕਲਾਂ ਪੁੱਜੀ। ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਬੈਨਰ ਹੇਠ ਇਸ ਮਿਸ਼ਨ ਤਹਿਤ ਯਾਤਰੀਆਂ ਨੇ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਵਜੋਂ ਅਮਲੀ ਰੂਪ ਦਿੱਤੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ। ਸਭਾ ਦੇ ਕੌਮੀ ਪ੍ਰਧਾਨ ਲੈਕਚਰਾਰ ਬਲਵੀਰ ਕੌਰ ਰਾਏਕੋਟੀ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੇ ਹਿੱਤ ਪੂਰਨ ਰੂਪ ਵਿੱਚ ਸੁਰੱਖਿਅਤ ਕਰਨ ਲਈ ਇਸ ਨੂੰ ਸੂਬੇ ਅੰਦਰ ਰੁਜ਼ਗਾਰ ਦੀ ਭਾਸ਼ਾ ਬਣਾਏ ਜਾਣ ਦੀ ਲੋੜ ਹੈ। ਉਹਨਾਂ ਕਿਹਾ ਕਿ ਪੰਜਾਬ ਅੰਦਰ ਉੱਚ ਪੱਧਰੀ ਵਿੱਦਿਆ ਦਾ ਮਾਧਿਆਮ ਵੀ ਅਜੇ ਤੱਕ ਪੰਜਾਬੀ ਨਾ ਹੋਣਾ ਵੀ ਮੰਦਭਾਗਾ ਹੈ। ਇਹ ਯਾਤਰਾ ਦੇ ਨੁਮਾਇੰਦਿਆਂ ਵਲੋਂ ਖਟਕੜ ਕਲਾਂ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਯਾਦਗਾਰ 'ਤੇ ਨਮਨ ਕੀਤਾ ਗਿਆ ਅਤੇ ਉਹਨਾਂ ਦੇ ਜੱਦੀ ਘਰ ਵਿਖੇ ਪੁੱਜ ਕੇ ਵੀ ਪੰਜਾਬੀ ਭਾਸ਼ਾ ਦੇ ਹੱਕ 'ਚ ਸਮੂਹਿਕ ਲਹਿਰ ਸਿਰਜਨ ਦੀ ਅਪੀਲ ਕੀਤੀ ਗਈ।

ਉਸ ਤੋਂ ਬਾਅਦ ਇਹ ਕਾਫ਼ਲਾ ਬੰਗਾ ਪੁੱਜਾ ਜਿੱਥੇ ਵੀ ਉਕਤ ਮਿਸ਼ਨ ਲਈ ਪੰਜਾਬ ਸਰਕਾਰ ਨੂੰ ਬਣਦੇ ਫ਼ਰਜ ਨਿਭਾਉਣ ਲਈ ਜਾਗਣ ਦਾ ਹੋਕਾ ਦਿੱਤਾ ਗਿਆ। ਇਸ ਕਾਫ਼ਲੇ ਦਾ ਸਵਾਗਤ ਕਰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਨੇ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਕੈਨੇਡਾ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਵਿੱਚ ਪੰਜਾਬੀ ਭਾਸ਼ਾ ਲਈ ਸ਼ਲਾਘਾਯੋਗ ਯਤਨ ਕਰ ਰਹੀ ਹੈ। ਯਾਤਰਾ ਵਿੱਚ ਸ਼ਾਮਲ ਮੈਂਬਰਾਂ ਨੇ ਇਸ ਯਾਤਰਾ ਵਿੱਚ ਸੁਰਜੀਤ ਸਿੰਘ ਦੋਧਰ, ਗੁਰਜੰਟ ਸਿੰਘ, ਮੈਡਮ ਰਵੀ ਦੇਵਗਨ, ਜ਼ਿਲ੍ਹਾ ਪ੍ਰਧਾਨ ਮਲੇਰਕੋਟਲਾ ਮਹਿਮੂਦ ਥਿੰਦ, ਹਰਫੂਲ ਸਿੰਘ, ਪਰਮਜੀਤ ਸਿੰਘ ਐਡਵੋਕੇਟ, ਮੈਡਮ ਬਲਜਿੰਦਰ ਕੌਰ ਕਲਸੀ, ਕੁਲਦੀਪ ਸਿੰਘ ਖਾਲਸਾ, ਸਾਹਿਬਾ ਜੀਟਨ ਕੌਰ, ਸੋਨੀਆ ਭਾਰਤੀ, ਸੰਦੀਪ ਕੌਰ ਚੀਮਾ, ਇਵਨੀਤ ਕੌਰ, ਹਰਮਨਪ੍ਰੀਤ ਕੌਰ, ਸੰਦੀਪ ਸੁਮਨ, ਬਿਲਾਸ ਸ਼ਰਮਾ ਆਦਿ ਸ਼ਾਮਲ ਸਨ।




# ਪੀ ਟੀ ਐੱਮ ਆਰੀਆ ਕਾਲਜ 'ਚ 'ਮੇਰੀ ਮਾਟੀ ਮੇਰਾ ਦੇਸ਼' ਮੁਹਿੰਮ ਤਹਿਤ ਕਲਸ਼ ਪ੍ਰੋਗਰਾਮ




**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**-ਸਥਾਨ ਪੀ. ਟੀ. ਐੱਮ ਆਰੀਆ ਕਾਲਜ ਨੂਰਮਹਿਲ ਵਿੱਚ ਕਾਲਜ ਦੇ ਡਾਇਰੈਕਟਰ ਪ੍ਰੋ. ਆਰ. ਕੇ ਜੈਨ ਦੀ ਅਗਵਾਈ ਹੇਠ ਐੱਨ. ਐੱਸ. ਐੱਸ ਵਿਭਾਗ ਦੇ ਪ੍ਰੋਗਰਾਮ ਅਫਸਰ ਪੋ. ਬਬੀਤਾ ਰਾਣੀ, ਪੋ. ਅਮਨਦੀਪ ਕੌਰ, ਪੋ. ਮਰਜੀਨਾ ਲਾਖਾ ਵਲੋਂ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਲਜ ਕੈਂਪਸ 'ਚ ਪਵਿੱਤਰ ਕਲਸ਼ ਦਾ ਪ੍ਰੋਗਰਾਮ ਕੀਤਾ ਗਿਆ। ਜਿਸ ਵਿੱਚ ਕਲਸ਼ ਚ ਮਿੱਟੀ ਅਰਪਿਤ ਕਰਨ ਦੀ ਰਸਮ ਮੁੱਖ ਮਹਿਮਾਨ ਸ਼ੀ ਮਤੀ ਕਮਲੇਸ਼ ਕੁੰਦੀ ਵਲੋਂ ਕੀਤੀ ਗਈ। ਇਸ ਤੋਂ ਬਾਅਦ ਪੋ. ਆਰ. ਕੇ. ਜੈਨ ਤੇ ਸਮੂਹ ਅਧਿਆਪਕ ਤੇ ਵਿਦਿਆਰਥੀਆਂ ਨੇ ਪਵਿੱਤਰ ਕਲਸ਼ 'ਚ ਮਿੱਟੀ ਅਰਪਿਤ ਕੀਤੀ। ਕਾਲਜ ਦੇ ਡਾਇਰੈਕਟਰ ਪ੍ਰੋ. ਆਰ. ਕੇ. ਜੈਨ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸਾਨੂੰ ਆਪਣੇ ਦੇਸ ਦੀ ਮਿੱਟੀ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਸਾਨੂੰ ਆਪਣੇ ਦੇਸ ਦੀ ਵਿਰਾਸਤ ਨੂੰ ਸਾਂਭ ਕੇ ਰੱਖਣਾ ਚਾਹੀਦਾ ਹੈ। ਕਾਲਜ ਦੇ ਵਿਦਿਆਰਥੀ ਆਪਣੇ ਪਿੰਡਾਂ ਤੇ ਸ਼ਹਿਰਾਂ ਤੋਂ ਮਿੱਟੀ ਤੇ ਚੌਲ ਲਿਆਂਦੇ ਤੇ ਜਿਨ੍ਹਾਂ ਨੂੰ ਕਲਸ਼ ਚ ਪਾ ਕੇ ਸਹੁੰ ਚੁੱਕੀ ਕਿ ਉਹ ਹਮੇਸ਼ਾ ਆਪਣੇ ਦੇਸ਼ ਲਈ ਸ਼ਹੀਦ ਵੀਰਾਂ ਤੇ ਵੀਰਾਂਗਣਾਂ ਨੂੰ ਯਾਦ ਰੱਖਣਗੇ ਤੇ ਆਪਣੇ ਦੇਸ਼ ਦੀ ਸੇਵਾ ਕਰਨਗੇ।ਇਸ ਮੌਕੇ ਸਮੂਹ ਵਿਦਿਆਰਥੀ ਅਤੇ ਅਧਿਆਪਕ ਹਾਜਰ ਸਨ।

# ਸ਼੍ਰੋਮਣੀ ਕਮੇਟੀ ਵੋਟਰ ਸੂਚੀ 'ਚ ਨਾਂਅ ਦਰਜ ਕਰਵਾਉਣ ਲਈ ਕਮਰਾ ਨੰਬਰ ਇਕ 'ਚ ਪੁੱਜੋ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਨਿਗਮ ਇੰਜਨੀਅਰ-ਕਮ-ਨੋਡਲ ਅਫਸਰ (ਸ੍ਰੋਮਣੀ ਕਮੇਟੀ) ਨਗਰ ਨਿਗਮ ਕੁਲਦੀਪ ਸਿੰਘ ਨੇ ਦੱਸਿਆ ਕਿ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਵੋਟਰ ਸੂਚੀਆਂ ਤਿਆਰ ਕਰਨ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਵੋਟਰ ਸੂਚੀ ਵਿਚ ਆਪਣਾ ਨਾਂਅ ਦਰਜ ਕਰਵਾਉਣ ਲਈ ਯੋਗ ਬਿਨੈਕਾਰਾਂ ਤੋਂ ਫਾਰਮ ਪ੍ਰਾਪਤ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਕੰਮ ਲਈ ਨਗਰ ਨਿਗਮ ਹੁਸ਼ਿਆਰਪੁਰ ਦੇ ਕਮਰਾ ਨੰਬਰ 1 ਵਿਚ ਸੈੱਲ ਬਣਾ ਕੇ ਕੁਝ ਫਾਰਮ ਉਪਲਬੱਧ ਕਰਵਾਏ ਗਏ ਹਨ ਅਤੇ ਫਾਰਮ ਇਕੱਤਰ ਕਰਨ ਲਈ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕੋਈ ਵੀ ਯੋਗ ਬਿਨੈਕਾਰ ਇਸ ਸੈੱਲ ਤੋਂ ਫਾਰਮ ਪ੍ਰਾਪਤ ਕਰਕੇ ਆਪਣੀ ਵੋਟ ਬਣਾਉਣ ਅਤੇ ਵੋਟ ਦੀ ਸੋਧ ਕਰਵਾਉਣ ਲਈ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਦਫਤਰ ਦੇ ਕੰਮਕਾਜ ਦੇ ਸਮੇਂ ਦੌਰਾਨ ਆਪਣੀ ਅਰਜੀ ਦਸਤਾਵੇਜਾਂ ਸਮੇਤ ਨਗਰ ਨਿਗਮ ਦਫਤਰ ਵਿਖੇ ਜਮ੍ਹਾ ਕਰਵਾ ਸਕਦਾ ਹੈ।

# ਇਨੋਸੈਂਟ ਹਾਰਟਸ ਸਕੂਲ ਦੀ ਆਕ੍ਰਿਤੀ ਨੂੰ ਸਕੇਟਿੰਗ ਤੇ ਤੀਰਅੰਦਾਜ਼ੀ 'ਚ ਸੋਨ ਤਮਗਾ



**ਜਲੰਧਰ (ਸ਼ੈਲੀ ਐਲਬਰਟ)**:-ਇੰਨੋਸੈਂਟ ਹਾਰਟਸ, ਗ੍ਰੀਨ ਮਾਡਲ ਟਾਊਨ ਦੀ ਛੇਵੀਂ ਜਮਾਤ ਦੀ ਵਿਦਿਆਰਥਣ ਆਕ੍ਰਿਤੀ ਨੇ 300 ਮੀਟਰ ਰੇਸ ਇਨਲਾਈਨ ਸਕੇਟਿੰਗ ਵਿੱਚ ਸੋਨੇ ਦਾ ਤਗਮਾ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਹ ਮੁਕਾਬਲਾ ਸੀ.ਬੀ.ਐਸ ਈ. ਦੁਆਰਾ ਨਾਰਥ ਜੋਨ-2 ਮੁਹਾਲੀ ਵਿੱਚ ਹੋਇਆ। ਆਕ੍ਰਿਤੀ ਨੇ ਇਸ ਮੁਕਾਬਲੇ ਵਿੱਚ ਨੈਸ਼ਨਲ ਪੱਧਰੀ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਆਪਣੀ ਥਾਂ ਬਣਾਈ ਹੈ। ਇਸ ਦੇ ਨਾਲ ਹੀ ਆਕ੍ਰਿਤੀ ਨੇ ਅਬੋਹਰ ਵਿਖੇ ਹੋਈਆਂ ਪੰਜਾਬ ਸਕੂਲ ਖੇਡਾਂ ਵਿੱਚ ਅੰਡਰ-14 ਜਲੰਧਰ ਦੀ ਟੀਮ ਵਿੱਚ ਤੀਰਅੰਦਾਜੀ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਅਤੇ ਉਸ ਨੂੰ ਰਾਸ਼ਟਰੀ ਪੱਧਰ ਲਈ ਚੁਣਿਆ ਗਿਆ। ਇਹ ਮੁਕਾਬਲਾ ਗਾਂਧੀਨਗਰ ਗੁਜਰਾਤ ਵਿੱਚ ਹੋਵੇਗਾ। ਆਕ੍ਰਿਤੀ ਇੱਕ ਹੁਸ਼ਿਆਰ ਵਿਦਿਆਰਥਣ ਹੈ ਜੋ ਨਾ ਸਿਰਫ ਖੇਡਾਂ ਦੇ ਖੇਤਰ ਵਿੱਚ ਅੱਗੇ ਰਹੀ ਹੈ ਸਗੋਂ ਪੜ੍ਹਾਈ ਵਿੱਚ ਵੀ ਅੱਵਲ ਰਹੀ ਹੈ। ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ: ਅਨੂਪ ਬੌਰੀ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਆਕ੍ਰਿਤੀ ਸਾਡੇ ਸਕੂਲ ਦੀ ਵਿਦਿਆਰਥਣ ਹੈ। ਉਨ੍ਹਾਂ ਆਕ੍ਰਿਤੀ ਦੇ ਮਾਪਿਆਂ ਨੂੰ ਵਧਾਈ ਦਿੱਤੀ।

ਸਕੂਲ ਦੇ ਪ੍ਰਿੰਸੀਪਲ ਰਾਜੀਵ ਪਾਲੀਵਾਲ, ਐਚ.ਓ.ਡੀ ਸਪੋਰਟਸ ਅਨਿਲ ਕੁਮਾਰ ਅਤੇ ਡਿਪਟੀ ਡਾਇਰੈਕਟਰ ਕਲਚਰਲ ਅਫੇਅਰਸ ਸ੍ਰੀਮਤੀ ਸ਼ਰਮੀਲਾ ਨਾਕਰਾ ਨੇ ਆਕ੍ਰਿਤੀ ਦੀ ਸ਼ਲਾਘਾ ਕੀਤੀ।

# ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਮੌਕੇ ਸ਼ੋਭਾ ਯਾਤਰਾ



**ਬਲਾਚੌਰ/ਕਾਠਗੜ੍ਹ (ਸੁਭਾਸ਼ ਭਾਟੀਆ)** ਕਸਬਾ ਕਾਠਗੜ੍ਹ ਵਿਖੇ ਮਹਾਰਿਸ਼ੀ ਭਗਵਾਨ ਵਾਲਮੀਕਿ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਸਮੂਹ ਸੰਗਤਾਂ ਵੱਲੋਂ ਵਿਸਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ। ਡੇਰਾ ਬਾਬਾ ਟਿੱਬੀ ਸਾਹਿਬ ਕਾਠਗੜ੍ਹ ਦੇ ਮੁਖੀ ਬਾਬਾ ਸਖੀ ਰਾਮ ਜੀ ਦੀ ਰਹਿਨੁਮਾਈ ਅਤੇ ਮੁੱਖ ਸੇਵਾਦਾਰ ਸਾਈਂ ਕਾਲੇ ਸਾਹ ਦੀ ਅਗਵਾਈ 'ਚ ਭਗਵਾਨ ਵਾਲਮੀਕਿ ਮੰਦਰ ਕਾਠਗੜ੍ਹ ਤੋਂ ਸ਼ੁਰੂ ਕੀਤੀ ਗਈ ਇਸ ਸੋਭਾ ਯਾਤਰਾ ਵਿੱਚ ਸੁੰਦਰ ਝਾਕੀਆਂ ਸਜਾਈਆਂ ਗਈਆਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਪਾਲਕੀ ਸਾਹਿਬ ਦੇ ਪਿੱਛੇ ਪਿੱਛੇ ਚਲਦੀਆਂ ਹੋਈਆਂ ਭਗਵਾਨ ਵਾਲਮੀਕਿ ਜੀ ਦੀ ਮਹਿਮਾ ਦੇ ਭਜਨ ਗਾ ਰਹੀਆਂ ਸਨ। ਕਾਠਗੜ੍ਹ ਦੇ ਸਾਬਕਾ ਸਰਪੰਚ ਜੋਗਿੰਦਰ ਪਾਲ ਦੱਤ, ਸਾਬਕਾ ਸਰਪੰਚ ਸੁਭਾਸ ਆਨੰਦ, ਨੰਬਰਦਾਰ ਅਵਤਾਰ ਸਿੰਘ ਬਾਜਵਾ ਆਦਿ ਵੱਲੋਂ ਇਸ ਸ਼ੋਭਾ ਯਾਤਰਾ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਸਾਈਂ ਕਾਲੇ ਸ਼ਾਹ ਵੱਲੋਂ ਅਹਿਮ ਸਖਸੀਅਤਾਂ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਸ਼ੋਭਾ ਯਾਤਰਾ ਵਿੱਚ ਸ੍ਰੀ ਗੁਰੂ ਰਵਿਦਾਸ ਸੈਨਾ ਦੇ ਸੂਬਾ ਪ੍ਰਧਾਨ ਦਿਲਬਰ ਸਿੰਘ, ਸੁੱਖਾ ਬਾਉਂਸਰ, ਰਾਜਿੰਦਰ ਕੁਮਾਰ ਲੱਕੀ, ਸ਼ਿੰਦੀ ਠੇਕੇਦਾਰ, ਸਾਂਗਰਾ ਪੇਂਟਰ, ਮਾ. ਪ੍ਰੀਤਮ ਦਾਸ, ਦੀਪਕ ਸਾਬਕਾ ਪੰਚ, ਰਾਮ ਕੁਮਾਰ, ਪਵਨ ਕੁਮਾਰ, ਧਰਮਿੰਦਰ ਕੁਮਾਰ, ਰਮਨ ਕੁਮਾਰ ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਸਨ।

# ਭਗਵਾਨ ਵਾਲਮੀਕਿ ਚੌਕ ਦਾ ਕੀਤਾ ਨਵੀਨੀਕਰਨ



**ਫਿਲੌਰ, ( ਨਿਰਮਲ )** ਫਿਲੌਰ ਦੇ ਵਾਰਡ ਨੰਬਰ 3 ਵਿੱਚ ਭਗਵਾਨ ਵਾਲਮੀਕੀ ਚੌਂਕ ਦਾ ਨਵੀਨੀਕਰਨ ਕੀਤਾ ਗਿਆ । ਉਸ ਦਾ ਉਦਘਾਟਨ ਭਗਵਾਨ ਵਾਲਮੀਕਿ ਪ੍ਰਬੰਧਕ ਕਮੇਟੀ ਮੁਹੱਲਾ ਭੰਡੇਰਾ ਦੇ ਸਮੂਹ ਮੈਂਬਰਾਂ ਵਲੋਂ ਕੀਤਾ ਗਿਆ । ਇਸ ਚੌਂਕ ਨੂੰ ਬਣਾਉਣ ਲਈ 3 ਲੱਖ ਦੀ ਲਾਗਤ ਆਈ ਹੈ। ਇਸ ਮੌਕੇ ਸੁਰਿੰਦਰ ਡਾਬਰ ,ਰਮਨ ਹੰਸ ,ਸੰਮੀ ਤੇਜੀ, ਗਗਨ ਸੰਬਰਵਾਲ , ਰਿੰਕੀ ਹੰਸ ,ਹਨੀ ਕਲਿਆਣ, ਪੱਪੂ ਤੇਜੀ ,ਕੂਕੀ ,ਰੱਜਤ, ਸਿਵਾ,ਕੌਂਸਲਰ ਡਾ: ਵੈਭਵ ਸ਼ਰਮਾ, ਕੌਂਸਲਰ ਜਸਪਾਲ ਪਾਲ ਗਿੰਡਾ, ਕੌਂਸਲਰ ਸ਼ੰਕਰ ਸੰਧੂ , ਕੌਂਸਲਰ ਸੁਰਿੰਦਰ ਕੈਂਥ, ਲਖਵਿੰਦਰ ਲੱਖੂ , ਕੌਂਸਲਰ ਰਾਏ ਵਰਿੰਦਰ , ਸੋਨੂੰ ਪੰਮਾ ਅਤੇ ਹੋਰ ਹਾਜਰ ਸਨ।

# ਨਹੀਂ ਰਹੇ ਸੰਤ ਸੁਖਦੇਵ ਸਿੰਘ ਖੋਜਕੀਪੁਰ ਵਾਲੇ



**ਆਦਮਪੁਰ (ਪਰਮਜੀਤ ਸਿੰਘ)**:- ਸਾਂਝੀਵਾਲਤਾ ਦੇ ਪ੍ਰਤੀਕ, ਮਨੁੱਖਤਾ ਨੂੰ ਸਮਰਪਿਤ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਵਾਲੀ ਧਾਰਮਿਕ ਸਖਸ਼ੀਅਤ ਸੰਤ ਸੁਖਦੇਵ ਸਿੰਘ ਖੋਜਕੀਪੁਰ (68) ਸੰਖੇਪ ਬਿਮਾਰੀ ਦੇ ਚਲਦਿਆਂ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗੁਰੂ ਚਰਨਾਂ 'ਚ ਜਾ ਬਿਰਾਜੇ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਧਾਰਮਿਕ ਗੀਤਾਂ ਰਿਵਾਜਾਂ ਦੇ ਨਾਲ ਉਨ੍ਹਾਂ ਦੇ ਜੱਦੀ ਪਿੰਡ ਖੋਜਕੀਪੁਰ (ਆਦਮਪੁਰ) ਵਿਖੇ ਦੁਪਹਿਰ 2 ਵਜੇ ਕੀਤਾ ਗਿਆ। ਸ਼੍ਰੀ ਗੁਰੂ ਰਵਿਦਾਸ ਤਪ ਅਸਥਾਨ ਸ੍ਰੀ ਖੁਲਾੜ ਗੜ੍ਹ ਸਾਹਿਬ ਪ੍ਰਬੰਧਕ ਮੈਂਬਰ, ਡੇਰਾ ਸੰਤ ਬਾਬਾ ਸਤਪਾਲ ਸਿੰਘ ਸਾਹਰੀ ਅਤੇ ਕਾਰਸੇਵਾ ਧੁਲਕੋਟ ਤੋਂ ਸੰਤ ਮਹਾਂਪੁਰਸ਼ਾਂ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤ ਗਏ। ਇਸ ਮੌਕੇ ਇਲਾਕੇ ਦੀਆਂ ਸਮੁੱਚੀਆਂ ਸ਼ਖਸੀਅਤਾਂ ਪਰਵਾਰ ਸਮੇਤ ਪਿੰਡ ਵਾਸੀ ਹਾਜਰ ਹੋਏ ।

# ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹੈ ਭਗਵਾਨ ਵਾਲਮੀਕਿ ਦਾ ਜਨਮ ਦਿਵਸ



**ਕਰਤਾਰਪੁਰ (ਹਰਮੇਸ਼ ਦੱਤ)** ਭਗਵਾਨ ਵਾਲਮੀਕਿ ਜੀ ਦਾ ਜਨਮ ਦਿਵਸ 28 ਅਕਤੂਬਰ ਕਰਤਾਰਪੁਰ ਵਿੱਚ ਬਹੁਤ ਹੀ ਧੂਮ ਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ । ਇੱਕ ਦਿਨ ਪਹਿਲਾਂ ਧਾਰਮਿਕ,ਸਮਾਜਿਕ ,ਰਾਜਨੀਤਕ ਜੱਥੇਬੰਦੀਆਂ ਦੇ ਸਹਿਯੋਗ ਨਾਲ ਵਿਸ਼ਾਲ ਸੋਭਾ ਯਾਤਰਾ ਕੱਢੀ ਗਈ। ਇਸ ਦੌਰਾਨ ਸ਼ਹਿਰ ਵਿੱਚ ਬੈਨਰ ਸਜਾਵਟੀ ਗੇਟ ਅਤੇ ਜਗ੍ਹਾ ਜਗ੍ਹਾ ਲੰਗਰ ਲਗਾਏ ਗਏ ।ਮਾਰਕਿਟ ਕਮੇਟੀ ਦੇ ਸਾਬਕਾ ਚੈਅਰਮੈਨ ਰਾਜ ਕੁਮਾਰ ਅਰੋੜਾ ਨੇ ਸਮੂਹ ਸੰਗਤ, ਇਲਾਕਾ ਨਿਵਾਸੀਆਂ ਅਤੇ ਦੇਸ਼ ਵਾਸੀਆਂ ਨੂੰ ਭਗਵਾਨ ਵਾਲਮੀਕਿ ਜੀ ਦੇ ਜਨਮ ਦਿਵਸ ਦੀਆਂ ਬਹੁਤ ਬਹੁਤ ਵਧਾਈਆਂ ਦਿੱਤੀਆਂ।

